# ਰਵਿਦਾਸੀਆ ਧਰਮ
# ਤੇ
# ਹਰਿ ਦਾ ਨਿਸ਼ਾਨ

ਨਿਸ਼ਾਨ ਸਾਹਿਬ
ਰਵਿਦਾਸੀਆ ਧਰਮ

ਪ੍ਰਕਾਸ਼ਕ—
ਡੇਰਾ ਸੰਤ ਸਰਵਣ ਦਾਸ ਜੀ ਸੱਚਖੰਡ ਬੱਲਾਂ
ਜ਼ਿਲ੍ਹਾ ਜਲੰਧਰ



# ਰਵਿਦਾਸੀਆ ਧਰਮ
# ਤੇ
# ਹਰਿ ਦਾ ਨਿਸ਼ਾਨ

## ਸਮਰਪਣ

ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ
ਗੰਗਾ ਘਾਟ 'ਤੇ ਪੱਥਰ ਤੈਰਾਏ ਇਤਿਹਾਸਕ
ਵਿਸਾਖੀ ਪੁਰਬ ਨੂੰ

*ਪ੍ਰਕਾਸ਼ਕ*—ਡੇਰਾ ਸੰਤ ਸਰਵਣ ਦਾਸ ਜੀ ਸੱਚਖੰਡ ਬੱਲਾਂ
ਜ਼ਿਲ੍ਹਾ ਜਲੰਧਰ

ਇਹ ਪੁਸਤਕ ਛਾਪਣ ਦੀ ਸੇਵਾ ਸ੍ਰੀ ਬਲਜਿੰਦਰ ਭੱਟੀ,
ਸ੍ਰੀ ਸਤਿੰਦਰ ਜੱਖੂ ਅਤੇ ਸ੍ਰੀ ਵਰਿੰਦਰ ਬੰਗੜ ਵੈਨਕੂਵਰ ਕਨੇਡਾ ਵਾਲਿਆਂ
ਵਲੋਂ ਕੀਤੀ ਗਈ।

*ਲੇਖਕ*—ਰਾਜੇਸ਼ ਕੈਂਥ ਭਬਿਆਣਵੀ
ਪਿੰਡ ਤੇ ਡਾ. ਭਬਿਆਣਾ ਜ਼ਿਲ੍ਹਾ ਕਪੂਰਥਲਾ

2011, ਪਹਿਲੀ ਵਾਰ—1000
2012, ਦੂਜੀ ਵਾਰ—5000

ਭੇਂਟ 25 ਰੁਪਏ

ਛਾਪਕ-ਰਵਿ ਪ੍ਰਕਾਸ਼ ਪ੍ਰਿੰਟਿੰਗ ਪ੍ਰੈਸ
ਮੁਹੱਲਾ ਸੁੰਦਰ ਨਗਰ, ਜਲੰਧਰ ਫੋਨ-0181-2611697

# ਰਵਿਦਾਸੀਆ ਧਰਮ ਦੇ ਨਿਯਮ

| | |
|---|---|
| (1) ਸਾਡਾ ਰਹਿਬਰ | : ਸਤਿਗੁਰੂ ਰਵਿਦਾਸ ਮਹਾਰਾਜ ਜੀ |
| (2) ਸਾਡਾ ਧਰਮ | : ਰਵਿਦਾਸੀਆ |
| (3) ਸਾਡੀ ਧਾਰਮਿਕ ਪੁਸਤਕ | : ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ |
| (4) ਸਾਡਾ ਕੌਮੀ ਨਿਸ਼ਾਨ ਸਾਹਿਬ | : |
| (5) ਸਾਡਾ ਸੰਬੋਧਨ | : ਜੈ ਗੁਰਦੇਵ |
| (6) ਸਾਡਾ ਮਹਾਨ ਤੀਰਥ ਅਸਥਾਨ | : ਸ੍ਰੀ ਗੁਰੂ ਰਵਿਦਾਸ ਜਨਮ ਸਥਾਨ ਮੰਦਰ ਸੀਰ ਗੋਵਰਧਨਪੁਰ ਵਾਰਾਣਸੀ (ਯੂ.ਪੀ.) |
| (7) ਸਾਡਾ ਉਦੇਸ਼ | : ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਮਾਨਵਵਾਦੀ ਵਿਚਾਰਧਾਰਾ ਦਾ ਪ੍ਰਚਾਰ। ਇਸ ਦੇ ਨਾਲ-ਨਾਲ ਮਹਾਂਰਿਸ਼ੀ ਭਗਵਾਨ ਬਾਲਮੀਕ ਜੀ, ਸਤਿਗੁਰੂ ਨਾਮਦੇਵ ਜੀ, ਸਤਿਗੁਰੂ ਕਬੀਰ ਜੀ, ਸਤਿਗੁਰੂ ਤ੍ਰਿਲੋਚਨ ਜੀ, ਸਤਿਗੁਰੂ ਸੈਨ ਜੀ ਅਤੇ ਸਤਿਗੁਰੂ ਸਧਨਾ ਜੀ ਦੀ ਮਾਨਵਵਾਦੀ ਵਿਚਾਰਧਾਰਾ ਦਾ ਪ੍ਰਚਾਰ ਕਰਨਾ। |
| | : ਸਾਰੇ ਧਰਮਾਂ ਦਾ ਸਤਿਕਾਰ ਕਰਨਾ, ਮਾਨਵਤਾ ਨਾਲ ਪਿਆਰ ਕਰਨਾ ਅਤੇ ਸਦਾਚਾਰੀ ਜੀਵਨ ਬਤੀਤ ਕਰਨਾ। |



## ਨਿਸ਼ਾਨ ਸਾਹਿਬ
ਰਵਿਦਾਸੀਆ ਧਰਮ

## ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ ਸੰਬੰਧੀ ਮਹੱਤਵਪੂਰਨ ਤੱਥ

- **ਪ੍ਰਕਾਸ਼ ਦਿਹਾੜਾ :**
  ਮਾਘ ਸੁਦੀ ਪੰਦ੍ਰਾਸ 1433 ਵਿਕਰਮੀ ਸੰਮਤ ਸੰਨ 1377 ਈ.।
- **ਜਨਮ ਸਥਾਨ :**
  ਸੀਰ ਗੋਵਰਧਨਪੁਰ, ਬਨਾਰਸ (ਯੂ.ਪੀ.)
- **ਮਾਤਾ ਪਿਤਾ ਜੀ ਦੇ ਨਾਮ :**
  ਪਿਤਾ ਸਤਿਕਾਰਯੋਗ ਸ਼੍ਰੀਮਾਨ ਸੰਤੋਖ ਦਾਸ ਜੀ
  ਮਾਤਾ ਸਤਿਕਾਰਯੋਗ ਸ਼੍ਰੀਮਤੀ ਕਲਸੀ ਦੇਵੀ ਜੀ
- **ਦਾਦਾ ਦਾਦੀ ਜੀ ਦੇ ਨਾਮ :**
  ਦਾਦਾ ਸਤਿਕਾਰਯੋਗ ਸ਼੍ਰੀਮਾਨੀ ਕਾਲੂ ਰਾਮ ਜੀ
  ਦਾਦੀ ਸਤਿਕਾਰਯੋਗ ਸ਼੍ਰੀਮਤੀ ਲੱਖਪਤੀ ਜੀ
- **ਸੁਪਤਨੀ ਅਤੇ ਸਪੁੱਤਰ ਦਾ ਨਾਮ :**
  ਸੁਪਤਨੀ ਸਤਿਕਾਰਯੋਗ ਸ਼੍ਰੀਮਤੀ ਲੋਨਾ ਜੀ
  ਸਪੁੱਤਰ ਸਤਿਕਾਰਯੋਗ ਸ਼੍ਰੀਮਾਨ ਵਿਜੈ ਦਾਸ ਜੀ
- **ਬ੍ਰਹਮਲੀਨ :**
  ਹਾੜ ਦੀ ਸੰਗਰਾਂਦ 1584 ਵਿਕਰਮੀ ਸੰਮਤ (1528 ਈ.) ਬਨਾਰਸ ਵਿਖੇ।

## TRADE MARKS REGISTRY

## REGISTRATION CERTIFICATE

Trade Marks Act 1994 of Great Britain and Northern Ireland

The mark shown below has been registered under No. 2318217 as of the date 09 December 2002.

The mark has been registered in respect of:

Class 35:
Advertising services, provided via the Internet, television and radio; business management, and office functions; public relations services.

Class 41:
Providing educational training, entertainment and cultural activities.

Class 42:
Providing industrial analysis and research services; design and development of computer hardware and software, which includes installation, maintenance and repair of computer software and design, drawing commissioned writing for the compilation of web sites; creating, maintaining and hosting web sites services.

In the name of Sri Guru Ravidass International Organization for Human Rights

**The mark on this certificate was filed in colour and is reproduced here in colour. It has been scanned as accurately as our equipment allows but you should refer to the application form, which is available for public inspection, and any colour standard provided by the applicant to determine the exact colour(s).**

Signed this day at my direction

ALISON BRIMELOW, REGISTRAR
DATE 14 November 2003





# ਤਤਕਰਾ


| ਲੜੀ ਨੰ. | ਵਿਸ਼ਾ | ਪੰਨਾ |
|---|---|---|
| 01. | ਆਸ਼ੀਰਵਾਦ | 8 |
| 02. | ਦੋ ਸ਼ਬਦ | 9 |
| 03. | ਹਰਿ ਦੀ ਅੱਦਭੁਤ ਲੀਲਾ | 12 |
| 04. | ਰਵਿਦਾਸੀਆ ਧਰਮ ਦਾ ਹਰਿ ਦਾ ਕੌਮੀ ਨਿਸ਼ਾਨ | 14 |
| 05. | ਮਹਾਨ ਉਪਰਾਲਾ | 16 |
| 06. | ਲੇਖਕ ਵਲੋਂ | 17 |
| 07. | ਇਤਿਹਾਸ ਡੇਰਾ ਸੱਚਖੰਡ ਬੱਲਾਂ | 18 |
| 08. | ਡੇਰਾ ਸੱਚ ਖੰਡ ਬੱਲਾਂ ਵਲੋਂ ਚਲਾਏ ਜਾ ਰਹੇ ਪ੍ਰੋਜੈਕਟ | 30 |
| 09. | ਨਾਗਰ ਜਨਾ ਮੇਰੀ ਜਾਤਿ ਬਿਖਿਆਤ ਚਮਾਰੰ | 43 |
| 10. | ਰਵਿਦਾਸੀਆ ਧਰਮ ਤੇ "ਹਰਿ" ਦਾ ਨਿਸ਼ਾਨ | 60 |
| 11. | ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ | 62 |
| 12. | "ਰਵਿਦਾਸੀਆ ਧਰਮ" | 65 |
| 13. | "ਹਰਿ ਸੋ ਹੀਰਾ ਛਾਡਿ ਕੇ" | 68 |
| 14. | "ਇਕ ਬੇਨਤੀ ਹਰਿ ਸਿਉ" | 72 |
| 15. | "ਚਲਿ ਮਨ ਹਰਿ ਚਟਸਾਲ ਪੜਾਊ" | 77 |
| 16. | ਸਤਿਗੁਰੂ ਰਵਿਦਾਸ ਜੀ ਦੀ ਅੰਮ੍ਰਿਤਬਾਣੀ ਵਿਚ ਹਰਿ ਦੀ ਮਹਿਮਾ | 81 |
| 17. | "ਸ਼ਾਦੀ ਉਪਦੇਸ਼" ਵਿਚ ਹਰਿ ਦੀ ਮਹਿਮਾ | 88 |
| 18. | ਅੰਮ੍ਰਿਤਬਾਣੀ ਵਿੱਚ ਉਚਾਰਨ ਆਰਤੀ ਵਿਚ "ਹਰਿ" ਦਾ ਮਹੱਤਵ" | 91 |
| 19. | ਮਹਾਂਰਿਸ਼ੀ ਭਗਵਾਨ ਵਾਲਮੀਕਿ ਜੀ ਦੇ ਜੀਵਨ ਵਿਚ 'ਹਰਿ' ਦੀ ਮਹਿਮਾ | 96 |
| 20 | ਹਰਿ ਹਰਿ ਨਾਮ ਜਪਦਿਆ ਕਦੀ ਨਾ ਆਵੇ ਹਾਰ | 97 |
| 21 | ਹਰਿ ਦੁੱਖਾਂ ਦਾ ਨਿਬਾਰਨ | 101 |
| 22 | ਹਰਿ ਸਿਮਰਤ ਜਨ ਗਏ ਨਿਸਤਰਿ ਤਰੈ | 103 |
| 23 | "ਹਰਿ ਸਿਮਰੈ ਸੋਈ ਸੰਤ ਬਿਚਾਰੋ" | 104 |
| 24. | ਡੇਰਾ ਸੱਚਖੰਡ ਬੱਲਾਂ ਵਲੋਂ ਪ੍ਰਕਾਸ਼ਿਤ ਪੁਸਤਕਾਂ | 109 |




# ਆਸ਼ੀਰਵਾਦ

ਜਗਤਗੁਰੂ ਰਵਿਦਾਸ ਮਹਾਰਾਜ ਜੀ ਨੇ ਭੁੱਲੀ ਭਟਕੀ ਮਨੁੱਖਤਾ ਨੂੰ ਸੱਚ ਦਾ ਰਾਹ ਦਿਖਾਇਆ ਅਤੇ ਭਾਈਚਾਰੇ, ਮਾਨਵ ਪ੍ਰੇਮ ਅਤੇ ਪ੍ਰਭੂ ਪ੍ਰੇਮ ਦਾ ਪਾਵਨ ਉਪਦੇਸ਼ ਬਖਸ਼ਿਸ਼ ਕੀਤਾ। ਕੁੱਲ ਲੋਕਾਈ ਦੇ ਭਲੇ ਲਈ ਬੇਗ਼ਮਪੁਰੇ ਦਾ ਸੰਕਲਪ ਦਿੱਤਾ। ਉਹਨਾਂ ਦੀ ਅਧਿਆਤਮਿਕ ਉੱਚਤਾ ਅਤੇ ਮਾਨਵ ਕਲਿਆਣ ਦੇ ਪਾਵਨ ਉਪਦੇਸ਼ਾਂ ਸਦਕਾ ਸਭ ਵਰਗਾਂ ਦੇ ਲੋਕਾਂ ਨੇ ਉਹਨਾਂ ਦੀ ਸ਼ਰਣ ਵਿੱਚ ਆ ਕੇ ਜੀਵਨ ਸਫਲਾ ਕੀਤਾ।

ਸ਼੍ਰੀ ਗੁਰੂ ਰਵਿਦਾਸ ਜਨਮ ਸਥਾਨ ਮੰਦਿਰ ਸੀਰ ਗੋਵਰਧਨਪੁਰ (ਯੂ.ਪੀ.) ਵਿਖੇ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ 633ਵੇਂ ਪ੍ਰਕਾਸ਼ ਦਿਹਾੜੇ 'ਤੇ ਸੰਤ ਸਮਾਜ ਤੇ ਲੱਖਾਂ ਸੰਗਤਾਂ ਦੀ ਹਾਜ਼ਰੀ ਵਿਚ ਰਵਿਦਾਸੀਆ ਧਰਮ ਦਾ ਐਲਾਨ ਹੋਇਆ, ਅੰਮ੍ਰਿਤਬਾਣੀ ਦੇ ਪ੍ਰਕਾਸ਼ ਹੋਏ। 20 ਕਰੋੜ ਤੋਂ ਵੱਧ ਰਵਿਦਾਸੀਆ ਕੌਮ ਨੂੰ ਵਿਸ਼ਵ ਪੱਧਰ 'ਤੇ ਪਹਿਚਾਣ ਮਿਲੀ। ਜਗਤਗੁਰੂ ਰਵਿਦਾਸ ਜੀ ਮਹਾਰਾਜ ਨੇ ਇਸ ਸਦੀ ਦੇ ਸਭ ਤੋਂ ਵੱਡੇ ਚੰਦਰਮਾ ਵਿਚ ਪ੍ਰਗਟ ਹੋ ਕੇ ਸੰਗਤਾਂ ਨੂੰ ਦਰਸ਼ਨ ਦਿੱਤੇ। ਅੱਜ ਤੱਕ ਰਵਿਦਾਸੀਆ ਧਰਮ ਦਾ ਪ੍ਰਚਾਰ-ਪ੍ਰਸਾਰ ਵਿਸ਼ਵ ਪੱਧਰ 'ਤੇ ਹੋ ਚੁੱਕਾ ਹੈ।

ਡੇਰਾ ਸੱਚਖੰਡ ਬੱਲਾਂ ਦੇ ਮਹਾਂਪੁਰਸ਼ਾਂ ਬ੍ਰਹਮਲੀਨ ਸ਼੍ਰੀ 108 ਸੰਤ ਬਾਬਾ ਪਿੱਪਲ ਦਾਸ ਜੀ, ਬ੍ਰਹਮਲੀਨ ਸ਼੍ਰੀ 108 ਸੰਤ ਸਰਵਣ ਦਾਸ ਜੀ, ਬ੍ਰਹਮਲੀਨ ਸ਼੍ਰੀ 108 ਸੰਤ ਹਰੀ ਦਾਸ ਜੀ, ਬ੍ਰਹਮਲੀਨ ਸ਼੍ਰੀ 108 ਸੰਤ ਗਰੀਬ ਦਾਸ ਜੀ ਨੇ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀ ਵਿਚਾਰਧਾਰਾ ਨੂੰ ਵਿਸ਼ਵ ਦੇ ਕੋਨੇ-ਕੋਨੇ ਵਿੱਚ ਪਹੁੰਚਾਇਆ।

ਡੇਰੇ ਵਲੋਂ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀ ਵਿਚਾਰਧਾਰਾ ਦੇ ਪ੍ਰਚਾਰ ਅਤੇ ਪ੍ਰਸਾਰ ਹਿਤ ਅਨੇਕਾਂ ਵੀ. ਸੀ. ਡੀ., ਫਿਲਮਾਂ ਅਤੇ ਪੁਸਤਕਾਂ ਤਿਆਰ ਕਰਕੇ ਸੰਗਤਾਂ ਨੂੰ ਦਿੱਤੀਆਂ। ਰਾਜੇਸ਼ ਕੈਂਥ ਭਵਿਆਣਵੀ ਦੀ ਪੁਸਤਕ "ਰਵਿਦਾਸੀਆ ਧਰਮ ਤੇ ਹਰਿ ਦਾ ਨਿਸ਼ਾਨ" ਵੀ ਇਸ ਕੜੀ ਵਿੱਚ ਆਉਂਦੀ ਹੈ, ਜਿਸ ਵਿੱਚ ਉਸ ਨੇ ਜਗਤਗੁਰੂ ਰਵਿਦਾਸ ਜੀ ਮਹਾਰਾਜ ਦੀ ਅੰਮ੍ਰਿਤਬਾਣੀ ਵਿੱਚ ਹਰਿ ਦੀ ਮਹਿਮਾ ਦਾ ਗੁਣਗਾਨ ਕੀਤਾ ਹੈ ਅਤੇ ਰਵਿਦਾਸੀਆ ਧਰਮ ਦੇ ਨਿਯਮਾਂ ਨੂੰ ਬਿਆਨ ਕੀਤਾ ਹੈ ਸੰਗਤਾਂ ਇਸ ਤੋਂ ਲਾਭ ਉਠਾਉਣਗੀਆਂ। ਜਗਤਗੁਰੂ ਰਵਿਦਾਸ ਜੀ ਮਹਾਰਾਜ ਉਸ ਤੇ ਇਸੇ ਤਰ੍ਹਾਂ ਹੀ ਕਿਰਪਾ ਬਣਾਈ ਰੱਖਣ।

**ਸੰਤ ਨਿਰੰਜਣ ਦਾਸ**
ਚੇਅਰਮੈਨ
ਸ਼੍ਰੀ ਗੁਰੂ ਰਵਿਦਾਸ ਜਨਮ ਅਸਥਾਨ ਪਬਲਿਕ ਚੈਰੀਟੇਬਲ ਟਰੱਸਟ (ਰਜਿ:) ਵਾਰਾਣਸੀ
ਚੇਅਰਮੈਨ, ਅਖਿਲ ਭਾਰਤੀਆ ਰਵਿਦਾਸੀਆ ਧਰਮ ਸੰਗਠਨ ਭਾਰਤ (ਰਜਿ.)
ਗੱਦੀ ਨਸ਼ੀਨ :- ਡੇਰਾ ਸੱਚ ਖੰਡ ਬੱਲਾਂ

# ਦੋ ਸ਼ਬਦ

"ਕਹੇ ਰਵਿਦਾਸ ਭਜ ਹਰਿ ਨਾਮ
ਪ੍ਰਭੂ ਸੋ ਧਿਆਨ ਸਫਲ ਸਭ ਕਾਮ"||

ਧੰਨ- ਧੰਨ ਜਗਤਗੁਰੂ ਰਵਿਦਾਸ ਜੀ ਮਹਾਰਾਜ ਜੀ ਜਿਹਨਾਂ ਨੇ ਇਸ ਸੰਸਾਰ ਵਿੱਚ ਆ ਕੇ ਸਭ ਜੀਵਾਂ ਨੂੰ ਏਕਤਾ, ਭਾਈਚਾਰੇ, ਮਾਨਵ ਪ੍ਰੇਮ, ਸੰਤਾਂ ਦੀ ਸੰਗਤ ਕਰਨ ਦਾ ਅਤੇ ਹਰਿ ਦਾ ਸਿਮਰਨ ਕਰਨ ਦਾ ਪਾਵਨ ਉਪਦੇਸ਼ ਬਖਸ਼ਿਸ਼ ਕੀਤਾ। ਜਿੱਥੇ ਜਗਤਗੁਰੂ ਰਵਿਦਾਸ ਮਹਾਰਾਜ ਜੀ ਨੇ ਸਦੀਆਂ ਤੋਂ ਪੀੜਤ ਸਮਾਜ ਵਿੱਚ ਆ ਕੇ ਇਸ ਦੇ ਸਾਰੇ ਬੰਧਨ ਕੱਟੇ ਉੱਥੇ ਨਾਲ ਹੀ ਮਾਨਵ ਵਿਰੋਧੀਆਂ ਨੂੰ ਸਤਿ ਉਪਦੇਸ਼ ਬਖਸ਼ਿਸ਼ ਕਰਕੇ:-

ਸਤਿਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ||

ਦੇ ਉਪਦੇਸ਼ ਰਾਹੀਂ ਵਿਸ਼ਵ ਭਾਈਚਾਰੇ ਦਾ ਪਾਵਨ ਉਪਦੇਸ਼ ਦਿੱਤਾ ਅਤੇ ਪੂਰੇ ਵਿਸ਼ਵ ਨੂੰ ਬੇਗਮਪੁਰਾ ਵਤਨ ਬਣਾਉਣ ਦਾ ਸੰਕਲਪ ਦਿੱਤਾ। ਐਸੇ ਮਹਾਨ ਕ੍ਰਾਂਤੀਕਾਰੀ ਜਗਤਗੁਰੂ ਰਵਿਦਾਸ ਮਹਾਰਾਜ ਜੀ ਦਾ ਆਗਮਨ ਮਾਘ ਸੁਦੀ ਪੰਦ੍ਰਾਸ 1377 ਈਸਵੀ 1433 ਬਿਕਰਮੀ ਸੰਮਤ ਨੂੰ ਸੀਰ ਗੋਵਰਧਨਪੁਰ, ਵਾਰਾਨਸੀ (ਯੂ. ਪੀ.) ਸਤਿਕਾਰਯੋਗ ਪਿਤਾ ਸ਼੍ਰੀ ਸੰਤੋਖ ਦਾਸ ਜੀ ਅਤੇ ਸਤਿਕਾਰਯੋਗ ਮਾਤਾ ਕਲਸੀ ਜੀ ਦੇ ਗ੍ਰਹਿ ਵਿਖੇ ਹੋਇਆ। ਆਪ ਜੀ ਨੇ ਸਮਾਨਤਾ ਸਥਾਪਿਤ ਕਰਨ ਲਈ ਚੌਹਾਂ ਜੁੱਗਾਂ ਦੇ ਜੰਞੂ ਦਿਖਾ ਕੇ ਬਾਅਦ ਵਿੱਚ ਸੂਤ ਦਾ ਜਨੇਊ ਵੀ ਉਤਾਰ ਦਿੱਤਾ। ਉਹਨਾਂ ਨੇ ਵਿਸਾਖੀ ਦੇ ਇਤਿਹਾਸਿਕ ਪੁਰਬ ਤੇ ਗੰਗਾ ਘਾਟ ਤੇ ਪੱਥਰ ਤਰਾਏ ਅਤੇ ਰਾਜਾ ਕੁੰਭਾ ਅਤੇ ਰਾਣੀ ਝਾਲੀ ਬਾਈ ਦੇ ਦਰਬਾਰ ਵਿੱਚ ਅਨੇਕਾਂ ਰੂਪ ਧਾਰਨ ਕਰਕੇ ਸੰਗਤ ਪੰਗਤ ਦੀ ਪ੍ਰਥਾ ਸ਼ੁਰੂ ਕੀਤੀ। ਆਪ ਜੀ ਨੇ ਜੀਵਨ ਦਾ ਬਹੁਤ ਵੱਡਾ ਹਿੱਸਾ ਉਦਾਸੀਆਂ ਕਰਕੇ ਸਭ ਜੀਵਾਂ ਨੂੰ ਸਤਿ ਮਾਰਗ ਤੇ ਚੱਲਣ ਦਾ ਉਪਦੇਸ਼ ਦਿੱਤਾ। ਆਪ ਜੀ ਦੇ ਚਰਨ ਕਮਲਾਂ ਵਿੱਚ ਅਣਗਿਣਤ ਰਾਜੇ, ਮਹਾਰਾਜੇ ਅਤੇ ਸਾਰੇ ਵਰਗਾਂ ਦੇ ਲੋਕ ਆਣ ਝੁਕੇ। ਹਾੜ੍ਹ ਦੀ ਸੰਗਰਾਂਦ 1584 ਬਿਕਰਮੀ ਸੰਮਤ 1528 ਈ: ਨੂੰ ਆਪ ਜੀ ਸਵੇਰੇ ਹੀ ਬਨਾਰਸ ਵਿਖੇ ਜੋਤੀ ਜੋਤਿ ਸਮਾਏ। ਜਗਤਗੁਰੂ ਰਵਿਦਾਸ ਮਹਾਰਾਜ ਜੀ ਨੇ ਅੰਮ੍ਰਿਤਬਾਣੀ ਦੇ ਵਿਚ "ਹਰਿ ਹਰਿ ਹਰਿ ਹਰਿ ਹਰਿ ਹਰਿ ਹਰੇ" ਸਾਰੀ ਮਨੁੱਖਤਾ ਨੂੰ ਹਰਿ ਦੇ ਸਿਮਰਨ ਕਰਨ ਦਾ ਪਾਵਨ ਉਪਦੇਸ਼ ਬਖਸ਼ਿਸ਼ ਕੀਤਾ। ਹਰਿ ਦਾ ਅਰਥ ਹੈ ਪਾਰਬ੍ਰਹਮ ਪ੍ਰਭੂ ਹਰਿ ਦਾ ਨਿਸ਼ਾਨ ਰਵਿਦਾਸੀਅ ਧਰਮ ਦਾ ਕੌਮੀ ਨਿਸ਼ਾਨ ਹੈ। "ਨਾਮ ਤੇਰੇ ਕੀ ਜੋਤਿ ਲਗਾਈ ਭਇਓ ਉਜਿਆਰੋ ਭਵਨ ਸਗਲਾਰੇ" ਪ੍ਰਕਾਸ਼ ਦੀ ਪ੍ਰਤੀਕ ਹੈ, ਹਰਿ ਦੇ ਪ੍ਰਕਾਸ਼ ਨਾਲ ਸਾਰਾ ਸੰਸਾਰ ਜਗਮਗਾ ਰਿਹਾ ਹੈ। ਲਗਭਗ 600 ਸਾਲ ਬੀਤਣ ਤੋਂ ਬਾਅਦ ਡੇਰਾ ਸ਼੍ਰੀ 108 ਸੰਤ ਸਰਵਣ ਦਾਸ ਜੀ ਸੱਚਖੰਡ ਬੱਲਾਂ ਦੇ ਮਹਾਨ



ਮਹਾਂਪੁਰਸ਼ਾਂ ਬ੍ਰਹਮਲੀਨ ਬਾਬਾ ਪਿੱਪਲ ਦਾਸ ਜੀ ਮਹਾਰਾਜ, ਬ੍ਰਹਮਲੀਨ ਸਤਿਗੁਰੂ ਸੁਆਮੀ ਸਰਵਣ ਦਾਸ ਜੀ ਮਹਾਰਾਜ, ਬ੍ਰਹਮਲੀਨ ਸਤਿਗੁਰੂ ਸੁਆਮੀ ਹਰੀ ਦਾਸ ਜੀ ਮਹਾਰਾਜ, ਬ੍ਰਹਮਲੀਲ ਸਤਿਗੁਰੂ ਸੁਆਮੀ ਗਰੀਬ ਦਾਸ ਜੀ ਮਹਾਰਾਜ, ਮੌਜੂਦਾ ਗੱਦੀ ਨਸ਼ੀਨ ਸਤਿਗੁਰੂ ਸੁਆਮੀ ਨਿਰੰਜਨ ਦਾਸ ਜੀ ਮਹਾਰਾਜ ਅਤੇ ਅਮਰ ਸ਼ਹੀਦ ਸੰਤ ਰਾਮਾ ਨੰਦ ਜੀ ਮਹਾਰਾਜ ਨੇ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀ ਵਿਚਾਰਧਾਰਾ ਨੂੰ ਪੂਰੇ ਵਿਸ਼ਵ ਵਿੱਚ ਪਹੁੰਚਾਇਆ। ਜਗਤਗੁਰੂ ਰਵਿਦਾਸ ਮਹਾਰਾਜ ਜੀ ਦਾ ਫੁਰਮਾਨ ਹੈ:-

ਰਵਿਦਾਸ ਸੋਇ ਸਾਧ ਭਲੋ, ਜਉ ਰਹਹਿ ਸਦਾ ਨਿਰਵੈਰ।
ਸੁਖਦਾਈ ਸਮਤਾ ਗਹਹਿ ਸਭਨਹ ਮਾਂਗਹਿ ਖੈਰ||

ਐਸੇ ਮਹਾਨ ਪਰਉਪਕਾਰੀ ਤਪੱਸਵੀ ਬ੍ਰਹਮ ਗਿਆਨੀ ਸਤਿਗੁਰੂ ਸੁਆਮੀ ਸਰਵਣ ਦਾਸ ਜੀ ਜਿਹਨਾਂ ਨੇ ਬੱਲਾਂ ਦੀ ਪਾਵਨ ਧਰਤੀ ਤੇ ਸਵਾਸ-ਸਵਾਸ ਪ੍ਰਭੂ ਦਾ ਸਿਮਰਨ ਕੀਤਾ ਅਤੇ ਸੰਸਾਰੀ ਜੀਵਾਂ ਨੂੰ ਪ੍ਰਭੂ ਦਾ ਸਿਮਰਨ ਕਰਵਾਇਆ। ਆਪ ਜੀ ਹਮੇਸ਼ਾ ਸੰਗਤਾਂ ਨੂੰ ਵਿੱਦਿਆ ਪੜ੍ਹਾਉਣ ਅਤੇ ਮਾਤਾ ਪਿਤਾ ਦੀ ਸੇਵਾ ਕਰਨਾ, ਵੱਡਿਆ ਦਾ ਸਤਿਕਾਰ ਕਰਨਾ, ਛੋਟਿਆਂ ਨਾਲ ਪ੍ਰੇਮ ਕਰਨਾ, ਸੰਤਾਂ ਦੀ ਸੰਗਤ ਕਰਨਾ, ਹਰਿ ਦਾ ਸਿਮਰਨ ਕਰਨ ਦਾ ਪਾਵਨ ਉਪਦੇਸ਼ ਦਿਆ ਕਰਦੇ ਸਨ। ਸਤਿਗੁਰੂ ਸੁਆਮੀ ਸਰਵਣ ਦਾਸ ਜੀ ਮਹਾਰਾਜ ਨੇ ਪਿੰਡ ਬੱਲਾਂ ਵਿਖੇ ਤੱਪ ਅਸਥਾਨ ਦੀ ਉਸਾਰੀ ਕਰਵਾਈ ਅਤੇ ਉਸ ਉੱਤੇ 2 ਫਰਬਰੀ 1964 ਨੂੰ 'ਡੇਰਾ ਰਵਿਦਾਸੀਆ' ਦਾ ਲਿਖ ਕੇ ਸਮਾਜ ਦੀ ਪਹਿਚਾਣ ਨੂੰ ਅੱਗੇ ਤੋਰਿਆ।

ਇਕ ਸਮੇਂ ਜਗਿਆਸੂਆਂ ਨੇ ਸਤਿਗੁਰ ਸਰਵਣ ਦਾਸ ਮਹਾਰਾਜ ਜੀ ਦੇ ਚਰਨਾਂ-ਕਮਲਾਂ ਵਿਚ ਬੇਨਤੀ ਕੀਤੀ ਕਿ ਮਹਾਰਾਜ ਜੀ ਰਵਿਦਾਸੀਆ ਕੌਮ ਦੇ ਗੁਲਾਮੀ ਦੇ ਬੰਧਨ ਕਦੋਂ ਟੁੱਟਣਗੇ ਤਾਂ ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਨੇ ਉਤਰ ਦਿੰਦੇ ਹੋਏ ਫੁਰਮਾਇਆ ਕਿ ਜਦੋਂ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀ ਅੰਮ੍ਰਿਤਬਾਣੀ ਇਕੱਤਰ ਹੋ ਜਾਵੇਗੀ। ਸਤਿਗੁਰੂ ਸਰਵਣ ਦਾਸ ਜੀ ਮਹਾਰਾਜ ਨੇ ਸਦੀਆਂ ਤੋਂ ਬਾਅਦ ਆਪਣੀ ਕਿਰਪਾ ਦ੍ਰਿਸ਼ਟੀ ਰਾਹੀਂ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਜਨਮ ਅਸਥਾਨ ਦੀ ਖੋਜ ਕੀਤੀ ਅਤੇ ਹਾੜ ਦੀ ਸੰਗਰਾਂਦ 1965 ਈ: ਨੂੰ ਸੰਤ ਹਰੀ ਦਾਸ ਜੀ ਪਾਸੋਂ ਨੀਂਹ ਪੱਥਰ ਰਖਵਾਏ ਅਤੇ ਸੰਤ ਗਰੀਬ ਦਾਸ ਜੀ ਪਾਸੋਂ ਉਸਾਰੀ ਦੇ ਕਾਰਜ ਕਰਵਾ ਕੇ ਸਮਾਜ ਨੂੰ ਇੱਕ ਮਹਾਨ ਤੀਰਥ ਅਸਥਾਨ ਬਖ਼ਸ਼ਿਸ਼ ਕੀਤਾ ਅਤੇ ਉਚਾਰਨ ਕੀਤਾ ਕਿ ਇਸ ਪਾਵਨ ਮਹਾਲ ਤੀਰਥ ਅਸਥਾਨ ਤੇ ਸੰਗਤਾਂ ਪੂਰੇ ਵਿਸ਼ਵ ਪੱਧਰ ਤੋਂ ਇਕੱਠੀਆਂ ਹੋਇਆ ਕਰਨਗੀਆਂ। ਸੰਤ ਨਿਰੰਜਨ ਦਾਸ ਜੀ ਮਹਾਰਾਜ ਅਤੇ ਸੰਤ ਰਾਮਾ ਨੰਦ ਜੀ ਮਹਾਰਾਜ ਨੇ ਇਸ

ਅਸਥਾਨ ਤੇ ਸਵਰਨ ਕਲਸ ਸਜਾਏ ਅਤੇ ਸਵਰਨ ਮੜਨ ਦਾ ਕੰਮ ਆਰੰਭ ਕੀਤਾ।

24 ਮਈ 2009 ਨੂੰ ਮਾਨਵ ਵਿਰੋਧੀਆਂ ਨੇ ਸ਼੍ਰੀ ਗੁਰੂ ਰਵਿਦਾਸ ਮੰਦਿਰ ਵਿਆਨਾ ਵਿਖੇ ਸ਼੍ਰੀ 108 ਸੰਤ ਨਿਰੰਜਨ ਦਾਸ ਜੀ ਮਹਾਰਾਜ ਅਤੇ ਸ਼੍ਰੀ 108 ਸੰਤ ਰਾਮਾ ਨੰਦ ਜੀ ਮਹਾਰਾਜ ਤੇ ਹਮਲਾ ਕੀਤਾ। ਜਿਸ ਵਿੱਚ 25 ਮਈ ਨੂੰ ਅੰਮ੍ਰਿਤ ਵੇਲੇ ਸੰਤ ਰਾਮਾ ਨੰਦ ਜੀ ਰਵਿਦਾਸੀਆ ਕੌਮ ਲਈ ਸ਼ਹਾਦਤ ਦਾ ਜਾਮ ਪੀਂਦੇ ਹੋਏ ਬ੍ਰਹਮਲੀਨ ਹੋ ਗਏ। ਰਵਿਦਾਸੀਆ ਕੌਮ ਨੇ ਪੂਰੇ ਵਿਸਵ ਵਿੱਚ ਰੋਸ ਪ੍ਰਗਟ ਕਰਕੇ ਆਪਣੀ ਤਾਕਤ ਦਾ ਪਤਾ ਲਗਾਇਆ। ਜਿਸ ਵਿੱਚੋਂ 20 ਕਰੋੜ ਤੋਂ ਵੱਧ ਗਿਣਤੀ ਵਿੱਚ ਰਵਿਦਾਸੀਆ ਕੌਮ ਨੂੰ ਜਗਤਗੁਰੂ ਰਵਿਦਾਸ ਜੀ ਦਾ 633ਵਾਂ ਆਗਮਨ ਪੁਰਬ ਤੇ ਹਜ਼ਾਰਾਂ ਦੀ ਗਿਣਤੀ ਵਿੱਚ ਸੰਤ ਸਮਾਜ ਅਤੇ ਲੱਖਾਂ ਦੀ ਗਿਣਤੀ ਵਿੱਚ ਤੀਰਥ ਅਸਥਾਨ ਸ਼੍ਰੀ ਗੁਰੂ ਰਵਿਦਾਸ ਜਨਮ ਅਸਥਾਨ ਮੰਦਿਰ ਤੋਂ ਰਵਿਦਾਸੀਆ ਧਰਮ ਦੇ ਨਾਂ ਨਾਲ ਪਹਿਚਾਣ ਮਿਲੀ ਅਤੇ ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਨੇ ਇਸ ਸਦੀ ਦੇ ਸਭ ਤੋਂ ਵੱਡੇ ਚੰਦਰਮਾ ਵਿੱਚ ਦਰਸ਼ਨ ਦੇ ਕੇ ਆਸ਼ੀਰਵਾਦ ਦਿੱਤੇ। ਰਵਿਦਾਸੀਆ ਧਰਮ ਦਾ ਪ੍ਰਸਾਰ ਸਾਰੇ ਵਿਸ਼ਵ ਵਿੱਚ ਹੋ ਚੁੱਕਾ ਹੈ ਅਤੇ ਅੰਮ੍ਰਿਤ ਬਾਣੀ ਦੇ ਪ੍ਰਕਾਸ਼ ਪੂਰੇ ਵਿਸ਼ਵ ਵਿੱਚ ਹੋ ਚੁੱਕੇ ਹਨ। ਡੇਰਾ ਸ਼੍ਰੀ 108 ਸੰਤ ਸਰਵਣ ਦਾਸ ਜੀ ਸੱਚਖੰਡ ਬੱਲਾਂ ਵਲੋਂ ਰਵਿਦਾਸੀਆ ਧਰਮ, ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀਆਂ ਸਿੱਖਿਆਵਾਂ ਅਤੇ ਡੇਰਾ ਸੱਚਖੰਡ ਬੱਲਾਂ ਦੇ ਮਹਾਨ ਮਹਾਂਪੁਰਸ਼ਾਂ ਦੇ ਜਸੀਵਨ ਤੇ ਅੰਮ੍ਰਿਤ ਬਾਣੀ ਦੇ ਗੁਟਕੇ ਕਿਤਾਬਾਂ ਅਤੇ ਵੀ. ਸੀ. ਡੀਜ਼, ਸੰਗਤਾਂ ਨੂੰ ਭੇਟ ਕੀਤੀਆਂ ਗਈਆਂ ਹਨ। ਡੇਰੇ ਵਲੋਂ 60 ਵਿਦਵਾਨਾਂ ਨੂੰ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ ਹੈ।

ਸ਼੍ਰੀ 108 ਸੰਤ ਨਿਰੰਜਨ ਦਾਸ ਜੀ ਮਹਾਰਾਜ ਦੇ ਆਸ਼ੀਰਵਾਦ ਨਾਲ ਲੇਖਕ ਰਾਜੇਸ਼ ਕੈਂਥ ਨੇ "ਰਵਿਦਾਸੀਆ ਧਰਮ ਤੇ ਹਰਿ ਦਾ ਨਿਸ਼ਾਨ" ਪੁਸਤਕ ਬੜੀ ਹੀ ਮਿਹਨਤ ਅਤੇ ਲਗਨ ਨਾਲ ਲਿਖ ਕੇ ਰਵਿਦਾਸੀਆ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਵਿੱਚ ਵੱਡਮੁੱਲਾ ਯੋਗਦਾਨ ਪਾਇਆ ਹੈ। ਸੰਗਤਾਂ ਇਸ ਤੋਂ ਭਰਪੂਰ ਲਾਭ ਉਠਾਉਂਣਗੀਆਂ।

ਜੈ ਗੁਰੂਦੇਵ

ਗੁਰੂ ਚਰਨਾਂ ਦਾ ਦਾਸ

**ਸੰਤ ਸੁਰਿੰਦਰ ਦਾਸ ਬਾਵਾ**

**ਵਾਇਸ ਚੈਅਰਮੈਨ: ਸ਼੍ਰੀ ਗੁਰੂ ਰਵਿਦਾਸ ਜਨਮ ਅਸਥਾਨ ਪਬਲਿਕ ਚੈਰੀਟੇਬਲ ਟਰੱਸਟ (ਰਜਿ:) ਵਾਰਾਨਸੀ**

ਵਾਈਸ ਚੇਅਰਮੈਨ, ਅਖਿਲ ਭਾਰਤੀਆ ਰਵਿਦਾਸੀਆ ਧਰਮ ਸੰਗਠਨ ਭਾਰਤ (ਰਜਿ.)



# ਹਰਿ ਦੀ ਅੱਦਭੁਤ ਮਹਿਮਾ

**ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ ॥**
**ਤੇ ਨਰ ਦੋਜਖ ਜਾਹਿਗੇ ਸਤਿ ਭਾਖੈ ਰਵਿਦਾਸ॥**

ਜਗਤਗੁਰੂ ਰਵਿਦਾਸ ਮਹਾਰਾਜ ਜੀ ਨੇ ਸਾਰੇ ਜੀਵਾਂ ਨੂੰ ਹਰਿ ਰੂਪੀ ਹੀਰੇ ਦੀ ਪਹਿਚਾਣ ਕਰਕੇ ਅਨਮੋਲਕ ਜਨਮ ਸਫਲ ਕਰਨ ਦਾ ਉਪਦੇਸ਼ ਬਖਸ਼ਿਸ਼ ਕੀਤਾ ਹੈ। ਸਤਿਗੁਰੂ ਜੀ ਦੇ ਕਲਿਆਣਕਾਰੀ ਉਪਦੇਸ਼ ਨੂੰ ਸਰਵਣ ਕਰਕੇ ਸਾਰੇ ਵਰਗਾਂ ਦੇ ਲੋਕ ਸਤਿਗੁਰੂ ਰਵਿਦਾਸ ਜੀ ਦੇ ਚਰਨਾਂ ਵਿੱਚ ਝੁਕ ਗਏ ਅਤੇ ਆਪਣਾ ਜੀਵਨ ਸਫਲ ਕੀਤਾ। ਡੇਰਾ ਸੱਚਖੰਡ ਬੱਲਾਂ ਦੇ ਮਹਾਨ ਮਹਾਪੁਰਸ਼ਾਂ ਬ੍ਰਹਮਲੀਨ ਬਾਬਾ ਪਿੱਪਲ ਦਾਸ ਜੀ ਮਹਾਰਾਜ, ਬ੍ਰਹਮਲੀਨ ਸੰਤ ਸਰਵਣ ਦਾਸ ਜੀ, ਬ੍ਰਹਮਲੀਨ ਸੰਤ ਹਰੀ ਦਾਸ ਜੀ, ਬ੍ਰਹਮਲੀਨ ਸੰਤ ਗਰੀਬ ਦਾਸ ਜੀ ਮਹਾਰਾਜ ਅਤੇ ਮੌਜੂਦਾ ਗੱਦੀ ਨਸ਼ੀਨ ਸਤਿਗੁਰੂ ਨਿਰੰਜਨ ਦਾਸ ਜੀ ਮਹਾਰਾਜ, ਅਮਰ ਸ਼ਹੀਦ ਸੰਤ ਰਾਮਾ ਨੰਦ ਜੀ ਮਹਾਰਾਜ ਦੀ ਅਪਾਰ ਬਖਸ਼ਿਸ਼ ਸਦਕਾ ਸੰਗਤਾਂ ਤੱਕ ਸਤਿਗੁਰੂ ਰਵਿਦਾਸ ਜੀ ਦੇ ਪਾਵਨ ਉਪਦੇਸ਼ ਪਹੁੰਚਾ ਰਹੇ ਹਨ।

ਡੇਰਾ ਸੱਚਖੰਡ ਬੱਲਾਂ ਜਲੰਧਰ (ਪੰਜਾਬ) ਲੰਮੇ ਸਮੇਂ ਤੋਂ ਸਤਿਗੁਰੂ ਰਵਿਦਾਸ ਜੀ ਦੇ ਪਾਵਨ ਜੀਵਨ ਅਤੇ ਬਿਮਲ ਬਾਣੀ ਦੇ ਪ੍ਰਚਾਰ ਅਤੇ ਪ੍ਰਸਾਰ ਵਿੱਚ ਜੁਟਿਆ ਹੋਇਆ ਹੈ। ਰਵਿਦਾਸੀਆ ਧਰਮ ਦੀ ਸਥਾਪਨਾ ਦੇ ਨਾਲ- ਨਾਲ ਧਰਮ ਗ੍ਰੰਥ ਦੇ ਰੂਪ ਵਿਚ ਅੰਮ੍ਰਿਤ ਬਾਣੀ ਦੀ ਵੱਡਮੁੱਲੀ ਦੇਣ ਵੀ ਇਸ ਮਹਾਨ ਡੇਰੇ ਨੇ ਵਿਸ਼ਵ ਨੂੰ ਪ੍ਰਦਾਨ ਕੀਤੀ ਹੈ। ਸੁਤੰਤਰ ਧਰਮ ਲਈ ਨਿਸ਼ਾਨ ਸਾਹਿਬ ਦਾ ਹੋਣਾ ਬਹੁਤ ਜਰੂਰੀ ਹੁੰਦਾ ਹੈ। ਸਾਧੂ ਸੰਪਰਦਾਇ ਨੇ 1957 ਈ: ਦੇ ਐਕਟ ਵਿੱਚ ਹਰਿ ਦੇ ਨਿਸ਼ਾਨ ਚਿੰਨ੍ਹ ਨੂੰ ਪ੍ਰਵਾਨ ਕੀਤਾ ਗਿਆ ਸੀ। ਜਿਸ ਦੀ ਦੇਸ਼ ਅਤੇ ਵਿਦੇਸ਼ ਦੀਆ ਸਰਕਾਰਾਂ ਵਲੋਂ (ਰਜਿ:) ਪ੍ਰਾਪਤ ਕਰ ਲਈ ਸੀ। ਰਵਿਦਾਸੀਆ ਧਰਮ ਦੇ 22 ਕਰੋੜ ਦੇ ਲਗਭਗ ਸ਼ਰਧਾਲੂਆਂ ਨੂੰ ਇਸ ਨਿਸ਼ਾਨ ਚਿੰਨ੍ਹ ਦੇ ਬਾਰੇ ਸੰਗਤਾਂ ਨੂੰ ਜਾਣਕਾਰੀ ਦੇਣਾ ਇੱਕ ਪ੍ਰਮੁੱਖ ਕਾਰਜ ਬਣ ਗਿਆ ਸੀ। ਇਹ ਕੰਮ ਇੱਕ ਪ੍ਰਤਿਭਾਸ਼ੀਲ ਲੇਖਕ 'ਰਾਜੇਸ਼ ਕੈਂਥ ਭਵਿਆਣਵੀ' ਨੇ ਬਹੁਤ ਹੀ ਸੁਹਿਦਰਤਾ ਨਾਲ ਨੇਪਰੇ ਚਾੜ੍ਹਿਆ ਹੈ। ਉਸ ਦੀ ਹੱਥਲੀ ਪੁਸਤਕ 'ਰਵਿਦਾਸੀਆ ਧਰਮ ਤੇ ਹਰਿ ਦਾ ਨਿਸ਼ਾਨ' ਹਰਿ ਦੀ ਬੇਅੰਤ ਮਹਿਮਾ ਤੇ ਹਰਿ ਦਾ ਨਿਸ਼ਾਨ ਚਿੰਨ੍ਹ ਰਾਹੀਂ ਪਾਠਕਾਂ ਨੂੰ ਇਸ ਪ੍ਰਤੀ ਜਾਗਰੁਕਤਾ ਪ੍ਰਦਾਨ ਕੀਤੀ ਹੈ।

ਸਤਿਗੁਰੂ ਰਵਿਦਾਸ ਜੀ ਮਹਾਰਾਜ ਰਾਗ ਧਨਾਸਰੀ ਵਿੱਚ ਉਚਾਰਨ ਕਰਦੇ ਹਨ:-

ਨਾਮ ਤੇਰੋ ਆਰਤੀ ਮਜਨੁ ਮੁਰਾਰੇ॥
ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ॥ ਰਹਾਉ॥

ਸਤਿਗੁਰੂ ਰਵਿਦਾਸ ਮਹਾਰਾਜ ਜੀ ਇਸ ਵਿਲੱਖਣ ਆਰਤੀ ਵਿੱਚ ਆਪਣੇ ਇਸ਼ਟ ਦੇਵ ਪ੍ਰਭੂ ਨੂੰ ਹਰਿ ਦੇ ਨਾਮ ਨਾਲ ਸੰਬੋਧਨ ਕਰਦੇ ਹੋਏ ਉਚਾਰਨ ਕਰਦੇ ਹਨ ਹੇ ਪ੍ਰਭੂ! ਆਪ ਜੀ ਦੇ ਪਵਿੱਤਰ ਨਾਮ ਦਾ ਸਿਮਰਨ ਕਰਨਾ ਹੀ ਮੇਰੇ ਲਈ ਆਰਤੀ ਦੇ ਸਮਾਨ ਹੀ ਨਹੀਂ ਸਮੁੱਚੀ ਆਰਤੀ ਹੈ ਅਤੇ ਇਹੋ ਮੇਰੇ ਲਈ ਤੀਰਥ ਇਸ਼ਨਾਨ ਹੈ ਕਿਉਂਕਿ ਉਤਕ੍ਰਿਸ਼ਟ ਨਾਮ ਬਿਨਾਂ ਦੁਨੀਆਂ ਦੇ ਹੋਰ ਸਾਰੇ ਖਿਲਾਰੇ ਝੂਠੇ ਹਨ। ਅਡੰਬਰਾਂ ਅਤੇ ਵਿਖਾਵਿਆਂ ਦਾ ਖੰਡਨ ਕਰਦੇ ਹੋਏ ਗੁਰੂ ਜੀ ਨੇ ਆਪਣੇ ਪਾਰਬ੍ਰਹਮ ਦੀ ਆਰਤੀ ਕਰਨ ਉਪਰੰਤ ਅਨੂਠੇ ਪ੍ਰਸ਼ਾਦਿ ਦਾ ਭੋਗ ਲਵਾਉਂਦੇ ਹਨ:-ਕਹਿ ਰਵਿਦਾਸ ਨਾਮ ਤੇਰੋ ਆਰਤੀ॥

ਸਤਿਨਾਮੁ ਹੈ ਹਰਿ ਭੋਗ ਤੁਹਾਰੇ॥

ਸਤਿਗੁਰੂ ਰਵਿਦਾਸ ਜੀ ਆਪਣੇ ਪਰਮ ਪ੍ਰਮਾਤਮਾ ਨੂੰ ਉਹਨਾਂ ਦੇ ਹੀ ਵਿਸ਼ੇਸ਼ਮਈ ਨਾਮ (ਸਤਿਨਾਮ) ਦਾ ਭੋਗ ਲਵਾਉਂਦੇ ਹਨ। ਵਿਦਵਾਨਾਂ ਅਤੇ ਖੋਜਕਾਰਾਂ ਲਈ ਇਹ ਗੱਲ ਸਪੱਸ਼ਟ ਕੀਤੀ ਜਾਂਦੀ ਹੈ ਕਿ ਸਤਿਗੁਰੂ ਨਾਨਕ ਦੇਵ ਜੀ ਸਤਿਗੁਰੂ ਰਵਿਦਾਸ ਜੀ ਪਾਸੋਂ ਉਮਰ ਵਿੱਚ 92 ਵਰੇ ਛੋਟੇ ਸਨ। ਸੋਢੀ ਮੇਹਰਵਾਨ ਨੇ ਆਪਣੀ ਪੋਥੀ ਸੱਚਖੰਡ ਵਿੱਚ ਲਿਖਿਆ ਹੈ ਕਿ ਗੁਰੂ ਨਾਨਕ ਦੇਵ ਜੀ ਮਹਾਰਾਜ ਸਮੇਂ ਸਮੇਂ ਤੇ ਭਾਈ ਮਰਦਾਨਾ ਜੀ ਪਾਸੋਂ ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਦੀ ਬਾਣੀ ਸੁਣਿਆ ਕਰਦੇ ਸਨ।

ਸਤਿਗੁਰੂ ਰਵਿਦਾਸ ਜੀ ਆਪਣੇ ਇੱਕ ਹੋਰ ਸ਼ਬਦ ਵਿੱਚ ਫ਼ਰਮਾਉਂਦੇ ਹਨ:-

ਹਰਿ ਹਰਿ ਹਰਿ ਹਰਿ ਹਰਿ ਹਰਿ ਹਰੇ।।
ਹਰਿ ਸਿਮਰਤ ਜਨ ਗਏ ਨਿਸਤਰਿ ਤਰੇ।।ਰਹਾਉ।।

ਇਸ ਸ਼ਬਦ ਤੋਂ ਹੋਰ ਵੀ ਸਪੱਸ਼ਟ ਹੋ ਜਾਂਦਾ ਹੈ ਕਿ ਸਤਿਗੁਰੂ ਰਵਿਦਾਸ ਜੀ ਪਾਰਬ੍ਰਮ ਪ੍ਰਮੇਸ਼ਵਰ ਨੂੰ ਹਰਿ ਦੇ ਨਾਮ ਨਾਲ ਹੀ ਪਿਆਰ ਤੇ ਸਤਿਕਾਰ ਨਾਲ ਸੰਬੋਧਿਤ ਕਰਦੇ ਸਨ। ਅੰਮ੍ਰਿਤ ਬਾਣੀ ਦਾ ਗਹੁ ਨਾਲ ਅਧਿਐਨ ਕਰਨ ਤੋਂ ਉਪਰੰਤ ਇਹ ਗੱਲ ਹੋਰ ਵੀ ਸਪੱਸ਼ਟ ਹੋ ਜਾਂਦੀ ਹੈ। ਇਸ ਗੱਲ ਨੂੰ ਮੁੱਖ ਰੱਖਦਿਆਂ ਸਾਧੂ ਸੰਪ੍ਰਦਾਇ ਨੇ ਹਰਿ ਦੇ ਨਿਸ਼ਾਨ ਦੀ ਚੋਣ ਕੀਤੀ ਸੀ। ਇਹ ਚੋਣ ਮੇਰੇ ਅਨੁਸਾਰ ਬਿਲਕੁਲ ਅਨੁਕੂਲ ਅਤੇ ਢੁੱਕਵੀਂ ਹੈ। ਕੁਦਰਤ ਬੜੀ ਬੇਅੰਤ ਹੈ। ਇੰਝ ਪ੍ਰਤੀਤ ਹੁੰਦਾ ਹੇ ਕਿ ਜਿਵੇਂ ਪੰਜਾਹ ਸਾਲ ਪਹਿਲਾਂ ਹੀ ਸਾਡੇ ਇਸ਼ਟ ਦੇਵ ਨੂੰ ਇਹ ਭਿਣਕ ਪੈ ਗਈ ਸੀ ਕਿ ਮੇਰੇ ਸ਼ਰਧਾਲੂਆਂ ਨੂੰ ਇੱਕ ਵੱਖਰੇ ਨਿਸ਼ਾਨ ਦੀ ਲੋੜ ਪਵੇਗੀ ਅਤੇ ਅਮਰ ਸ਼ਹੀਦ ਸੰਤ ਰਾਮਾ ਨੰਦ ਜੀ ਦੀ ਸ਼ਹਾਦਤ ਤੋਂ ਬਾਅਦ ਇਹ ਸੋਚ ਸੱਚ ਹੋ ਨਿਬੜੀ ਹੈ। ਰਵਿਦਾਸੀਆ ਧਰਮ ਦੀ ਸਥਾਪਨਾ ਤੋਂ ਬਾਅਦ ਆਪਣੇ ਗੁਰੂਧਾਮਾਂ ਲਈ ਹਰਿ ਦਾ ਨਿਸ਼ਾਨ ਇੱਕ ਲੋੜ ਬਣ ਕੇ ਉਭਰਿਆ ਸੀ। ਅੱਜ ਇਹ ਨਿਸ਼ਾਨ ਜਿੱਥੇ-ਜਿੱਥੇ ਵੀ ਝੂਲ ਰਿਹਾ ਹੈ ਉੱਥੇ- ਉੱਥੇ ਇਹ ਹਰਿ ਦਾ ਨਿਸ਼ਾਨ ਆਪਣੇ ਸ਼ਰਧਾਲੂਆਂ ਨੂੰ ਰਹਿਮਤਾ ਵੰਡ ਰਿਹਾ ਹੈ। ਸੂਰਜ ਦੇ ਉਦੈ ਹੋਣ ਤੋਂ ਲੇ ਕੇ ਅਸਤ ਹੋਣ ਤੱਕ ਹਰਿ ਦੇ ਨਿਸ਼ਾਨ ਦੀ ਛਾਂ ਜਿੱਥੇ –ਜਿੱਥੇ ਘੁੰਮਦੀ ਹੈ, ਉਹ ਧਰਤੀ ਵਰਦਾਨਾਂ ਨਾਲ ਓਤਪੋਤ ਹੋ ਜਾਂਦੀ ਹੈ ਅਤੇ ਜਿਸ-ਜਿਸ ਥਾਂ ਤੇ ਖਲੋਤੇ ਸ਼ਰਧਾਲੂ ਨੂੰ ਹਰਿ ਦਾ ਨਿਸ਼ਾਨ ਨਜ਼ਰ ਪੈ ਜਾਂਦਾ ਹੈ, ਉੱਥੇ- ਉੱਥੇ ਤੱਕ ਗੁਰੂ ਰਵਿਦਾਸ ਜੀ ਦੇ ਵਰਦਾਨਾਂ ਦੀ ਮਹਿਕ ਵਿਖਰ ਜਾਂਦੀ ਹੈ ਕਿਉਂਕਿ ਪਾਰਬ੍ਰਹਮ ਅਤੇ ਸਿਰਜਣਹਾਰ ਹਰਿ ਦਾ ਸਰੂਪ ਹੈ। ਜਿਵੇਂ ਮੱਧ ਕਾਲ (ਜਿਸ ਨੂੰ ਕਈ ਇਤਿਹਾਸਕਾਰ ਅੰਨਾ ਯੁਗ ਵੀ ਕਹਿੰਦੇ ਹਨ) ਵਿਚਕਾਰ ਜਿਵੇਂ ਸਤਿਗੁਰੂ ਰਵਿਦਾਸ ਜੀ ਮਹਾਰਾਜ ਨੇ ਤਿਰਸਕਾਰੇ ਅਤੇ ਵੰਚਿਤ ਲੋਕਾਂ ਤੇ ਆਪਣੀ ਅਮਰ ਸ਼ਕਤੀ ਦੀ ਰੇਖਾ ਖਿੱਚੀ ਸੀ ਉਸੇ ਤਰਾਂ ਅੱਜ ਇੱਕੀਵੀਂ ਸਦੀ ਵਿੱਚ ਹਰਿ ਦਾ ਨਿਸ਼ਾਨ ਵੀ ਉਹੀ ਕਾਰਜ ਕਰ ਰਿਹਾ ਹੈ। ਮੌਜੂਦਾ ਗੱਦੀ ਨਸ਼ੀਨ ਸੰਤ ਨਿਰੰਜਨ ਦਾਸ ਜੀ ਮਹਾਰਾਜ ਅਤੇ ਸੰਤ ਸੁਰਿੰਦਰ ਦਾਸ ਬਾਵਾ ਜੀ ਦੀ ਪ੍ਰੇਰਣਾ ਸਦਕਾ ਹੱਥਲੀ ਪੁਸਤਕ 'ਰਵਿਦਾਸੀਆ ਧਰਮ ਤੇ ਹਰਿ ਦਾ ਨਿਸ਼ਾਨ' ਵਿੱਚ ਲੇਖਕ 'ਸ਼੍ਰੀ ਰਾਜੇਸ਼ ਕੈਂਥ ਭਵਿਆਣਵੀ' ਨੇ ਹਰਿ ਦਾ ਵਿਆਖਿਆ ਸਹਿਤ ਵਰਨਣ ਕੀਤਾ ਹੈ। ਵਿਆਖਿਆ ਵੀ ਬੜੀ ਸਰਲ ਭਾਸ਼ਾ ਵਿੱਚ ਕੀਤੀ ਹੈ ਤਾਂ ਕਿ ਹਰ ਸ਼ਰਧਾਲੂ ਪੜ੍ਹ ਕੇ ਆਸਾਨੀ ਨਾਲ ਸਮਝ ਸਕੇ। ਥੋੜੇ ਸ਼ਬਦਾਂ ਵਿੱਚ ਵੱਡਾ ਕਾਰਜ ਕਰਨ ਲਈ ਲੇਖਕ ਵਧਾਈ ਦਾ ਪਾਤਰ ਹੈ। ਪਾਠਕਾਂ ਨੂੰ ਨਿਵੇਦਨ ਹੈ ਕਿ ਇਸ ਪੁਸਤਕ ਨੂੰ ਪੜ੍ਹ ਕੇ ਭਰਪੂਰ ਲਾਭ ਲੈ ਕੇ ਹਰਿ ਨਾਲ ਆਪਣੀ ਗੂੜ੍ਹੀ ਸਾਂਝ ਪਾਉਣ ਅਤੇ ਆਪਣਾ ਜੀਵਨ ਸਫ਼ਲ ਅਤੇ ਅਨੰਦਮਈ ਬਣਾਉਣ।

ਸਿਰੀ ਰਾਮ ਅਰਸ਼, ਮੋਬਾਇਲ ਨੰ: 98884-52204



# ਰਵਿਦਾਸੀਆ ਧਰਮ ਦਾ ਹਰਿ ਦਾ ਕੌਮੀ ਨਿਸ਼ਾਨ

ਭਾਰਤ ਦੀ ਪਾਵਨ ਧਰਤੀ ਤੇ ਮਹਾਨ ਮਹਾਂਪੁਰਸ਼ ਸਤਿਗੁਰੂ ਨਾਮਦੇਵ ਜੀ ਮਹਾਰਾਜ, ਸਤਿਗੁਰੂ ਰਵਿਦਾਸ ਜੀ ਮਹਾਰਾਜ, ਸਤਿਗੁਰੂ ਕਬੀਰ ਸਾਹਿਬ ਜੀ ਮਹਾਰਾਜ ਅਤੇ ਹੋਰ ਮਹਾਨ ਮਹਾਂਪੁਰਸ਼ਾਂ ਨੇ ਆਪਣੀ ਅੰਮ੍ਰਿਤਬਾਣੀ ਵਿਚ 'ਹਰਿ' ਦੇ ਸਿਮਰਨ ਕਰਨ ਦਾ ਮਾਨਵਤਾ ਨੂੰ ਉਪਦੇਸ਼ ਬਖਸ਼ਿਸ਼ ਕੀਤਾ ਅਤੇ ਹਰਿ ਨੂੰ ਆਪਣੇ ਜੀਵਨ ਦਾ ਮਨੋਰਥ ਬਣਾ ਕੇ ਸਾਰੀ ਬਾਣੀ ਦੀ ਰਚਨਾ ਕੀਤੀ।

'ਹਰਿ' ਮੂਲ ਰੂਪ ਵਿੱਚ ਮੂਲ ਵਾਸੀਆਂ ਦਾ ਅਧਿਆਤਮਕ ਚਿੰਤਨ ਦਾ ਪ੍ਰਤੀਕ ਹੈ। ਸਿੰਧੂ ਘਾਟੀ ਦੀ ਪ੍ਰਭਾਵਸ਼ਾਲੀ ਸੱਭਿਅਤਾ ਵਿੱਚ ਰਹਿਣ ਵਾਲੇ ਲੋਕ ਹਰਿ ਨੂੰ ਆਪਣੀ ਅਧਿਆਤਮਕ ਯਾਤਰਾ ਦਾ ਲਕਸ਼ ਮੰਨਦੇ ਸਨ। ਹਰਿ ਸ਼ਬਦ ਆਲੌਕਿਕ ਸ਼ਕਤੀ ਦਾ ਪ੍ਰਤੀਕ ਹੈ। ਵਿਸ਼ਵ ਭਰ ਵਿੱਚ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ "ਭਾਰਤ ਵਿੱਚ ਧਾਰਮਿਕ ਕ੍ਰਾਂਤੀ" ਰਾਂਹੀ ਰਵਿਦਾਸੀਆਂ ਧਰਮ ਦਾ ਹਰਿ ਦਾ ਨਿਸ਼ਾਨ ਚੇਤਨਤਾ ਦਾ ਪ੍ਰਤੀਕ ਹੈ। ਜੋ ਸੂਰਜ ਵਾਂਗ ਪ੍ਰਕਾਸ਼ ਦਾ ਪ੍ਰਤੀਕ ਹੈ। ਹਰਿ ਦਾ ਨੂਰਾਨੀ ਪ੍ਰਕਾਸ਼ ਕਰੋੜਾਂ ਸੂਰਜ ਚੰਦਰਮਾ ਦੇ ਪ੍ਰਕਾਸ਼ ਤੋਂ ਵੀ ਵੱਧ ਹੈ।

"ਨਾਮ ਤੇਰੇ ਕੀ ਜੋਤਿ ਲਗਾਈ ਭਇਓ ਉਜਿਆਰੋ ਭਵਨ ਸਗਲਾਰੇ"

ਜਿਸ ਪ੍ਰਕਾਸ਼ ਨਾਲ ਸਾਰਾ ਸੰਸਾਰ ਜਗਮਗਾ ਰਿਹਾ ਹੈ 40 ਕਿਰਨਾਂ ਪ੍ਰਕਾਸ਼ ਫੈਲਾਉਂਦੀਆਂ ਹੋਈਆਂ ਅਧਿਆਤਮਕਤਾ ਦਾ ਪ੍ਰਤੀਕ ਹਨ।

ਪੰਜ ਤੱਤ :- ਹਵਾ, ਪਾਣੀ, ਧਰਤੀ, ਅੱਗ ਅਤੇ ਆਕਾਸ਼।

ਪੰਜ ਗਿਆਨ ਇੰਦਰੀਆਂ :- ਤਵਚਾ, ਕੰਨ, ਅੱਖ, ਨੱਕ ਅਤੇ ਜੀਭਾ।

ਪੱਚੀ ਪ੍ਰਕਿਰਤੀਆਂ :- 1. ਪ੍ਰਿਥਵੀ :- ਹੱਡ, ਮਾਸ, ਤਵਚਾ, ਰੋਮ ਅਤੇ ਨਾੜੀ।

2. ਜਲ :- ਖੂਨ, ਲਾਰ, ਬਿੰਦ, ਮੂਤਰ ਅਤੇ ਪਸੀਨਾ।

3. ਹਵਾ :- ਪ੍ਰਾਣ, ਵਾਯੂ, ਬੋਲਣਾ, ਅਪਾਨ ਵਾਯੂ ਅਤੇ ਸਿਮਟਨਾ।

4. ਅਗਨੀ :- ਭੁੱਖ, ਪਿਆਸ, ਤ੍ਰਿਸ਼ਨਾ, ਨੀਂਦ ਅਤੇ ਆਲਸ।

5. ਆਕਾਸ਼ :- ਕਾਮ, ਕ੍ਰੋਧ, ਸ਼ੋਕ, ਭੈਅ ਅਤੇ ਅਹੰਕਾਰ।

ਤਿੰਨ ਗੁਣ :- ਰਜੋਗੁਣ, ਸਤੋਗੁਣ, ਤਮੋਗੁਣ।

ਰੂਹ ਅਤੇ ਮਨ

ਜੋ ਜੀਵ ਇਹਨਾਂ ਸਭਨਾਂ ਤੋਂ ਉੱਪਰ ਉੱਠ ਕੇ ਨਿਰੰਤਰ ਆਪਣੇ ਅੰਦਰ ਅਨਹਦ ਸ਼ਬਦ ਨੂੰ ਸੁਣ ਕੇ ਹਰਿ ਵਿੱਚ ਲੀਨ ਹੋ ਜਾਂਦਾ ਹੈ ਉਹ ਹਰਿ ਦਾ ਹੀ ਰੂਪ ਹੋ ਜਾਂਦਾ ਹੈ।

**ਜਗਤਗੁਰੂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਮਿਸ਼ਨ ਦਾ ਵਿਸ਼ਵ ਭਰ ਵਿੱਚ ਪ੍ਰਚਾਰ ਪ੍ਰਸਾਰ ਕਰਨ ਵਾਲੇ ਡੇਰਾ 108 ਸੰਤ ਸਰਵਣ ਦਾਸ ਜੀ, ਸੱਚਖੰਡ ਬੱਲਾਂ ਦੇ ਮਹਾਨ ਮਹਾਂਪੁਰਸ਼ ਬ੍ਰਹਮਲੀਨ ਬਾਬਾ ਪਿੱਪਲ ਦਾਸ ਜੀ ਮਹਾਰਾਜ, ਸਤਿਗੁਰੂ ਸਰਵਣ ਦਾਸ ਜੀ ਮਹਾਰਾਜ, ਸਤਿਗੁਰੂ ਹਰੀ ਦਾਸ ਜੀ ਮਹਾਰਾਜ, ਸਤਿਗੁਰੂ ਗਰੀਬ ਦਾਸ ਜੀ ਮਹਾਰਾਜ, ਮੌਜੂਦਾ ਗੱਦੀ ਨਸ਼ੀਨ ਸ਼੍ਰੀ 108 ਸੰਤ ਨਿਰੰਜਣ ਦਾਸ ਜੀ ਮਹਾਰਾਜ, ਅਮਰ ਸ਼ਹੀਦ ਸੰਤ ਰਾਮਾ ਨੰਦ ਜੀ ਮਹਾਰਾਜ ਅਤੇ ਸੰਤ ਸੁਰਿੰਦਰ ਦਾਸ ਬਾਵਾ ਜੀ ਮਹਾਰਾਜ ਅਤੇ ਸੰਤ ਸਮਾਜ ਦੀ ਕਿਰਪਾ ਨਾਲ ਅੱਜ ਰਵਿਦਾਸੀਆ ਧਰਮ ਦਾ ਪ੍ਰਚਾਰ-ਪ੍ਰਸਾਰ ਵਿਸ਼ਵ ਭਰ ਵਿੱਚ ਹੋ ਚੁੱਕਾ ਹੈ ਅਤੇ ਅੰਮ੍ਰਿਤਬਾਣੀ ਦੇ ਪ੍ਰਕਾਸ਼ ਹਜ਼ਾਰਾਂ ਦੀ ਗਿਣਤੀ ਵਿੱਚ ਵਿਸ਼ਵ ਦੇ ਕੋਨੇ ਕੋਨੇ ਵਿੱਚ ਹੋ ਚੁੱਕੇ ਹਨ। ਰਵਿਦਾਸੀਆ ਧਰਮ ਦੇ ਪ੍ਰਚਾਰ-ਪ੍ਰਸਾਰ ਲਈ ਡੇਰਾ ਸੱਚਖੰਡ ਬੱਲਾਂ ਵਲੋਂ ਅਨੇਕਾਂ ਪੁਸਤਕਾਂ, ਵੀ ਸੀਡੀਜ਼ ਅਤੇ ਕੈਲੰਡਰਾਂ ਰਾਂਹੀ ਪ੍ਰਚਾਰ-ਪ੍ਰਸਾਰ ਕੀਤਾ ਜਾ ਰਿਹਾ ਹੈ ਅਤੇ 60 ਵਿਸਵਾਨਾਂ ਨੂੰ ਸੋਨੇ ਦੇ ਮੈਡਲਾਂ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ। ਸ਼੍ਰੀ ਰਾਜੇਸ਼ ਕੈਂਥ ਜੀ ਨੇ ਬੜੀ ਮਿਹਨਤ ਕਰਕੇ "ਰਵਿਦਾਸੀਆ ਧਰਮ ਅਤੇ ਹਰਿ ਦਾ ਨਿਸ਼ਾਨ" ਕਿਤਾਬ ਲਿਖੀ ਹੈ ਜਿਸ ਦਾ ਹਿੰਦੀ ਵਿੱਚ ਅਨੁਵਾਦ ਹੋ ਚੁੱਕਾ ਹੈ ਜੋ ਰਵਿਦਾਸੀਆ ਧਰਮ ਦੇ ਪੈਰੋਕਾਰਾਂ ਵਿੱਚ ਚੇਤਨਤਾ ਪੈਦਾ ਕਰੇਗੀ।**

**ਜੈ ਗੁਰੂਦੇਵ**

**ਸੁਭਾਸ਼ ਚੰਦਰ ਮੁਸਾਫਿਰ,**
**ਪ੍ਰਧਾਨ- ਅਖਿਲ ਭਾਰਤੀਯ ਰਵਿਦਾਸੀਆ ਧਰਮ ਸੰਗਠਨ,**
**ਹਿਮਾਚਲ ਪ੍ਰਦੇਸ਼।**
**ਪ੍ਰਧਾਨ** - ASTBRA



# ਮਹਾਨ ਉਪਰਾਲਾ

ਧੰਨ-ਧੰਨ ਜਗਤਗੁਰੂ ਰਵਿਦਾਸ ਮਹਾਰਾਜ ਜੀ ਨੇ ਅੰਮ੍ਰਿਤਬਾਣੀ ਵਿਚ ਆਪਣੇ ਪ੍ਰਭੂ-ਪ੍ਰੀਤਮ ਨੂੰ 'ਹਰਿ' ਦੇ ਪਵਿੱਤਰ ਨਾਮ ਨਾਲ ਸੰਬੋਧਨ ਕੀਤਾ ਹੈ ਅਤੇ ਪੂਰੇ ਵਿਸ਼ਵ ਨੂੰ ਮਾਨਵਤਾ, ਆਪਸੀ-ਪ੍ਰੇਮ, ਭਾਈਚਾਰੇ ਅਤੇ ਏਕਤਾ ਦਾ ਸੰਦੇਸ਼ ਦਿੰਦੇ ਹੋਏ 'ਹਰਿ' ਦੇ ਪਵਿੱਤਰ ਨਾਮ ਨੂੰ ਜੱਪਣ ਅਤੇ ਸੰਤਾਂ ਦੀ ਸੰਗਤ ਕਰਨ ਦਾ ਪਾਵਨ ਉਪਦੇਸ਼ ਬਖਸ਼ਿਸ਼ ਕੀਤਾ ਹੈ। 'ਹਰਿ' ਦਾ ਨਿਸ਼ਾਨ ਰਵਿਦਾਸੀਆ ਧਰਮ ਦਾ ਕੌਮੀ ਨਿਸ਼ਾਨ ਹੈ, ਪ੍ਰਕਾਸ਼ ਦਾ ਪ੍ਰਤੀਕ ਹੈ ਅਤੇ ਵਿਸ਼ਵ ਦੇ ਕੋਨੇ-ਕੋਨੇ ਵਿਚ ਗੁਰੂ ਰਵਿਦਾਸ ਧਰਮ ਅਸਥਾਨਾਂ 'ਤੇ ਝੂਲ ਰਿਹਾ ਹੈ।

ਅੱਜ ਪੂਰਾ ਵਿਸ਼ਵ ਚੰਗੀ ਤਰ੍ਹਾਂ ਜਾਣੂ ਹੈ ਕਿ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਮਿਸ਼ਨ ਨੂੰ ਜਨ-ਜਨ ਤੱਕ ਪਹੁੰਚਾਉਣ ਲਈ ਡੇਰਾ ਸ਼੍ਰੀ 108 ਸੰਤ ਸਰਵਣ ਦਾਸ ਜੀ ਸੱਚਖੰਡ ਬੱਲਾਂ ਜ਼ਿਲ੍ਹਾ ਜਲੰਧਰ, ਪੰਜਾਬ ਦੇ ਮਹਾਨ ਸੰਤ ਮਹਾਂਪੁਰਸ਼ ਬ੍ਰਹਮਲੀਨ ਸ੍ਰੀ 108 ਸੰਤ ਬਾਬਾ ਪਿੱਪਲ ਦਾਸ ਜੀ ਮਹਾਰਾਜ, ਬ੍ਰਹਮਲੀਨ ਸ੍ਰੀ 108 ਸੰਤ ਸਤਿਗੁਰੂ ਸੁਆਮੀ ਸਰਵਣ ਦਾਸ ਜੀ ਮਹਾਰਾਜ, ਬ੍ਰਹਮਲੀਨ ਸ੍ਰੀ 108 ਸੰਤ ਹਰੀ ਦਾਸ ਜੀ ਮਹਾਰਾਜ, ਬ੍ਰਹਮਲੀਨ ਸ੍ਰੀ 108 ਸੰਤ ਗਰੀਬ ਦਾਸ ਜੀ ਮਹਾਰਾਜ, ਮੌਜੂਦਾ ਗੱਦੀ ਨਸ਼ੀਨ ਸੰਤ ਨਿਰੰਜਣ ਦਾਸ ਜੀ ਮਹਾਰਾਜ, ਰਵਿਦਾਸੀਆ ਕੌਮ ਦੇ ਮਹਾਨ ਅਮਰ ਸ਼ਹੀਦ ਸ੍ਰੀ 108 ਸੰਤ ਰਾਮਾਨੰਦ ਜੀ ਮਹਾਰਾਜ ਅਤੇ ਸੰਤ ਸੁਰਿੰਦਰ ਦਾਸ ਬਾਵਾ ਜੀ ਦਿਨ-ਰਾਤ ਇਕ ਕਰਕੇ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਮਿਸ਼ਨ, ਰਵਿਦਾਸੀਆ ਧਰਮ ਅਤੇ 'ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ' ਦੇ ਪ੍ਰਚਾਰ-ਪ੍ਰਸਾਰ ਨੂੰ ਬੁਲੰਦੀਆਂ ਪ੍ਰਦਾਨ ਕਰ ਰਹੇ ਹਨ। ਡੇਰਾ ਸੱਚਖੰਡ ਬੱਲਾਂ ਦੀ ਅਸੀਮ ਕਿਰਪਾ ਸਦਕਾ ਰਵਿਦਾਸੀਆ ਕੌਮ ਨੂੰ ਸਹੀ ਮਾਰਗ ਦਰਸ਼ਨ ਮਿਲ ਰਿਹਾ ਹੈ, ਜਿਸਦੇ ਨਤੀਜੇ ਵਜੋਂ ਰਵਿਦਾਸੀਆ ਕੌਮ ਦੇ ਕਈ ਵਿਦਵਾਨ, ਬੁੱਧੀਜੀਵੀ, ਲੇਖਕ, ਚਿੰਤਕ, ਕਵੀ ਅਤੇ ਗਾਇਕ ਆਪਣੀ-ਆਪਣੀ ਕਲਾ ਨਾਲ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਮਿਸ਼ਨ, ਰਵਿਦਾਸੀਆ ਧਰਮ ਅਤੇ ਅੰਮ੍ਰਿਤਬਾਣੀ ਦੇ ਪ੍ਰਚਾਰ-ਪ੍ਰਸਾਰ ਵਿਚ ਯੋਗਦਾਨ ਦੇ ਰਹੇ ਹਨ। ਇਹ ਸਭ ਸ੍ਰੀ 108 ਸੰਤ ਨਿਰੰਜਣ ਦਾਸ ਮਹਾਰਾਜ ਜੀ ਦੇ ਅਸ਼ੀਰਵਾਦ ਅਤੇ ਸੰਤ ਸੁਰਿੰਦਰ ਦਾਸ ਬਾਵਾ ਜੀ ਦੀ ਪ੍ਰੇਰਨਾ ਸਦਕਾ ਹੀ ਹੈ ਕਿ ਰਵਿਦਾਸੀਆ ਕੌਮ ਦੇ ਬਹੁਤ ਹੀ ਪ੍ਰਤਿਭਾਵਾਨ ਅਤੇ ਪ੍ਰਭਾਵਸ਼ਾਲੀ ਲੇਖਕ ਸ੍ਰੀ ਰਾਜੇਸ਼ ਭਬਿਆਣਵੀ ਜੀ ਨੇ ਗੁਰੂ ਰਵਿਦਾਸ ਮਹਾਰਾਜ ਜੀ ਦੀਆਂ ਲਾਡਲੀਆਂ ਸੰਗਤਾਂ ਦੀ ਸੇਵਾ ਵਿਚ ਇਹ ਪੁਸਤਕ 'ਰਵਿਦਾਸੀਆ ਧਰਮ ਅਤੇ ਹਰਿ ਦਾ ਨਿਸ਼ਾਨ' ਬੜੀ ਮਿਹਨਤ ਅਤੇ ਲਗਨ ਨਾਲ ਤਿਆਰ ਕੀਤੀ ਹੈ ਜੋ ਕਿ ਰਵਿਦਾਸੀਆ ਧਰਮ ਦੇ ਪ੍ਰਚਾਰ-ਪ੍ਰਸਾਰ ਵਿਚ ਸਹਾਇਕ ਸਿੱਧ ਹੋ ਰਹੀ ਹੈ। ਉਮੀਦ ਹੈ ਕਿ ਸੰਗਤਾਂ ਇਸਨੂੰ ਪੜ੍ਹਕੇ ਲਾਹਾ ਖੱਟਣਗੀਆਂ।

ਦਾਸ ਵੱਡਭਾਗਾ ਹੈ, ਜਿਸਨੂੰ ਮਹਾਰਾਜ ਜੀ ਦੀ ਕਿਰਪਾ ਸਦਕਾ ਇਸ ਪੁਸਤਕ ਦਾ ਹਿੰਦੀ ਅਨੁਵਾਦ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਜੈ ਗੁਰੂਦੇਵ। *—ਸੁਖਵਿੰਦਰ 'ਕੌਲਧਾਰ'*

# ਲੇਖਕ ਵਲੋਂ



ਰਾਜੇਸ਼ ਕੈਂਥ ਭਵਿਆਣਵੀ

ਜਗਤਗੁਰੂ ਰਵਿਦਾਸ ਜੀ ਮਹਾਰਾਜ ਜਿਨ੍ਹਾਂ ਨੇ ਸੰਸਾਰ ਵਿੱਚ ਆ ਕੇ ਸਭ ਜੀਵਾਂ ਨੂੰ ਏਕਤਾ, ਭਾਈਚਾਰਾ, ਪ੍ਰਭੂ ਪ੍ਰੇਮ, ਸੰਤਾਂ ਦੀ ਸੰਗਤ ਕਰਨ ਦਾ ਪਾਵਨ ਉਪਦੇਸ਼ ਦਿੱਤਾ ਹੈ ਤੇ 'ਹਰਿ' ਦੀ ਬੇਅੰਤ ਮਹਿਮਾ ਆਪਣੀ ਅੰਮ੍ਰਿਤਬਾਣੀ ਵਿੱਚ ਕਰਕੇ ਹਰਿ ਦੇ ਸੱਚੇ ਨਾਮ ਨਾਲ ਜੁੜ ਕੇ ਆਪਣਾ ਅਣਮੁੱਲਾ ਜੀਵਨ ਆਨੰਦਮਈ ਬਣਾਉਣ ਦਾ ਸੱਚਾ ਮਾਰਗ ਦਿੱਤਾ। ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪਾਵਨ ਉਪਦੇਸ਼ਾਂ ਨੂੰ ਸੰਗਤਾਂ ਤੱਕ ਪਹੁੰਚਾਉਣ ਲਈ ਡੇਰਾ ਸੱਚਖੰਡ ਬੱਲਾਂ ਦੇ ਮਹਾਨ ਪਰਉਪਕਾਰੀ ਮਹਾਪੁਰਸ਼ਾਂ ਬ੍ਰਹਮਲੀਨ ਬਾਬਾ ਪਿੱਪਲ ਦਾਸ ਜੀ ਮਹਾਰਾਜ, ਬ੍ਰਹਮਲੀਨ ਸੰਤ ਸਰਵਣ ਦਾਸ ਜੀ ਮਹਾਰਾਜ, ਬ੍ਰਹਮਲੀਨ ਸੰਤ ਹਰੀ ਦਾਸ ਜੀ, ਬ੍ਰਹਮਲੀਨ ਸੰਤ ਗਰੀਬ ਦਾਸ ਜੀ ਮਹਾਰਾਜ, ਅਤੇ ਮੌਜੂਦਾ ਗੱਦੀ ਨਸ਼ੀਨ ਸਤਿਗੁਰੂ ਨਿਰੰਜਣ ਦਾਸ ਜੀ ਮਹਾਰਾਜ, ਅਮਰ ਸ਼ਹੀਦ ਸੰਤ ਰਾਮਾ ਨੰਦ ਜੀ ਤੇ ਸੰਤ ਸੁਰਿੰਦਰ ਦਾਸ ਬਾਵਾ ਜੀ ਦੁਆਰਾ ਕੀਤੇ ਜਾ ਰਹੇ ਕਾਰਜਾਂ ਨੂੰ ਸਾਰਾ ਵਿਸ਼ਵ ਜਾਣਦਾ ਹੈ।

ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਮਿਸ਼ਨ ਨੂੰ ਜਨ-ਜਨ ਤੱਕ ਪਹੁੰਚਾਉਣ ਲਈ ਉਹਨਾਂ ਦੀ ਵਿਚਾਰਧਾਰਾ ਨੂੰ ਵਿਸ਼ਵ ਦੇ ਕੋਨੇ-ਕੋਨੇ ਵਿੱਚ ਲਿਜਾਣ ਲਈ ਦਿਨ- ਰਾਤ ਇੱਕ ਕਰਕੇ ਪ੍ਰਚਾਰ ਕਰ ਰਹੇ ਹਨ। ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਅੰਮ੍ਰਿਤ ਬਾਣੀ ਨੂੰ ਘਰ-ਘਰ ਤੱਕ ਪਹੁੰਚਾਉਣ ਲਈ ਡੇਰਾ ਸੱਚਖੰਡ ਬੱਲਾਂ ਮੋਹਰੀ ਭੂਮਿਕਾ ਨਿਭਾ ਰਿਹਾ ਹੈ।

ਸਤਿਗੁਰੂ ਨਿਰੰਜਨ ਦਾਸ ਜੀ ਮਹਾਰਾਜ ਜੀ ਦੇ ਆਸ਼ੀਰਵਾਦ ਸਦਕਾ ਸੰਤ ਸੁਰਿੰਦਰ ਦਾਸ ਬਾਵਾ ਜੀ ਦੀ ਪ੍ਰੇਰਣਾ ਅਨੁਸਾਰ ਮੈਂ ਇਹ ਪੁਸਤਕ 'ਰਵਿਦਾਸੀਆ ਧਰਮ ਤੇ ਹਰਿ ਦਾ ਨਿਸ਼ਾਨ' ਪੂਰੀ ਕਰ ਪਾਇਆ ਹਾਂ।

'ਰਵਿਦਾਸੀਆ ਧਰਮ ਤੇ ਹਰਿ ਦਾ ਨਿਸ਼ਾਨ' ਪੁਸਤਕ ਦੀਂ ਹੋਂਦ ਨੂੰ ਜਦੋਂ ਦੇਖਦਾ ਹਾਂ ਤਾਂ ਸੰਤ ਸੁਰਿੰਦਰ ਦਾਸ ਬਾਵਾ ਜੀ ਦੁਆਰਾ ਦਿੱਤੇ ਥਾਪੜੇ, ਮਾਰਗ ਦਰਸ਼ਨ ਅਤੇ ਆਸ਼ੀਰਵਾਦ ਬਿਨਾਂ ਇਸ ਦੀ ਹੋਂਦ ਨਜ਼ਰ ਨਹੀਂ ਆਉਂਦੀ। ਉਹਨਾਂ ਦੀ ਪ੍ਰੇਰਨਾ ਸਦਕਾ ਹੀ ਮੈਂ ਪਹਿਲਾਂ ਵੀ ਦੋ ਪੁਸਤਕਾਂ 'ਸਤਿਗੁਰੂ ਰਵਿਦਾਸ ਪਿਆਰਾ' ਅਤੇ 'ਰਵਿਦਾਸੀਆ ਧਰਮ ਸਾਡਾ' ਲਿਖ ਸਕਿਆ ਹਾਂ। ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਦੇ ਚਰਨਾਂ ਵਿੱਚ ਮੇਰੀ ਬੇਨਤੀ ਅਰਜੋਈ ਹੈ ਕਿ ਉਹ ਸੰਤ ਨਿਰੰਜਣ ਦਾਸ ਜੀ ਮਹਾਰਾਜ ਅਤੇ ਸੰਤ ਸੁਰਿੰਦਰ ਦਾਸ ਬਾਵਾ ਜੀ ਤੇ ਆਪਣੀ ਮੇਹਰ ਬਣਾਈ ਰੱਖਣ ਤੇ ਸਾਡੇ ਸਮਾਜ ਦਾ ਕਲਿਆਣ ਹੋ ਸਕੇ।

ਇਸ ਪੁਸਤਕ ਦਾ ਖਰੜਾ ਪੜ੍ਹਨ ਲਈ ਮੈਂ ਸੰਤ ਸੁਰਿੰਦਰ ਦਾਸ ਬਾਵਾ ਜੀ, ਸੰਤ ਲੇਖ ਰਾਜ ਜੀ, ਸਿਰੀ ਰਾਮ ਅਰਸ਼ ਜੀ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ। ਆਪਣੇ ਮਾਤਾ- ਪਿਤਾ ਸਮੁੱਚੇ ਪਰਿਵਾਰ ਅਤੇ ਸੱਜਣਾ ਮਿੱਤਰਾਂ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਸਮੇਂ- ਸਮੇਂ ਤੇ ਸੁਝਾਅ ਦਿੱਤੇ। ਪ੍ਰਿੰਸੀਪਲ ਜੋਗੀ ਰਾਮ ਜੀ, ਬੇਗਮਪੁਰਾ ਸਟਾਫ, ਕੁਮਾਰੀ ਨਿਰਮਲ ਕੌਰ, ਕੁਮਾਰੀ ਸੀਮਾ, ਸ਼੍ਰੀ ਪਰਵੀਨ ਕੁਮਾਰ, ਸ਼੍ਰੀਮਤੀ ਨੀਲਮ ਰਾਣੀ (ਲੈਕਚਰਾਰ), ਸਤਪਾਲ ਸਾਹਲੋਂ ਜੀ।

ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਦੇ ਸੱਚੇ ਮਿਸ਼ਨ ਤੇ ਕੁਝ ਲਿਖ ਸਕਾ ਇਹ ਤਮੰਨਾ ਮੇਰੀ ਸਦਾ ਬਣੀ ਰਹੇ। ਸਤਿਗੁਰੂ ਜੀ ਹਮੇਸ਼ਾ ਸਹੀ ਮਾਰਗ ਤੇ ਤੋਰੀ ਰੱਖਣ ਅਤੇ ਆਪਣਾ ਆਸ਼ੀਰਵਾਦ ਦੇ ਕੇ ਇਸ ਛੋਟੀ ਜਿਹੀ ਜ਼ਿੰਦਗੀ ਨੂੰ ਲੇਖੇ ਵਿੱਚ ਲਗਾਉਣ।

"ਤੂੰ ਦਾਨਾ ਸਾਂਈ ਸਾਹਿਬ ਮੇਰਾ, ਖਿਦਮਤਦਾਰ ਬੰਦਾ ਮੈ ਤੇਰਾ। ।
ਕਹੈ ਰਵਿਦਾਸ ਅੰਦੇਸਾ ਯੇਹੀ, ਬਿਨ ਦਰਸਨ ਕਿਉ ਜੀਵਹਿ ਸਨੇਹੀ। । (ਅੰਮ੍ਰਿਤਬਾਣੀ)

ਰਾਜੇਸ਼ ਕੈਂਥ ਭਵਿਆਣਵੀ
ਪਿੰਡ ਤੇ ਡਾ. ਭਵਿਆਣਾ ਤਹਿ. ਫਗਵਾੜਾ, ਜਿਲ੍ਹਾ ਕਪੂਰਥਲਾ (ਪੰਜਾਬ) 144407
ਮੋਬਾਇਲ: 094639-67037,7589255320, 00966598899406



# ਡੇਰਾ 108 ਸੰਤ ਸਰਵਣ ਦਾਸ ਜੀ ਸੱਚਖੰਡ ਬੱਲਾਂ

ਇਹ ਪਵਿੱਤਰ ਧਰਤੀ ਮਹਾਨ ਤਪੱਸਵੀ, ਪਰਉਪਕਾਰੀ, ਦੀਰਘ-ਦਰਸ਼ੀ, ਤਤਬੇਤਾ, ਬ੍ਰਹਮ-ਗਿਆਨੀ, ਨਾਮ ਬਾਣੀ ਦੇ ਰਸੀਏ, ਦੁਖੀਆਂ ਦੇ ਹਮਦਰਦ, ਮਹਾਂਪੁਰਸ਼ਾਂ ਦਾ ਅਸਥਾਨ ਹੈ। ਅੱਜ ਤੱਕ ਨਿਮਨ ਲਿਖਤ ਮਹਾਂਪੁਰਸ਼ਾਂ ਨੇ ਇਸ ਦਰਬਾਰ ਦੇ ਗੱਦੀ ਨਸ਼ੀਨ ਹੋ ਕੇ ਸੇਵਾ ਕੀਤੀ।

* ਸ੍ਰੀ 108 ਬਾਬਾ ਪਿੱਪਲ ਦਾਸ ਜੀ ਜੋਤੀ ਜੋਤ ਸਮਾਏ 1928
* ਸ੍ਰੀ 108 ਸੰਤ ਸਰਵਣ ਦਾਸ ਜੀ ਜੋਤੀ ਜੋਤ ਸਮਾਏ 11 ਜੂਨ 1972
* ਸ੍ਰੀ 108 ਸੰਤ ਹਰੀ ਦਾਸ ਜੀ ਜੋਤੀ ਜੋਤ ਸਮਾਏ 6 ਫਰਵਰੀ 1982
* ਸ੍ਰੀ 108 ਸੰਤ ਗਰੀਬ ਦਾਸ ਜੀ ਜੋਤੀ ਜੋਤ ਸਮਾਏ 23 ਜੁਲਾਈ 1994
* ਸ੍ਰੀ 108 ਸੰਤ ਨਿਰੰਜਣ ਦਾਸ ਜੀ ਮੌਜੂਦਾ ਗੱਦੀ ਨਸ਼ੀਨ

## ਬਾਬਾ ਪਿੱਪਲ ਦਾਸ ਜੀ ਮਹਾਰਾਜ

ਬਾਬਾ ਪਿੱਪਲ ਦਾਸ ਜੀ ਮਹਾਰਾਜ ਜੀ ਦਾ ਜਨਮ ਪਿੰਡ ਗਿੱਲ-ਪੱਟੀ, ਜ਼ਿਲ੍ਹਾ ਬਠਿੰਡਾ ਵਿਖੇ ਹੋਇਆ। ਆਪ ਬਚਪਨ ਤੋਂ ਹੀ ਬੜੇ ਪ੍ਰਮਾਰਥੀ ਸੁਭਾਓ ਦੇ ਸਨ। ਗ੍ਰਹਿਸਥ ਜੀਵਨ ਬਤੀਤ ਕਰਦੇ ਹੋਏ ਆਪ ਆਪਣੇ ਪੂਜਨੀਯ ਗੁਰਦੇਵ ਬਾਬਾ ਮੋਹਣ ਦਾਸ ਜੀ ਦੇ ਸ਼ੁੱਭ ਉਪਦੇਸ਼ਾਂ ਨੂੰ ਜੀਵਨ ਵਿਚ ਧਾਰਣ ਕਰਦੇ ਹੋਏ ਪ੍ਰਮਾਤਮਾ ਦੇ ਸਿਮਰਨ ਵਿਚ ਮਗਨ ਰਹਿੰਦੇ ਸੀ। ਆਪ ਜੀ ਦਾ ਗ੍ਰਹਿਸਥ ਜੀਵਨ ਵੀ ਪੂਰਨ ਤਿਆਗਮਈ ਸੀ। ਆਪ ਜੀ ਦੇ ਜੀਵਨ ਸਾਥੀ ਬੀਬੀ ਸ਼ੋਭਾਵੰਤੀ ਜੀ ਵੀ ਬਹੁਤ ਪਵਿੱਤਰ ਵਿਚਾਰਾਂ ਦੇ ਸਨ। ਸਮੇਂ ਅਨੁਸਾਰ ਆਪ ਦੇ ਗ੍ਰਹਿ ਵਿਖੇ ਇਕ ਬਾਲਕ ਨੇ ਜਨਮ ਲਿਆ ਜੋ ਆਉਣ ਵਾਲੇ ਸਮੇਂ ਵਿਚ ਮਹਾਨ ਸੰਤ ਸਰਵਣ ਦਾਸ ਜੀ ਦੇ ਨਾਮ ਨਾਲ ਪ੍ਰਸਿੱਧ ਹੋਏ। ਸੁਆਮੀ ਸਰਵਣ ਦਾਸ ਜੀ ਅਜੇ ਬਾਲ ਅਵਸਥਾ ਵਿਚ ਹੀ ਸਨ, ਜਦੋਂ ਉਹਨਾਂ ਦੇ ਮਾਤਾ ਜੀ ਪ੍ਰਲੋਕ ਸਿਧਾਰ ਗਏ। ਇਸ ਸਮੇਂ ਦੌਰਾਨ ਹੀ ਬਾਬਾ ਪਿੱਪਲ ਦਾਸ ਜੀ ਨੇ ਆਪਣੀ ਪ੍ਰਮਾਰਥੀ ਯਾਤਰਾ ਸ਼ੁਰੂ ਕੀਤੀ ਅਤੇ ਪਿੰਡ ਬੱਲਾਂ ਜ਼ਿਲਾ ਜਲੰਧਰ ਵਿੱਚ ਆ ਕੇ ਨਿਵਾਸ ਕੀਤਾ ਜਿੱਥੇ ਪਹਿਲਾ ਡੇਰਾ ਸਥਿਤ ਹੈ ਇਥੇ ਰਹਿੰਦਿਆਂ ਬਾਬਾ ਜੀ ਨੇ ਸੰਗਤਾਂ ਨੂੰ ਸੇਵਾ, ਸਿਮਰਨ ਅਤੇ ਸਤਿਸੰਗ ਨਾਲ ਜੋੜਿਆ। ਆਪ ਜੀ ਦੀ ਸ਼ਰਣ ਵਿਚ ਰਹਿ ਕੇ ਕਈ ਮਹਾਂਪੁਰਸ਼ਾਂ ਨੇ ਅਧਿਆਤਮਕ ਵਿਦਿਆ ਦਾ ਅਧਿਐਨ ਕੀਤਾ। ਉਨ੍ਹਾਂ ਨੇ ਆਪਣੇ ਸਪੁੱਤਰ ਨੂੰ ਵਿੱਦਿਆ ਪ੍ਰਾਪਤੀ ਵਾਸਤੇ ਸ੍ਰੀ 108 ਸੰਤ ਕਰਤਾ ਨੰਦ ਜੀ, ਜੋ ਇਲਾਕੇ ਵਿਚ ਪ੍ਰਸਿੱਧ ਵਿਦਵਾਨ ਸਨ, ਜੀ ਦੀ ਸੰਗਤ ਵਿਚ ਜੋੜਿਆ ਅਤੇ ਨਾਮ ਦੀ ਅਨਮੋਲ ਦਾਤ ਸਵਾਮੀ ਸ੍ਰੀ ਹਰਨਾਮ ਦਾਸ ਜੀ ਪਾਸੋਂ ਪ੍ਰਾਪਤ ਕਰਵਾਈ। ਬਾਬਾ ਪਿੱਪਲ ਦਾਸ ਜੀ ਬਿਕਰਮੀ ਸੰਮਤ 1985 (ਸੰਨ 1928) 26 ਸਤੰਬਰ ਦਿਨ ਵੀਰਵਾਰ ਪੂਰਵ ਨਛੱਤਰ ਅਤੇ ਸਵੇਰ ਦੇ ਸਮੇਂ ਆਪਣੀ ਜੀਵਨ ਯਾਤਰਾ ਸੰਪੂਰਨ ਕਰਦੇ ਹੋਏ ਜੋਤੀ ਜੋਤ ਸਮਾ ਗਏ। ਬਾਬਾ ਜੀ ਦਾ ਅੰਗੀਠਾ ਸਾਹਿਬ ਪਿੰਡ ਬੱਲਾਂ ਦੇ ਪੂਰਵ ਦੀ ਤਰਫ ਸੁਸ਼ੋਭਿਤ ਹੈ। ਪਹਿਲਾ ਨਰਾਤਾ ਬਾਬਾ ਜੀ ਦੀ ਯਾਦ ਵਿਚ ਮਨਾਇਆ ਜਾਂਦਾ ਹੈ ਅਤੇ ਨਿਸ਼ਾਨ ਸਾਹਿਬ ਚੜਾਏ ਜਾਂਦੇ ਹਨ।

## ਸ੍ਰੀ 108 ਸੰਤ ਸਰਵਣ ਦਾਸ ਜੀ ਮਹਾਰਾਜ

ਬਾਬਾ ਪਿੱਪਲ ਦਾਸ ਜੀ ਤੋਂ ਬਾਅਦ ਡੇਰੇ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਸ੍ਰੀ 108 ਸੰਤ ਸਰਵਣ ਦਾਸ ਜੀ ਨੇ ਸੰਭਾਲੀਆਂ। ਆਪ ਸੰਗਤਾਂ ਨੂੰ ਬਹੁਤ ਪਿਆਰ ਦਿੰਦੇ ਸਨ। ਆਪ ਜੀ ਦਾ ਆਗਮਨ 15 ਫ਼ਰਵਰੀ 1895 ਈ. ਨੂੰ ਸਤਿਕਾਰਯੋਗ ਬਾਬਾ ਪਿੱਪਲ ਦਾਸ ਜੀ ਅਤੇ ਮਾਤਾ ਸ਼ੋਭਾਵੰਤੀ ਜੀ ਦੇ ਪਾਵਨ ਗ੍ਰਹਿ ਪਿੰਡ ਗਿੱਲਪੱਤੀ ਜ਼ਿਲ੍ਹਾ ਬਠਿੰਡਾ ਵਿਖੇ ਹੋਇਆ। ਹਰ ਰੋਜ਼ ਸੰਗਤਾਂ ਦੀ ਗਿਣਤੀ ਵਧਦੀ ਜਾਂਦੀ ਸੀ। ਨਾਮ ਦੀ ਦੁਆਈ ਨਾਲ ਜਿੱਥੇ ਸੰਗਤਾਂ ਦੀ ਜਨਮਾਂ-ਜਨਮਾਂਤਰਾਂ ਦੀ ਬਿਮਾਰੀ ਦਾ ਇਲਾਜ ਕਰਦੇ ਸਨ, ਉਥੇ ਸਥੂਲ ਸਰੀਰ ਦੇ ਇਲਾਜ ਲਈ ਆਯੁਰਵੈਦਿਕ ਦਵਾਈਆਂ ਰਾਹੀਂ ਸਰੀਰ ਦੇ ਇਲਾਜ ਦਾ ਪ੍ਰਬੰਧ ਕੀਤਾ। ਇਸਦੇ ਨਾਲ-ਨਾਲ ਬੱਚਿਆਂ ਦੀ ਪੜ੍ਹਾਈ ਦਾ ਵੀ ਪੂਰਾ ਪ੍ਰਬੰਧ ਕੀਤਾ। ਬੱਚਿਆਂ ਦੀ ਕਲਾਸ ਮਹਾਰਾਜ ਜੀ ਆਪ ਡੇਰੇ ਦੇ ਅੰਦਰ ਲਗਾਉਂਦੇ ਸਨ। ਪੜ੍ਹਾਈ ਦੇ ਨਾਲ-ਨਾਲ ਬੱਚਿਆਂ ਨੂੰ ਗੁਰਬਾਣੀ ਦੀ ਸੰਥਿਆ ਵੀ ਕਰਵਾਉਂਦੇ ਸਨ। ਬਾਬਾ ਪਿੱਪਲ ਦਾਸ ਜੀ ਦੇ ਸਮੇਂ ਦੌਰਾਨ ਹੀ ਸੰਗਤਾਂ ਦੀ ਸੇਵਾ ਵਿਚੋਂ ਸਮਾਂ ਮਿਲਦਿਆਂ ਹੀ ਆਪ ਇਕਾਂਤ ਜੰਗਲ ਵਿਚ ਨਿਕਲ ਜਾਇਆ ਕਰਦੇ ਸਨ ਅਤੇ ਦਰੱਖਤਾਂ ਦੀ ਠੰਡੀ ਛਾਂ ਹੇਠ ਸਮਾਧੀ ਲਗਾ ਕੇ ਸਿਮਰਨ ਕਰਦੇ ਸਨ। ਮਹਾਰਾਜ ਜੀ ਜਿੱਥੇ ਬੈਠ ਕੇ ਸਿਮਰਨ ਕਰਦੇ ਸਨ ਉਸੇ ਅਸਥਾਨ 'ਤੇ ਅੱਜ ਉਹਨਾਂ ਦਾ ਯਾਦਗਾਰੀ ਮੰਦਿਰ ਡੇਰੇ ਦੇ ਵਿਚਕਾਰ ਸ਼ੋਭਾ ਦੇ ਰਿਹਾ ਹੈ। ਇਕ ਕਨਾਲ ਜਗ੍ਹਾ ਸਰਦਾਰ ਹਜ਼ਾਰਾ ਸਿੰਘ ਜੀ ਪਿੰਡ ਬੱਲਾਂ ਵਾਲਿਆਂ ਨੇ ਦਾਨ ਕੀਤੀ ਸੀ। ਗਰਮੀ ਅਤੇ ਬਰਸਾਤ ਤੋਂ ਬਚਾਓ ਵਾਸਤੇ ਇਸੇ ਸਥਾਨ ਤੇ ਕੱਚੀਆਂ ਇੱਟਾਂ ਦੀ ਇਕ ਕੁਟੀਆ ਬਣਾਈ ਗਈ ਸੀ। ਕੁਟੀਆ ਦੇ ਸਾਹਮਣੇ ਇਕ ਥੜ੍ਹਾ ਸੀ, ਜਿੱਥੇ ਬੈਠ ਕੇ ਮਹਾਰਾਜ ਜੀ ਸੰਗਤਾਂ ਨੂੰ ਪ੍ਰਵਚਨ ਕਰਿਆ ਕਰਦੇ ਸਨ। ਬਾਬਾ ਪਿੱਪਲ ਦਾਸ ਜੀ ਦੇ ਬਚਨਾਂ ਦੀ ਪਾਲਨਾ ਕਰਦੇ ਹੋਏ ਸਵਾਮੀ ਸਰਵਣ ਦਾਸ ਜੀ ਨੇ ਸੰਤ ਹਰੀ ਦਾਸ ਜੀ ਨੂੰ ਸੰਗਤਾਂ ਦੀ ਸੇਵਾ ਵਿਚ ਜੋੜ ਲਿਆ। ਕੁਝ ਸਮਾਂ ਬਾਅਦ ਹੀ ਸੰਤ ਗਰੀਬ ਦਾਸ ਜੀ ਨੇ ਅਤੇ ਸੰਤ ਨਿਰੰਜਣ ਦਾਸ ਜੀ ਨੇ ਆਪਣਾ ਜੀਵਨ ਗੁਰੂ-ਚਰਨਾਂ ਵਿਚ ਸਮਰਪਿਤ ਕਰ ਦਿੱਤਾ ਅਤੇ ਸਾਰੇ ਮਹਾਂਪੁਰਸ਼ ਮਹਾਰਾਜ ਸੰਤ ਸਰਵਣ ਦਾਸ ਜੀ ਵਲੋਂ ਲਗਾਈਆਂ ਹੋਈਆਂ ਡਿਊਟੀਆਂ ਨੂੰ ਸੁਚੱਜੇ ਢੰਗ ਨਾਲ ਨਿਭਾਉਣ ਲੱਗੇ।

## ਸ੍ਰੀ ਗੁਰੂ ਰਵਿਦਾਸ ਜਨਮ ਅਸਥਾਨ ਕਾਂਸ਼ੀ ਵਿਖੇ ਮੰਦਿਰ ਦੀ ਉਸਾਰੀ

ਦੁਨੀਆਂ ਭਰ ਵਿਚ ਜਗਤਗੁਰੂ ਰਵਿਦਾਸ ਜੀ ਦੇ ਜਨਮ ਅਸਥਾਨ ਤੇ ਕੋਈ ਇਤਿਹਾਸਕ ਮੰਦਿਰ ਨਹੀਂ ਸੀ। ਸੁਆਮੀ ਸਰਵਣ ਦਾਸ ਜੀ, ਸੁਆਮੀ ਹਰੀ ਦਾਸ ਜੀ ਅਤੇ ਸੁਆਮੀ ਗਰੀਬ ਦਾਸ ਜੀ ਨੇ ਵਿਚਾਰ ਕਰਕੇ ਕਾਂਸ਼ੀ ਵਿਚ ਗੁਰੂ ਜੀ ਦੇ ਜਨਮ ਅਸਥਾਨ 'ਤੇ ਮੰਦਿਰ ਦੀ ਉਸਾਰੀ ਦੀ ਯੋਜਨਾ ਬਣਾਈ। ਸੰਤ ਸਰਵਣ ਦਾਸ ਜੀ ਨੇ ਇਸਦਾ ਨੀਂਹ ਪੱਥਰ 14 ਜੂਨ 1965 (ਹਾੜ੍ਹ ਦੀ



ਸੰਗਰਾਂਦ ਵਾਲੇ ਦਿਨ) ਸੰਤ ਹਰੀ ਦਾਸ ਜੀ ਦੇ ਕਰ-ਕਮਲਾਂ ਨਾਲ ਰਖਵਾਇਆ। ਇਸ ਤੋਂ ਬਾਅਦ ਸਾਰੀ ਉਸਾਰੀ ਸੰਤ ਗਰੀਬ ਦਾਸ ਜੀ ਨੇ ਸੰਗਤਾਂ ਨਾਲ ਭੇਜ ਕੇ ਕਰਵਾਈ। ਮੌਜੂਦਾ ਰੂਪ ਵਿਚ ਇਹ ਮੰਦਿਰ ਕਲਸ਼ ਤੋਂ ਬਗੈਰ ਸੁਆਮੀ ਸਰਵਣ ਦਾਸ ਜੀ ਦੇ ਜੀਵਨ-ਕਾਲ ਵਿਚ ਹੀ ਉਸਾਰਿਆ ਜਾ ਚੁੱਕਾ ਸੀ। ਤਿਆਰੀ ਦਾ ਕੰਮ ਉਨ੍ਹਾਂ ਤੋਂ ਬਾਅਦ ਸ੍ਰੀ 108 ਸੰਤ ਹਰੀ ਦਾਸ ਜੀ ਤੇ ਮਹਾਰਾਜ ਸ੍ਰੀ 108 ਸੰਤ ਗਰੀਬ ਦਾਸ ਜੀ ਨੇ ਕਰਵਾਇਆ। ਸੋਨੇ ਦਾ ਕਲਸ਼ 1994 ਵਿਚ ਸ੍ਰੀ 108 ਸੰਤ ਗਰੀਬ ਦਾਸ ਜੀ ਨੇ ਸੰਗਤਾਂ ਦੇ ਸਹਿਯੋਗ ਨਾਲ ਚੜ੍ਹਾਇਆ। ਇਸ ਮੰਦਿਰ ਵਿਚ ਜਗਤਗੁਰੂ ਰਵਿਦਾਸ ਮਹਾਰਾਜ ਅਤੇ ਸੁਆਮੀ ਸਰਵਣ ਦਾਸ ਜੀ ਦੀ ਮੂਰਤੀ ਦੀ ਸਥਾਪਨਾ ਇਕ ਵਿਸ਼ਾਲ ਸੰਤ ਸੰਮੇਲਨ ਕਰਕੇ 22 ਫਰਵਰੀ 1974 ਵਿਚ ਕੀਤੀ ਗਈ। ਇਸ ਮੰਦਿਰ ਦਾ ਪ੍ਰਬੰਧ ਸ੍ਰੀ ਗੁਰੂ ਰਵਿਦਾਸ ਜਨਮ ਅਸਥਾਨ ਪਬਲਿਕ ਚੈਰੀਟੇਬਲ ਟਰੱਸਟ ਚਲਾ ਰਿਹਾ ਹੈ।

ਇਸ ਮੰਦਿਰ ਦੀ ਉਸਾਰੀ ਨਾਲ ਹੀ ਸੁਆਮੀ ਸਰਵਣ ਦਾਸ ਜੀ ਨੇ ਸ੍ਰੀ ਗੁਰੂ ਰਵਿਦਾਸ ਸਾਧੂ ਸੰਪ੍ਰਦਾਇ ਸੁਸਾਇਟੀ, ਪਿੰਡਾਂ ਦੀਆਂ ਸ੍ਰੀ ਗੁਰੂ ਰਵਿਦਾਸ ਸਭਾਵਾਂ ਅਤੇ ਵਿੱਦਿਅਕ ਸੰਸਥਾਵਾਂ ਨਾਲ ਸਹਿਯੋਗ ਦੇ ਕੇ ਸਮਾਜ ਕਲਿਆਣ ਦੇ ਕੰਮਾਂ ਵਿਚ ਵੱਡੀ ਭੂਮਿਕਾ ਨਿਭਾਈ।

ਸ੍ਰੀ 108 ਸੰਤ ਸਰਵਣ ਦਾਸ ਜੀ ਮਹਾਰਾਜ ਅਤੇ ਉਹਨਾਂ ਦੇ ਸਾਥੀ ਮਹਾਂਪੁਰਸ਼ਾਂ ਦੀ ਸਖ਼ਤ ਘਾਲਨਾ ਸਦਕਾ ਇਹ ਡੇਰਾ ਸਾਰੇ ਸੰਸਾਰ ਵਿਚ ਪ੍ਰਮਾਰਥ ਦਾ ਇਕ ਵੱਡਾ ਕੇਂਦਰ ਬਣ ਗਿਆ। ਦੁਨੀਆਂ ਭਰ ਦੇ ਪ੍ਰੇਮੀਆਂ ਦੀਆਂ ਨਜ਼ਰਾਂ ਇਸ ਅਸਥਾਨ ਵੱਲ ਖਿੱਚੀਆਂ ਗਈਆਂ। ਸਤਿਗੁਰਾਂ ਦੇ ਚਰਨਾਂ ਵਿਚੋਂ ਸਭਨਾਂ ਦੀਆਂ ਮੁਰਾਦਾਂ ਪੂਰੀਆਂ ਹੋਣ ਲੱਗੀਆਂ। ਹਰ ਰੋਜ਼ ਆਸ਼ਰਮ ਵਿਚ ਸੰਗਤਾਂ ਦੀ ਰੌਣਕ ਲੱਗੀ ਰਹਿੰਦੀ ਸੀ। ਪ੍ਰਮਾਤਮਾ ਦੇ ਹੁਕਮ ਅਨੁਸਾਰ ਮਿਤੀ 11 ਜੂਨ 1972 ਦਾ ਉਹ ਦਿਨ ਆ ਗਿਆ ਜਿਸ ਦਿਨ ਸਤਿਗੁਰੂ ਸੁਆਮੀ ਸਰਵਣ ਦਾਸ ਜੀ ਮਹਾਰਾਜ—

**ਸੂਰਜ ਕਿਰਣ ਮਿਲੀ ਜਲ ਕਾ ਜਲ ਹੂਆ ਰਾਮ,**
**ਜੋਤੀ-ਜੋਤ ਰਲੀ ਸੰਪੂਰਣ ਥੀਆ ਰਾਮ।**

ਦੇ ਮਹਾਂਵਾਕ ਅਨੁਸਾਰ ਆਪਣੀ ਜੀਵਨ ਯਾਤਰਾ ਸੰਪੂਰਨ ਕਰਦੇ ਹੋਏ ਪ੍ਰਮਾਤਮਾ ਵਿਚ ਵਲੀਨ ਗਏ। ਸੰਗਤਾਂ ਆਪ ਜੀ ਦੀ ਕੁਰਬਾਨੀ ਰਹਿੰਦੀ ਦੁਨੀਆਂ ਤੱਕ ਯਾਦ ਰੱਖਣਗੀਆਂ।

## ਸ੍ਰੀ 108 ਸੰਤ ਹਰੀ ਦਾਸ ਜੀ ਮਹਾਰਾਜ

ਸਤਿਗੁਰ ਸੁਆਮੀ ਸਰਵਣ ਦਾਸ ਜੀ ਤੋਂ ਬਾਅਦ ਸ੍ਰੀ 108 ਸੰਤ ਹਰੀ ਦਾਸ ਜੀ ਮਹਾਰਾਜ, ਸੰਤ ਸਮਾਜ ਵਲੋਂ ਡੇਰਾ ਸੰਤ ਸਰਵਣ ਦਾਸ ਜੀ ਦੇ ਸੰਚਾਲਕ ਥਾਪੇ ਗਏ। ਸਹਾਇਕ ਰੂਪ ਵਿਚ ਸ੍ਰੀ 108 ਸੰਤ ਗਰੀਬ ਦਾਸ ਜੀ ਅਤੇ ਸ੍ਰੀ 108 ਸੰਤ ਨਿਰੰਜਣ ਦਾਸ ਜੀ ਦੀ ਸੇਵਾ ਲਗਾਈ ਗਈ। ਸ੍ਰੀ 108 ਸੰਤ ਹਰੀ ਦਾਸ ਜੀ ਦੇ ਪਿਤਾ ਦਾ ਨਾਮ ਸ੍ਰੀ ਹੁਕਮ ਚੰਦ ਜੀ ਅਤੇ ਮਾਤਾ ਦਾ

ਨਾਮ ਸ੍ਰੀਮਤੀ ਤਾਬੀ ਜੀ ਸੀ। ਆਪ ਜੀ ਦਾ ਜਨਮ ਸਥਾਨ ਪਿੰਡ ਗੜ੍ਹਾ ਜ਼ਿਲ੍ਹਾ ਜਲੰਧਰ ਸੀ।

## ਸੁਆਮੀ ਸਰਵਣ ਦਾਸ ਮਹਾਰਾਜ ਜੀ ਦੀ ਯਾਦ ਵਿਚ (ਸੱਚਖੰਡ) ਮੰਦਿਰ ਦੀ ਉਸਾਰੀ

ਸ੍ਰੀ 108 ਸੰਤ ਹਰੀ ਦਾਸ ਮਹਾਰਾਜ ਜੀ ਨੇ ਪੂਜਯ ਗੁਰਦੇਵ ਸ੍ਰੀ ਗੁਰੂ ਸਰਵਣ ਦਾਸ ਜੀ ਦੀ ਯਾਦ ਵਿਚ ਮੰਦਿਰ ਬਣਾਉਣ ਦਾ ਕੰਮ 10 ਅਗਸਤ, 1972 ਨੂੰ ਸ਼ੁਰੂ ਕੀਤਾ। ਇਕ ਸਾਲ ਅਤੇ ਕੁਝ ਮਹੀਨਿਆਂ ਵਿਚ ਇਸ ਮੰਦਿਰ ਦੀ ਉਸਾਰੀ ਬੜੇ ਜ਼ੋਰ-ਸ਼ੋਰ ਨਾਲ ਕੀਤੀ ਗਈ ਅਤੇ ਸੰਤ ਸਰਵਣ ਦਾਸ ਮਹਾਰਾਜ ਜੀ ਦੇ ਬਰਸੀ ਸਮਾਗਮ ਵਾਲੇ ਦਿਨ 11 ਜੂਨ 1974 ਨੂੰ ਮੰਦਿਰ ਦਾ ਉਦਘਾਟਨ ਕੀਤਾ ਗਿਆ। ਸ੍ਰੀ 108 ਸੰਤ ਸੁਆਮੀ ਸਰਵਣ ਦਾਸ ਜੀ ਦੀ ਮੂਰਤੀ ਸਥਾਪਿਤ ਕੀਤੀ ਗਈ। ਮੰਦਿਰ ਦੀ ਉਸਾਰੀ ਤੋਂ ਬਾਅਦ ਇਹ ਕੁਟੀਆ ਡੇਰਾ ਸ੍ਰੀ 108 ਸੰਤ ਸਰਵਣ ਦਾਸ ਜੀ, ਸੱਚਖੰਡ ਬੱਲਾਂ ਦੇ ਨਾਮ ਨਾਲ ਪ੍ਰਸਿੱਧ ਹੋਈ। ਮੰਦਿਰ ਦੀ ਉਸਾਰੀ ਵਿਚ ਦੇਸ਼-ਵਿਦੇਸ਼ ਦੀਆਂ ਸੰਗਤਾਂ ਨੇ ਬੜੇ ਉਤਸ਼ਾਹ ਨਾਲ ਸੇਵਾ ਕੀਤੀ। ਕਈ ਵਾਰ ਖਰਾਬ ਮੌਸਮ ਕਾਰਣ ਕੀਰਤਨ ਸਮਾਗਮ ਵਿਚ ਪ੍ਰੇਸ਼ਾਨੀ ਹੋ ਜਾਂਦੀ ਸੀ। ਇਸ ਪ੍ਰੇਸ਼ਾਨੀ ਨੂੰ ਦੂਰ ਕਰਨ ਵਾਸਤੇ ਸ੍ਰੀ 108 ਸੰਤ ਹਰੀ ਦਾਸ ਜੀ ਨੇ ਇਕ ਸਤਿਸੰਗ ਹਾਲ ਦੀ ਨੀਂਹ ਮਿਤੀ 31 ਅਕਤੂਬਰ, 1976 ਨੂੰ ਰੱਖ ਕੇ ਇਸ ਦੀ ਉਸਾਰੀ ਕੀਤੀ। ਇਸਦੇ ਨਾਲ ਸੰਗਤਾਂ ਨੂੰ ਬਹੁਤ ਵੱਡੀ ਸਹੂਲਤ ਮਿਲੀ। ਇਹ ਹਾਲ 'ਸੰਤ ਹਰੀ ਦਾਸ ਸਤਿਸੰਗ ਹਾਲ' ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਆਪ ਜੀ ਨੇ ਬੱਚਿਆਂ ਦੀ ਪੜ੍ਹਾਈ 'ਤੇ ਖਾਸ ਜ਼ੋਰ ਦਿੱਤਾ। ਬਾਲ ਵਿਆਹ ਦੇ ਆਪ ਪੂਰਨ ਰੂਪ ਵਿਚ ਵਿਰੋਧੀ ਸਨ। ਨਸ਼ੇ ਵਾਲੀਆਂ ਚੀਜ਼ਾਂ ਤੋਂ ਹਮੇਸ਼ਾ ਵਰਜਿਤ ਕਰਦੇ ਸਨ। ਗੁਰਬਾਣੀ ਨਾਲ ਜੋੜਨ ਵਾਸਤੇ ਸੰਗਤਾਂ ਨੂੰ ਪ੍ਰੇਰਨਾ ਕਰਦੇ ਰਹਿੰਦੇ ਸੀ। ਆਪ ਜੀ ਨੇ ਡੇਰੇ ਲਈ ਹੋਰ ਜ਼ਮੀਨ ਖਰੀਦੀ ਅਤੇ ਆਪ ਜੀ ਦੇ ਜੀਵਨ-ਕਾਲ ਵਿਚ ਵੀ ਡੇਰੇ ਦੀਆਂ ਸੇਵਾਵਾਂ ਨਿਰੰਤਰ ਚਲਦੀਆਂ ਰਹੀਆਂ। ਦਵਾਈ-ਦਾਰੂ ਦੀਆਂ ਸੇਵਾਵਾਂ ਸ਼੍ਰੀ 108 ਸੰਤ ਗਰੀਬ ਦਾਸ ਜੀ ਨਿਭਾਉਂਦੇ ਸਨ। ਪ੍ਰਮਾਤਮਾ ਦੇ ਹੁਕਮ ਅਨੁਸਾਰ ਲਗਭਗ 100 ਸਾਲ ਦੀ ਉਮਰ ਬਤੀਤ ਕਰਦੇ ਹੋਏ ਇਹ ਪ੍ਰਚੰਡ ਜੋਤ, 6 ਫਰਵਰੀ 1982 ਨੂੰ ਅਖੰਡ ਜੋਤ ਵਿਚ ਸਮਾ ਗਈ।

## ਸ੍ਰੀ 108 ਸੰਤ ਗਰੀਬ ਦਾਸ ਜੀ ਮਹਾਰਾਜ

ਸ੍ਰੀ 108 ਸੰਤ ਹਰੀ ਦਾਸ ਜੀ ਮਹਾਰਾਜ ਦੇ ਬ੍ਰਹਮਲੀਨ ਹੋਣ ਉਪਰੰਤ ਮਹਾਰਾਜ ਗਰੀਬ ਦਾਸ ਜੀ ਡੇਰੇ ਦੇ ਗੱਦੀ ਨਸ਼ੀਨ ਥਾਪੇ ਗਏ। ਆਪ ਜੀ ਦਾ ਆਗਮਨ 1925 ਈ. ਨੂੰ ਸਤਿਕਾਰਯੋਗ ਪਿਤਾ ਸ੍ਰੀ ਨਾਨਕ ਚੰਦ ਅਤੇ ਮਾਤਾ ਸ਼੍ਰੀਮਤੀ ਹਰ ਕੌਰ ਜੀ ਦੇ ਗ੍ਰਹਿ ਪਿੰਡ ਜਲਭੇਆਂ ਜ਼ਿਲ੍ਹਾ ਜਲੰਧਰ ਵਿਖੇ ਹੋਇਆ। ਆਪ ਜੀ ਦੇ ਸਹਾਇਕ ਵਜੋਂ ਸ੍ਰੀ 108 ਸੰਤ ਨਿਰੰਜਣ ਦਾਸ ਜੀ ਨੂੰ ਥਾਪਿਆ ਗਿਆ।

## 'ਸੰਤ ਸਰਵਣ ਦਾਸ ਚੈਰੀਟੇਬਲ ਹਸਪਤਾਲ ਦੀ ਉਸਾਰੀ'



ਸੰਤ ਗਰੀਬ ਦਾਸ ਜੀ ਦੁਖੀਆਂ ਦੀਆਂ ਪੀੜਾਂ ਨੂੰ ਤਾਂ ਪਹਿਲਾਂ ਹੀ ਚੰਗੀ ਤਰ੍ਹਾਂ ਸਮਝਦੇ ਸਨ। ਆਪ ਜੀ ਨੇ ਸਭ ਤੋਂ ਪਹਿਲਾ ਮਹਾਨ ਕਾਰਜ ਸਤਿਗੁਰਾਂ ਦੇ ਨਾਂ 'ਤੇ ਦੁਖੀਆਂ ਦੀ ਸੇਵਾ ਲਈ ਹਸਪਤਾਲ ਬਣਾਉਣ ਦਾ ਕੀਤਾ, ਜਿਸਦਾ ਸ਼ੁੱਭ ਆਰੰਭ 22 ਅਕਤੂਬਰ, 1982 ਨੂੰ ਪਿੰਡ ਢੇਪੁਰ-ਕੂਪੁਰ ਜ਼ਿਲ੍ਹਾ ਜਲੰਧਰ ਵਿਚ ਕੀਤਾ ਗਿਆ। ਇਸ ਵੱਡੇ ਖਰਚੇ ਵਾਲੇ ਕੰਮ ਨੂੰ ਆਪ ਜੀ ਨੇ ਸਤਿਗੁਰਾਂ ਦੇ ਭਰੋਸੇ 'ਤੇ ਹੀ ਆਰੰਭ ਕੀਤਾ। ਜਦੋਂ ਵੀ ਕਿਸੇ ਪੁਰਸ਼ ਨੇ ਸ਼ੰਕਾ ਪ੍ਰਗਟ ਕੀਤੀ ਕਿ ਹਸਪਤਾਲ ਕਿਵੇਂ ਚੱਲੇਗਾ ਤਾਂ ਆਪ ਜੀ ਕਿਹਾ ਕਰਦੇ ਸਨ ਕਿ ਇਹ ਸਤਿਗੁਰੂ ਸਰਵਣ ਦਾਸ ਜੀ ਦਾ ਕੰਮ ਹੈ ਅਤੇ ਮੈਨੂੰ ਪੂਰਨ ਵਿਸ਼ਵਾਸ ਹੈ ਉਨ੍ਹਾਂ ਦੀ ਕਿਰਪਾ ਨਾਲ ਕੰਮ ਹਮੇਸ਼ਾ ਚੜ੍ਹਦੀਆਂ ਕਲਾ ਵਿਚ ਚਲਦਾ ਰਹੇਗਾ। ਉਨ੍ਹਾਂ ਦੀ ਰਸਨਾ ਤੋਂ ਨਿਕਲੇ ਹੋਏ ਇਹ ਵਚਨ ਬਿਲਕੁਲ ਅਟੱਲ ਸਿੱਧ ਹੋਏ। ਇਸ ਹਸਪਤਾਲ ਦਾ ਨਾਮ ਸੰਤ ਸਰਵਣ ਦਾਸ ਚੈਰੀਟੇਬਲ ਹਸਪਤਾਲ ਰੱਖਿਆ ਗਿਆ, ਜਿਸ ਦਾ ਸ਼ੁੱਭ ਉਦਘਾਟਨ ਪਹਿਲੀ ਜਨਵਰੀ 1984 ਨੂੰ ਕੀਤਾ ਗਿਆ। ਇਸਦਾ ਪ੍ਰਬੰਧ ਅੱਜ ਤੱਕ 'ਸੰਤ ਸਰਵਣ ਦਾਸ ਚੈਰੀਟੇਬਲ ਹਸਪਤਾਲ ਟਰੱਸਟ' ਚਲਾ ਰਿਹਾ ਹੈ, ਜਿਸ ਦੇ ਮੁਖੀ ਹਮੇਸ਼ਾ ਡੇਰਾ ਸੱਚਖੰਡ ਬੱਲਾਂ ਦੇ ਮੁਖੀ ਹੋਣਗੇ। ਇਸ ਹਸਪਤਾਲ ਵਿਚ ਮਾਹਿਰ ਡਾਕਟਰਾਂ ਦੀਆਂ ਸੇਵਾਵਾਂ ਤੇ ਆਧੁਨਿਕ ਸਹੂਲਤਾਂ ਉਪਲਬਧ ਹਨ।

**ਸਪਤਾਹਿਕ ਬੇਗਮਪੁਰਾ ਸ਼ਹਿਰ ਪੱਤ੍ਰਿਕਾ** ਜਿਸ ਰਾਹੀਂ ਸਮਾਜ ਦੀ ਵੱਡੀ ਸੇਵਾ ਹੋ ਰਹੀ ਹੈ, ਸਤਿਗੁਰ ਸੁਆਮੀ ਗਰੀਬ ਦਾਸ ਜੀ ਨੇ ਸਮਾਜ ਨੂੰ ਇਕ ਮਹਾਨ ਦੇਣ ਬਖਸ਼ਿਸ਼ ਕੀਤੀ, ਇਸ ਪੱਤ੍ਰਿਕਾ ਦੇ ਆਪ ਜੀ ਬਾਨੀ ਸਨ।

ਸ੍ਰੀ ਗੁਰੂ ਰਵਿਦਾਸ ਆਈ.ਟੀ.ਆਈ. ਕਾਲਜ ਫਗਵਾੜਾ ਵਿਖੇ ਸੰਤ ਸਰਵਣ ਦਾਸ ਮੈਮੋਰੀਅਲ ਟੀਚਿੰਗ ਬਲਾਕ ਦਾ ਨੀਂਹ ਪੱਥਰ ਰੱਖਿਆ। ਹਾਲ ਕਮਰੇ ਦੀ ਉਸਾਰੀ ਵੀ ਡੇਰੇ ਵਲੋਂ ਕੀਤੀ ਗਈ। ਮਹਾਰਾਜ ਜੀ ਨੇ ਡੇਰੇ ਵਿਚ ਰਿਹਾਇਸ਼ ਵਾਸਤੇ ਇਕ ਵੱਡੀ ਬਿਲਡਿੰਗ ਦੀ ਸ਼ੁਰੂਆਤ ਕੀਤੀ, ਜੋ ਉਨ੍ਹਾਂ ਦੀ ਕਿਰਪਾ ਨਾਲ ਸੰਪੂਰਨ ਹੋਈ। ਇਸ ਬਿਲਡਿੰਗ ਵਿਚ ਚਾਰ ਵੱਡੇ ਹਾਲ ਅਤੇ 26 ਕਮਰੇ ਬਾਥਰੂਮ ਸਹਿਤ ਯਾਤਰੀਆਂ ਦੀ ਸਹੂਲਤ ਲਈ ਉਸਾਰੇ ਗਏ ਹਨ। ਡੇਰੇ ਵਿਚ ਪਾਣੀ ਦੀ ਸਪਲਾਈ ਲਈ ਇਕ ਟਿਊਬਵੈੱਲ ਅਤੇ ਪਾਣੀ ਵਾਲੀ ਟੈਂਕੀ ਦਾ ਪ੍ਰਬੰਧ ਕੀਤਾ ਗਿਆ। ਸੰਗਤਾਂ ਦੀ ਸਹੂਲਤ ਲਈ ਸਮਾਗਮਾਂ ਵਾਸਤੇ ਡੇਰੇ ਲਈ ਹੋਰ ਜ਼ਮੀਨ ਖਰੀਦੀ ਜੋ ਬਹੁਤ ਲੋੜੀਂਦੀ ਸੀ। ਜਲੰਧਰ-ਪਠਾਨਕੋਟ ਰੋਡ ਤੋਂ ਪਿੰਡ ਡੇਰੇ ਨੂੰ ਜਾਣ ਵਾਲੀ ਸੜਕ, ਜਿਸਦਾ ਨਾਂ ਸੰਤ ਸਰਵਣ ਦਾਸ ਮਾਰਗ ਹੈ ਤੇ ਆਪ ਜੀ ਨੇ ਸਤਿਗੁਰ ਸੁਆਮੀ ਸਰਵਣ ਦਾਸ ਜੀ ਦੀ ਯਾਦ ਵਿਚ ਇਕ ਅਤਿ ਸੁੰਦਰ ਗੇਟ ਦੀ ਉਸਾਰੀ ਕੀਤੀ, ਜਿਸ ਵਿਚ ਸੰਗਤ ਪਿੰਡ ਬੱਲਾਂ ਅਤੇ ਇਸ ਪਿੰਡ ਤੋਂ ਵਿਦੇਸ਼ ਵਿਚ ਰਹਿੰਦੇ ਪ੍ਰੇਮੀਆਂ ਨੇ ਵੀ ਸ਼ਲਾਘਾਯੋਗ ਯੋਗਦਾਨ ਪਾਇਆ। ਇਸ ਗੇਟ ਦਾ ਉਦਘਾਟਨ ਇੰਗਲੈਂਡ, ਅਮਰੀਕਾ ਅਤੇ ਕਨੇਡਾ ਤੋਂ

ਆਈਆਂ ਹੋਈਆਂ ਸੰਗਤਾਂ ਅਤੇ ਸੰਤ ਮਹਾਂਪੁਰਸ਼ਾਂ ਦੀ ਹਾਜ਼ਰੀ ਵਿਚ 11 ਜੂਨ 1994 ਨੂੰ ਸਵੇਰੇ ਕੀਤਾ ਗਿਆ। ਬਰਮਿੰਘਮ ਗੁਰੂ ਘਰ ਦਾ ਨੀਂਹ-ਪੱਥਰ ਅਤੇ ਸੰਪੂਰਨਤਾ ਤੇ ਸ਼ੁੱਭ ਉਦਘਾਟਨ ਆਪ ਜੀ ਦੇ ਕਰ ਕਮਲਾਂ ਨਾਲ ਕੀਤਾ ਗਿਆ। ਵੁਲਵਰਹੈਂਪਟਨ, ਸਟਰੂਡ ਕੈਂਟ, ਸਾਊਥੈਂਪਟਨ ਅਤੇ ਵਿਦੇਸ਼ਾਂ ਦੇ ਹੋਰ ਕਈ ਸ਼ਹਿਰਾਂ ਦੇ ਗੁਰੂ ਘਰਾਂ ਦੇ ਨੀਂਹ ਪੱਥਰ ਰੱਖਣ ਦਾ ਕੰਮ ਅਤੇ ਉਦਘਾਟਨ ਉਨ੍ਹਾਂ ਦੇ ਕਰ ਕਮਲਾਂ ਨਾਲ ਹੋਇਆ। ਮਹਾਰਾਜ ਜੀ 1985 ਤੋਂ ਲੈ ਕੇ ਜੂਨ 1994 ਤੱਕ ਛੇ ਵਾਰ ਇੰਗਲੈਂਡ ਅਤੇ ਇਸੇ ਦੌਰਾਨ ਤਿੰਨ ਵਾਰ ਅਮਰੀਕਾ ਤੇ ਇਕ ਵਾਰ ਕਨੇਡਾ ਗਏ। ਤਰਸਦੀਆਂ ਹੋਈਆਂ ਸੰਗਤਾਂ ਨੂੰ ਉਥੇ ਜਾ ਕੇ ਦਰਸ਼ਨ ਦੇ ਕੇ ਅਤੇ ਸਿਮਰਨ ਦੀਆਂ ਦਾਤਾਂ ਬਖਸ਼ ਕੇ ਉਨ੍ਹਾਂ ਦੇ ਜੀਵਨ ਵਿਚ ਖੁਸ਼ੀਆਂ ਭਰ ਦਿੱਤੀਆਂ।

1994 ਨੂੰ ਬਨਾਰਸ ਵਿਖੇ ਇਕ ਬਹੁਤ ਵੱਡਾ ਸਮਾਗਮ ਕੀਤਾ ਗਿਆ, ਜਿਸ ਵਿਚ ਵਿਦੇਸ਼ਾਂ ਦੀਆਂ ਸੰਗਤਾਂ ਵੱਡੀ ਗਿਣਤੀ ਵਿਚ ਪਹੁੰਚੀਆਂ। ਸ੍ਰੀ ਗੁਰੂ ਰਵਿਦਾਸ ਜਨਮ-ਸਥਾਨ ਵਿਖੇ ਇਹ ਇਸ ਕਿਸਮ ਦਾ ਪਹਿਲਾ ਸਮਾਗਮ ਸੀ ਜਿਸਨੂੰ ਸੰਗਤਾਂ ਹਮੇਸ਼ਾ ਯਾਦ ਕਰਦੀਆਂ ਹਨ। ਸਤਿਗੁਰੂ ਸੁਆਮੀ ਗਰੀਬ ਦਾਸ ਜੀ ਮਹਾਰਾਜ ਇੰਗਲੈਂਡ ਦੀਆਂ ਸੰਗਤਾਂ ਨੂੰ ਵਿਦਾ ਕਰਕੇ 23 ਜੁਲਾਈ 1994 ਨੂੰ ਸਦਾ ਲਈ ਬੇਗਮਪੁਰਾ ਸ਼ਹਿਰ 'ਚ ਨਿਵਾਸ ਕਰ ਲਿਆ।

## ਗੁਰੂ ਸਾਹਿਬਾਂ ਦੀਆਂ ਸਮਾਧਾਂ

### ਬਾਬਾ ਪਿੱਪਲ ਦਾਸ ਜੀ ਮਹਾਰਾਜ

ਅੰਗੀਠਾ ਸਾਹਿਬ—ਪਿੰਡ ਬੱਲਾਂ ਤੋਂ ਚੜ੍ਹਦੇ ਪਾਸੇ

ਸਮਾਧ—ਡੇਰੇ ਵਿਚ ਗੁੰਬਦ ਵਾਲਾ ਕਮਰਾ ਜਿੱਥੇ ਬਾਬਾ ਜੀ ਦੀ ਮੂਰਤੀ ਸੁਸ਼ੋਭਿਤ ਹੈ।

### ਸੰਤ ਸਰਵਣ ਦਾਸ ਜੀ ਮਹਾਰਾਜ

ਅੰਗੀਠਾ ਸਾਹਿਬ ਤੇ ਸਮਾਧ —ਮਹਾਰਾਜ ਪਿੱਪਲ ਦਾਸ ਜੀ ਦੀ ਸਮਾਧ ਦੇ ਨਾਲ।

### ਸੰਤ ਹਰੀ ਦਾਸ ਜੀ ਮਹਾਰਾਜ

ਅੰਗੀਠਾ ਸਾਹਿਬ ਤੇ ਸਮਾਧ —ਮਹਾਰਾਜ ਸਰਵਣ ਦਾਸ ਜੀ ਦੀ ਸਮਾਧ ਦੇ ਪੱਛਮ ਵੱਲ।

### ਸੰਤ ਗਰੀਬ ਦਾਸ ਜੀ ਮਹਾਰਾਜ

ਅੰਗੀਠਾ ਸਾਹਿਬ—ਸ੍ਰੀ ਗੁਰੂ ਰਵਿਦਾਸ ਸਤਿਸੰਗ ਭਵਨ ਦੇ ਪੂਰਬ ਵੱਲ।

ਸਮਾਧ—ਮਹਾਰਾਜ ਹਰੀ ਦਾਸ ਜੀ ਦੀ ਸਮਾਧ ਦੇ ਦੱਖਣ ਵੱਲ।

### ਸ੍ਰੀ 108 ਸੰਤ ਨਿਰੰਜਣ ਦਾਸ ਜੀ ਮਹਾਰਾਜ

**(ਮੌਜੂਦਾ ਗੱਦੀ ਨਸ਼ੀਨ)**



ਬ੍ਰਹਮਲੀਨ ਸੰਤ ਗਰੀਬ ਦਾਸ ਜੀ ਤੋਂ ਬਾਅਦ ਸ੍ਰੀ 108 ਸੰਤ ਨਿਰੰਜਣ ਦਾਸ ਜੀ ਮਹਾਰਾਜ ਗੱਦੀ ਨਸ਼ੀਨ ਥਾਪੇ ਗਏ। ਆਪ ਜੀ ਦਾ ਜਨਮ ਪਿਤਾ ਸ੍ਰੀ ਸਾਧੂ ਰਾਮ ਜੀ ਅਤੇ ਮਾਤਾ ਸ੍ਰੀਮਤੀ ਰੁਕਮਣੀ ਜੀ ਦੇ ਗ੍ਰਹਿ ਵਿਖੇ ਪਿੰਡ ਰਾਮਦਾਸਪੁਰ (ਨੇੜੇ ਅਲਾਵਲਪੁਰ) ਵਿਖੇ 6-1-1942 ਨੂੰ ਹੋਇਆ। ਆਪ ਜੀ ਦੇ ਮਾਤਾ-ਪਿਤਾ ਬਾਬਾ ਪਿੱਪਲ ਦਾਸ ਜੀ ਮਹਾਰਾਜ ਅਤੇ ਸਤਿਗੁਰੂ ਸਵਾਮੀ ਸਰਵਣ ਦਾਸ ਜੀ ਦੇ ਸ਼ਰਧਾਲੂ ਸਨ। ਘਰ ਦੇ ਕੰਮਾਂ-ਕਾਰਾਂ ਵਿਚ ਜਦੋਂ ਵੀ ਵਿਹਲ ਮਿਲਦੀ ਸਿੱਧੇ ਸੰਤਾਂ ਦੇ ਡੇਰੇ ਪਹੁੰਚ ਜਾਂਦੇ ਅਤੇ ਸੰਤਾਂ ਦੇ ਵਚਨ ਸੁਣਦੇ ਤੇ ਸੰਤਾਂ ਦੀ ਸੇਵਾ ਕਰਦੇ। ਆਪਣੇ ਨਾਲ ਆਪਣੇ ਪਿਆਰੇ ਸਪੁੱਤਰ ਨਿਰੰਜਣ ਦਾਸ ਜੀ ਨੂੰ ਵੀ ਸੰਤਾਂ ਦੇ ਦਰਸ਼ਨਾਂ ਲਈ ਲੈ ਆਉਂਦੇ ਸਨ। ਸੰਤ ਸਰਵਣ ਦਾਸ ਜੀ ਨੰਨ੍ਹੇ ਬੱਚੇ ਨੂੰ ਦੇਖ ਕੇ ਬਹੁਤ ਖੁਸ਼ ਹੁੰਦੇ ਅਤੇ ਆਪਣੇ ਪਾਸ ਲੈ ਕੇ ਮਿੱਠੀਆਂ ਗੱਲਾਂ ਕਰਦੇ। ਆਪ 8 ਕੁ ਸਾਲ ਦੇ ਸਨ ਜਦੋਂ ਆਪ ਜੀ ਨੂੰ ਸਤਿਗੁਰੂ ਸੁਆਮੀ ਸਰਵਣ ਦਾਸ ਜੀ ਦੇ ਚਰਨਾਂ ਵਿਚ ਸੇਵਾ ਮਿਲ ਗਈ। ਇਕ ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਨੇ ਆਪ ਜੀ ਦੇ ਪਿਤਾ ਪਾਸੋਂ ਪੁੱਛਿਆ ਕਿ ਕਾਕੇ ਦਾ ਨਾਂ ਕੀ ਹੈ ਤਾਂ ਸ੍ਰੀ ਸਾਧੂ ਰਾਮ ਨੇ ਕਿਹਾ ਕਿ ਮਹਾਰਾਜ ਜੀ ਅਸੀਂ ਇਸ ਦਾ ਨਾਮ ਨਿਰੰਜਣ ਰੱਖਿਆ ਹੈ, ਪਰ ਇਹ ਕੰਮ ਵਿਚ ਢਿੱਲਾ ਰਹਿੰਦਾ ਹੈ। ਸੰਤਾਂ ਨੇ ਕਿਹਾ ਕਿ ਅਸੀਂ ਇਸ ਦਾ ਨਾਂ ਅੱਜ ਤੋਂ ਹਵਾਈਗਰ ਰੱਖਦੇ ਹਾਂ, ਸਾਨੂੰ ਦਿਸਦਾ ਹੈ ਕਿ ਇਹ ਬਾਲਕ ਢਿੱਲਾ ਨਹੀਂ ਹੈ, ਬਲਕਿ ਹਵਾ ਨਾਲੋਂ ਵੀ ਤੇਜ਼ ਹੋਵੇਗਾ। ਸ੍ਰੀ ਰਾਮ ਸਾਧੂ ਰਾਮ ਜੀ ਨੇ ਸਤਿ ਬਚਨ ਕਹਿ ਕੇ ਸੰਤਾਂ ਨੂੰ ਮੱਥਾ ਟੇਕਿਆ ਤੇ ਬਾਲਕ ਨੂੰ ਸੰਤਾਂ ਦੇ ਹਵਾਲੇ ਕਰਕੇ ਆਪਣੇ ਨਗਰ ਨੂੰ ਚਲੇ ਗਏ। ਜਦੋਂ ਸੰਤ ਸਰਵਣ ਦਾਸ ਜੀ ਨੇ ਇਨ੍ਹਾਂ (ਸੰਤ ਨਿਰੰਜਣ ਦਾਸ ਜੀ) ਨੂੰ ਕਿਸੇ ਕੰਮ ਵਾਸਤੇ ਬਲਾਉਣਾ ਤਾਂ ਹਵਾਈਗਰ ਦੇ ਨਾਂ ਨਾਲ ਬਲਾਉਂਦੇ ਸਨ। ਇਹ ਜਿੱਥੇ ਵੀ ਹੁੰਦੇ ਸਨ ਦੌੜ ਕੇ ਸੰਤ ਸਰਵਣ ਦਾਸ ਜੀ ਦੇ ਚਰਨਾਂ ਵਿਚ ਪਹੁੰਚ ਕੇ ਪੁੱਛਦੇ ਕਿ ਕੀ ਹੁਕਮ ਹੈ ਮਹਾਰਾਜ ਜੀ ? ਸੰਤ ਬੜੇ ਖੁਸ਼ ਹੋ ਜਾਂਦੇ ਸਨ।

ਡੇਰੇ ਵਿਚ ਸੇਵਾ ਕਰਦਿਆਂ ਹਵਾਈਗਰ ਹੁਣ ਬਚਪਨ ਤੋਂ ਜਵਾਨੀ ਵਿਚ ਆ ਗਏ। ਜਿਸ ਕੰਮ ਦਾ ਵੀ ਸੰਤਾਂ ਨੇ ਹੁਕਮ ਦਿੱਤਾ ਕਿ ਹਵਾਈਗਰ ਇਹ ਕੰਮ ਕਰਨਾ ਹੈ, ਇਨ੍ਹਾਂ ਨੇ ਝਟਪਟ ਕਹਿਣਾ ਕਿ ਮਹਾਰਾਜ ਜੀ ਉਹ ਕੰਮ ਤਾਂ ਕਰ ਦਿੱਤਾ ਹੈ। ਸੰਤ ਸਰਵਣ ਦਾਸ ਜੀ ਇਨ੍ਹਾਂ ਦੀਆਂ ਸੇਵਾਵਾਂ ਤੋਂ ਬਹੁਤ ਖੁਸ਼ ਹੁੰਦੇ ਸਨ ਅਤੇ ਕਹਿੰਦੇ ਕਿ ਤੁਹਾਡੇ ਮਾਤਾ-ਪਿਤਾ ਤਾਂ ਤੁਹਾਨੂੰ ਢਿੱਲਾ ਕਹਿੰਦੇ ਸਨ, ਤੂੰ ਇਹ ਕੰਮ ਕਿਵੇਂ ਕਰ ਦਿੱਤਾ ? ਅੱਗੋਂ ਹਵਾਈਗਰ ਜੀ ਕਹਿੰਦੇ ਕਿ ਮਹਾਰਾਜ ਜੀ ਜਿੱਦਾਂ ਆਪ ਕਰਵਾਉਂਦੇ ਹੋ ਕਰਦਾ ਹਾਂ। ਤਾਂ ਸੰਤ ਸਰਵਣ ਦਾਸ ਜੀ ਇਹ ਵਚਨ ਸੁਣ ਕੇ ਬਹੁਤ ਹੀ ਪ੍ਰਸੰਨ ਹੋਏ ਅਤੇ ਕਹਿਣ ਲੱਗੇ ਹੁਣ ਅਸੀਂ ਤੇਰਾ ਨਾਂ ਹਵਾਈਗਰ ਤੋਂ ਸੰਤ ਨਿਰੰਜਣ ਦਾਸ ਰੱਖ ਦਿੱਤਾ ਹੈ। ਆਪ ਜੀ ਨੇ ਬਚਪਨ ਤੋਂ ਲੈ ਕੇ ਗੱਦੀਨਸ਼ੀਨ ਹੋਣ ਤੱਕ ਡੇਰੇ ਵਿਖੇ ਮਹਾਨ ਸੇਵਾਵਾਂ ਕੀਤੀਆਂ, ਹਰ ਰੋਜ਼ ਨਗਰਾਂ ਵਿਚ ਜਾ ਕੇ ਗੜ੍ਹਾ ਕਰਕੇ ਸੰਗਤ ਵਾਸਤੇ ਦੁੱਧ

ਲਿਆਇਆ ਕਰਦੇ ਸਨ। ਲੰਗਰ ਅਤੇ ਡੇਰੇ ਦੀ ਸਾਰੀ ਵਿਵਸਥਾ ਆਪ ਜੀ ਖ਼ੁਦ ਦੇਖਦੇ ਸਨ।

ਆਪ ਜੀ ਨੇ ਮਹਾਨ ਕਾਰਜ ਕੀਤੇ। ਡੇਰਾ ਸੱਚਖੰਡ ਬੱਲਾਂ ਵਿਖੇ ਗੁਰੂ ਸਾਹਿਬਾਂ ਵਲੋਂ ਲਗਾਈ ਗਈ ਸੇਵਾ ਨਿਭਾਉਂਦੇ ਹੋਏ ਡੇਰੇ ਦੀ ਉਸਾਰੀ, ਹਸਪਤਾਲਾਂ ਦੀ ਉਸਾਰੀ, ਸ੍ਰੀ ਗੁਰੂ ਰਵਿਦਾਸ ਜਨਮ ਅਸਥਾਨ ਵਿਖੇ ਸੰਗਤਾਂ ਦੀ ਸੁਵਿਧਾ ਲਈ ਹੋਰ ਉਸਾਰੀਆਂ ਦਾ ਕੰਮ, ਬੇਗਮਪੁਰਾ ਸ਼ਹਿਰ ਪੱਤ੍ਰਿਕਾ ਅਤੇ ਹੋਰ ਸਮਾਜ ਕਲਿਆਨ ਦੇ ਕੰਮਾਂ ਵਿਚ ਆਪ ਜੀ ਦਾ ਪੂਰਣ ਰੂਪ ਵਿਚ ਧਿਆਨ ਹੈ। ਆਪ ਜੀ 23 ਜੁਲਾਈ 1994 ਨੂੰ ਸੰਤ ਗਰੀਬ ਦਾਸ ਮਹਾਰਾਜ ਜੀ ਦੇ ਬ੍ਰਹਮਲੀਨ ਹੋਣ ਉਪਰੰਤ ਡੇਰਾ ਸੱਚਖੰਡ ਬੱਲਾਂ ਦੇ ਸੰਚਾਲਕ ਬਣੇ ਅਤੇ ਸੰਤ ਰਾਮਾਨੰਦ ਜੀ ਦੇ ਸਹਿਯੋਗ ਨਾਲ ਆਪ ਜੀ ਨੇ ਮਹਾਨ ਕਾਰਜ ਕੀਤੇ। ਸ਼੍ਰੀ ਗੁਰੂ ਰਵਿਦਾਸ ਜਨਮ ਸਥਾਨ ਮੰਦਿਰ ਵਿਖੇ 31 ਸਵਰਨ ਕਲਸ਼ ਸਜਾਏ ਅਤੇ ਸੰਗਤਾਂ ਦੀ ਸਹੂਲਤ ਲਈ ਚਾਰ ਮੰਜ਼ਿਲਾ ਬਿਲਡਿੰਗ ਦੀ ਉਸਾਰੀ ਕਰਵਾਈ ਅਤੇ ਉਥੇ ਹੋਰ ਜ਼ਮੀਨ ਖ਼ਰੀਦੀ। ਆਪ ਜੀ ਦੀ ਸਰਪ੍ਰਸਤੀ ਹੇਠ ਹੀ ਯੂਰਪ ਦੀਆਂ ਸੰਗਤਾਂ ਵਲੋਂ ਸਵਰਨ ਪਾਲਕੀ ਭੇਂਟ ਕੀਤੀ ਗਈ ਅਤੇ ਸ਼੍ਰੀ ਗੁਰੂ ਰਵਿਦਾਸ ਜਨਮ ਸਥਾਨ ਮੰਦਿਰ ਨੂੰ ਸੋਨੇ ਵਿਚ ਮੜ੍ਹਾਉਣ ਦਾ ਕਾਰਜ ਆਰੰਭ ਕੀਤਾ ਗਿਆ ਹੈ। ਸ਼੍ਰੀ ਗੁਰੂ ਰਵਿਦਾਸ ਮੰਦਿਰ ਅਤੇ ਸੰਤ ਸਰਵਣ ਦਾਸ ਮਾਡਲ ਸਕੂਲ ਹਦੀਆਬਾਦ ਫ਼ਗਵਾੜਾ, ਸ਼੍ਰੀ ਗੁਰੂ ਰਵਿਦਾਸ ਮੰਦਿਰ ਪੂਨਾ, ਸ਼੍ਰੀ ਗੁਰੂ ਰਵਿਦਾਸ ਮੰਦਿਰ ਸਿਰਸਗੜ੍ਹ, ਕਰਮ ਸਥੱਲੀ ਬਾਬਾ ਪਿੱਪਲ ਦਾਸ ਜੀ ਅਤੇ ਜਨਮ ਸਥੱਲੀ ਸਤਿਗੁਰੂ ਸਵਾਮੀ ਸਰਵਣ ਦਾਸ ਜੀ ਗਿੱਲਪੱਤੀ ਬਠਿੰਡਾ ਦੀ ਉਸਾਰੀ ਕਰਵਾਈ ਗਈ। ਡੇਰੇ ਵਿਖੇ ਸ਼੍ਰੀ ਗੁਰੂ ਰਵਿਦਾਸ ਸਤਿਸੰਗ ਭਵਨ ਅਤੇ ਸੰਤ ਸਰਵਣ ਦਾਸ ਚੈਰੀਟੇਬਲ ਅੱਖਾਂ ਦੇ ਹਸਪਤਾਲ ਦੀ ਉਸਾਰੀ ਕਰਵਾਈ ਗਈ।

ਡੇਰੇ ਅਤੇ ਡੇਰੇ ਨਾਲ ਜੁੜੀਆਂ ਹੋਈਆਂ ਸੰਸਥਾਵਾਂ ਦੇ ਸੰਚਾਲਨ ਲਈ ਦਿਨ-ਪ੍ਰਤੀ-ਦਿਨ ਕੰਮ ਚਲਾਉਣ ਵਿਚ ਸ੍ਰੀ 108 ਸੰਤ ਨਿਰੰਜਣ ਦਾਸ ਜੀ ਦੀ ਛਤਰ-ਛਾਇਆ ਹੇਠ ਸੰਤ ਰਾਮਾ ਨੰਦ ਜੀ ਇਕ ਮਹੱਤਵਪੂਰਨ ਭੂਮਿਕਾ ਨਿਭਾ ਰਹੇ ਸਨ। ਵਡਾਲਾ ਮਾਹੀ ਵਿਖੇ ਸੰਤ ਗੁਰਬਚਨ ਦਾਸ ਜੀ ਸੰਗਤਾਂ ਦੀ ਸੇਵਾ ਨਿਭਾ ਰਹੇ ਹਨ। ਬੀਬੀ ਭਜਨੋ ਜੀ ਮਹਾਰਾਜ ਜੀ ਦੇ ਭੋਜਨ ਅਤੇ ਗੁਰੂ ਸਾਹਿਬ ਦੇ ਲੰਗਰ ਵਿਚ ਆਪਣੀਆਂ ਨਿਸ਼ਕਾਮ ਸੇਵਾਵਾਂ ਦਾ ਯੋਗਦਾਨ ਪਾ ਰਹੇ ਹਨ।

ਡੇਰਾ ਸੰਤ ਸਰਵਣ ਦਾਸ ਜੀ ਸੱਚਖੰਡ ਬੱਲਾਂ ਦੇ ਨਾਮ ਹੇਠ ਜੋ ਸੇਵਾਵਾਂ ਚਲ ਰਹੀਆਂ ਹਨ ਉਨ੍ਹਾਂ 'ਚ ਸਮੁੱਚੀ ਸੰਗਤ ਦਾ ਅਥਾਹ ਪਿਆਰ ਝਲਕ ਰਿਹਾ ਹੈ। ਇਸ ਪੱਖੋਂ ਸਾਰੀਆਂ ਗੁਰੂ-ਪ੍ਰੇਮੀ ਸੰਗਤਾਂ ਧੰਨਵਾਦ ਦੀਆਂ ਪਾਤਰ ਹਨ।



## ਕੌਮ ਦੇ ਮਹਾਨ ਸ਼ਹੀਦ
## ਸ੍ਰੀ 108 ਸੰਤ ਰਾਮਾ ਨੰਦ ਮਹਾਰਾਜ

ਵਸਦੇ-ਰਸਦੇ ਸੰਸਾਰ ਅੰਦਰ ਕੁਝ ਅਜੀਮ ਸ਼ਖ਼ਸ਼ ਪੈਦਾ ਹੁੰਦੇ ਹਨ, ਜਿਹੜੇ ਆਪਣੇ ਪਰਉਪਕਾਰੀ ਕੰਮਾਂ ਸਦਕਾ ਰਹਿੰਦੀ ਦੁਨੀਆਂ ਤੱਕ ਆਪਣਾ ਨਾਂ ਕਮਾ ਜਾਂਦੇ ਹਨ, ਪਰ ਸੰਤ ਜਨ ਕੁੱਲ ਮਨੁੱਖਤਾ ਲਈ ਇੱਕ ਚਾਨਣ ਮੁਨਾਰਾ ਹੋ ਜਾਂਦੇ ਹਨ। ਬਾਰਡਰਾਂ ਦੀਆਂ ਸੀਮਤ ਲਕੀਰਾਂ, ਰੰਗਾਂ, ਨਸਲਾਂ, ਮਜ਼੍ਹਬਾਂ ਦੀਆਂ ਕੂੜ-ਕਹਾਣੀਆਂ ਉਨ੍ਹਾਂ ਲਈ ਕੋਈ ਅਰਥ ਨਹੀਂ ਰੱਖਦੀਆਂ। ਸੰਤ ਜਨ ਬੋਹੜ ਦੀ ਛਾਂ ਵਾਂਗਰ ਹੁੰਦੇ ਹਨ, ਜਿਹੜੇ ਪਾਪਾਂ ਰੂਪੀ ਗਰਮੀ ਨਾਲ ਤਪਦੀ ਮਨੁੱਖਤਾ ਨੂੰ ਪੱਛਮ ਦੀਆਂ ਠੰਡੀਆਂ-ਠਾਰ ਪੌਣਾਂ ਬਣ ਠਾਰਦੇ ਹਨ।

1910-15 ਦਰਮਿਆਨ ਸੰਤ ਰਾਮਾ ਨੰਦ ਜੀ ਦੇ ਪਿਤਾ ਸ਼੍ਰੀਮਾਨ ਮਹਿੰਗਾ ਰਾਮ ਜੀ ਅਤੇ ਉਨ੍ਹਾਂ ਦੇ ਵੱਡੇ-ਵਢੇਰੇ ਪਿੰਡ ਬੱਲਾਂ ਨੂੰ ਛੱਡ ਕੇ ਅਲਾਵਲਪੁਰ ਜ਼ਿਲ੍ਹਾ ਜਲੰਧਰ ਵਿਖੇ ਜਾ ਵਸੇ ਜੋ ਕਿ ਡੇਰਾ ਸੱਚਖੰਡ ਬੱਲਾਂ ਦੇ ਸ਼ਰਧਾਲੂ ਸਨ। ਜਦ ਕੋਈ ਇਤਿਹਾਸ ਸਿਰਜਣਾ ਹੋਵੇ ਤਾਂ ਕੁਦਰਤ ਬੜੀਆਂ ਨਵੀਆਂ-ਨਵੀਆਂ ਵਿਧਾਂ ਸਿਰਜਦੀ ਹੈ। ਕੁਝ ਐਸਾ ਹੀ ਹੋਇਆ ਇੱਕ ਪਰਿਵਾਰ ਦੇ ਜੀਵਨ ਵਿਚ। ਗ੍ਰਿਹਿਸਥੀ ਜੀਵਨ ਬਿਤਾ ਰਹੇ ਸ਼੍ਰੀਮਾਨ ਮਹਿੰਗਾ ਰਾਮ ਜੀ ਅਤੇ ਮਾਤਾ ਬੀਬੀ ਜੀਤ ਕੌਰ ਜੀ ਨੇ ਕਦੇ ਸੋਚਿਆ ਵੀ ਨਹੀਂ ਸੀ ਕਿ ਉਨ੍ਹਾਂ ਦੇ ਘਰ ਵਿਚ ਐਸਾ ਬਾਲਕ ਜਨਮ ਲਵੇਗਾ ਜਿਹੜਾ ਸਮੁੱਚੀ ਦਲਿਤ ਕੌਮ ਨੂੰ ਮਣਕਿਆਂ ਦੀ ਤਰ੍ਹਾਂ ਏਕਤਾ ਦੀ ਮਾਲਾ ਵਿਚ ਪਰੋ ਕੇ ਪੂਰੇ ਵਿਸ਼ਵ ਅੰਦਰ 108 ਸੰਤ ਸਰਵਣ ਦਾਸ ਜੀ ਮਹਾਰਾਜ ਡੇਰਾ ਸੱਚਖੰਡ ਬੱਲਾਂ ਵਰਗੇ ਸਾਧਨਾ ਸਥੱਲ ਨੂੰ ਉਹ ਚਾਰ ਚੰਨ ਲਾਉਣ ਵਿਚ ਵੱਡੀ ਭੂਮਿਕਾ ਨਿਭਾਏਗਾ, ਜਿਸ 'ਤੇ ਆਉਣ ਵਾਲੀਆਂ ਪੀੜ੍ਹੀਆਂ ਨਾਜ ਕਰਨਗੀਆਂ। ਅੱਜ ਡੇਰਾ ਸੱਚਖੰਡ ਬੱਲਾਂ ਸਤਿਗੁਰੂ ਸੁਆਮੀ ਨਿਰੰਜਣ ਦਾਸ ਮਹਾਰਾਜ ਜੀ ਅਤੇ ਸੰਤ ਰਾਮਾਨੰਦ ਜੀ ਦੀ ਅਸੀਮ ਘਾਲਣਾ ਸਦਕਾ ਮਨੁੱਖਤਾ ਵਿਸ਼ੇਸ਼ ਕਰਕੇ ਦਲਿਤਾਂ ਦਾ ਮੱਕਾ ਕਰਕੇ ਜਾਣਿਆ ਜਾਂਦਾ ਹੈ। ਸਮੇਂ ਦੇ ਗੱਦੀ ਨਸ਼ੀਨ ਮਹਾਂਪੁਰਸ਼ਾਂ ਦੀ ਪੈੜ ਚਾਲ ਨੂੰ ਨਾਪਣਾ ਤੇ ਉਨ੍ਹਾਂ ਦੀਆਂ ਪਾਈਆਂ ਪੈੜਾਂ ਉੱਪਰ ਤੁਰਨਾ ਮੌਜੂਦਾ ਗੱਦੀ ਨਸ਼ੀਨ ਮਹਾਂਪੁਰਸ਼ਾਂ ਦਾ ਉਦੇਸ਼ ਰਿਹਾ ਹੈ।

ਸ੍ਰੀ 108 ਸੰਤ ਰਾਮਾ ਨੰਦ ਜੀ ਦਾ ਜਨਮ 2 ਫਰਵਰੀ 1952 ਨੂੰ ਪਿਤਾ ਸ਼੍ਰੀਮਾਨ ਮਹਿੰਗਾ ਰਾਮ ਜੀ ਦੇ ਗ੍ਰਹਿ ਵਿਖੇ ਮਾਤਾ ਸ਼੍ਰੀਮਤੀ ਜੀਤ ਕੌਰ ਦੀ ਪੱਵਿਤਰ ਕੁੱਖੋਂ ਹੋਇਆ। ਆਪ ਜੀ ਬਚਪਨ ਤੋਂ ਹੀ ਸਾਧੂ ਸੁਭਾਅ ਰੱਖਦੇ ਸਨ। ਆਪ ਜੀ ਦੀ ਮਨਮੋਹਣੀ ਦਿੱਖ ਗਲੀ-ਮੁਹੱਲੇ ਦੇ ਲੋਕਾਂ ਨੂੰ ਕੀਲ ਕੇ ਰੱਖ ਦਿੰਦੀ ਸੀ। ਬੀ. ਏ. ਤੱਕ ਦੀ ਪੜ੍ਹਾਈ ਆਪ ਨੇ ਦੁਆਬਾ ਕਾਲਜ ਜਲੰਧਰ ਤੋਂ ਕੀਤੀ। ਆਪ ਜਿਸ ਵਕਤ ਪੜ੍ਹਾਈ ਕਰਨ ਜਾਂਦੇ ਸਨ ਤਾਂ ਅਕਸਰ ਗੁੰਮ-ਸੁਮ ਰਿਹਾ ਕਰਦੇ ਸਨ। ਆਪ ਬਚਪਨ ਤੋਂ ਹੀ ਸਾਧੂ-ਸੰਗਤ ਦੇ ਮੁਰੀਦ ਸਨ, ਸੋ ਫਿਰ ਰੰਗ ਤਾਂ ਚੜ੍ਹਨਾ ਹੀ ਸੀ, ਜੋ ਪ੍ਰਵਾਨ ਹੋ ਕੇ ਹੱਦੋਂ ਵੱਧ ਚੜ੍ਹਿਆ। ਘਰ ਦੇ ਹੋਰਨਾਂ

ਮੈਂਬਰਾਂ ਨੇ ਜ਼ੋਰਦਾਰ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਕਿ ਰਾਮਾ ਨੰਦ ਨੂੰ ਸਾਧੂਆਂ ਦੀ ਸੰਗਤ ਤੋਂ ਰੋਕਿਆ ਜਾਵੇ। ਘਰ ਵਿਚ ਅਕਸਰ ਸਾਧੂ-ਸੰਗਤ ਦੀ ਗੱਲਬਾਤ ਹੁੰਦੀ ਰਹਿੰਦੀ। ਸੰਤ ਰਾਮਾ ਨੰਦ ਜੀ ਘਰ ਦੇ ਘਰੇਲੂ ਕੰਮ ਕਰਦੇ ਹੋਏ ਵੀ ਹਰ ਵਕਤ ਪ੍ਰਮਾਤਮਾ ਦਾ ਸਿਮਰਨ ਕਰਦੇ ਰਹਿੰਦੇ। ਅਖੀਰ ਰਾਮਾ ਨੰਦ ਜੀ ਨੂੰ ਸ੍ਰੀਮਾਨ 108 ਸੰਤ ਹਰੀ ਦਾਸ ਜੀ ਮਹਾਰਾਜ ਸੱਚਖੰਡ ਬੱਲਾਂ ਵਾਲੇ ਮਹਾਂਪੁਰਸ਼ਾਂ ਦੇ ਚਰਨੀਂ ਲਗਾ ਦਿੱਤਾ ਗਿਆ। ਆਪ ਜੀ ਨੂੰ ਸੰਤ ਹਰੀ ਦਾਸ ਮਹਾਰਾਜ ਜੀ ਵਲੋਂ ਨਾਮ ਦੀ ਦਾਤ ਬਖਸ਼ਿਸ਼ ਕੀਤੀ ਗਈ। ਸੰਤ ਰਾਮਾਨੰਦ ਜੀ 1973 ਤੋਂ ਬਾਬਾ ਪਿੱਪਲ ਦਾਸ ਜੀ ਮਹਾਰਾਜ ਦੀ ਯਾਦ ਵਿਚ ਬੱਲਾਂ ਪਿੰਡ ਵਿਚ ਬਣੇ ਸੁੰਦਰ ਮੰਦਰ ਵਿਚ ਰਹਿ ਕੇ ਪ੍ਰਭੂ ਸਿਮਰਨ ਕਰਦੇ। ਸੰਤ ਰਾਮਾ ਨੰਦ ਜੀ ਬ੍ਰਹਮਲੀਨ ਸੰਤ ਹਰੀ ਦਾਸ ਜੀ ਮਹਾਰਾਜ ਜੀ ਦੇ ਸਮੇਂ ਅਤੇ ਮਹਾਰਾਜ ਗਰੀਬ ਦਾਸ ਜੀ ਦੇ ਸਮੇਂ ਦਿਨ ਵੇਲੇ ਡੇਰੇ ਵਿਚ ਰਹਿ ਕੇ ਸੰਗਤਾਂ ਦੀ ਸੇਵਾ ਕਰਦੇ ਅਤੇ ਰੋਜ਼ਾਨਾ ਸ਼ਬਦ ਕੀਰਤਨ ਅਤੇ ਕਥਾ ਕਰਦੇ।

ਇੱਥੇ ਵਰਣਨਯੋਗ ਹੈ ਕਿ ਸੰਤ ਰਾਮਾ ਨੰਦ ਜੀ ਨੂੰ ਗੁਰੂ ਗਿਆਨ ਸਤਿਗੁਰੂ ਹਰੀ ਦਾਸ ਜੀ ਮਹਾਰਾਜ ਤੋਂ ਪ੍ਰਾਪਤ ਹੋਇਆ ਅਤੇ ਸਤਿਗੁਰੂ ਗਰੀਬ ਦਾਸ ਜੀ ਮਹਾਰਾਜ ਨੇ ਉਨ੍ਹਾਂ ਨੂੰ ਭੇਖ ਧਾਰਨ ਕਰਵਾਇਆ। ਉਨ੍ਹਾਂ ਨਾਲ ਹੀ ਸੰਤ ਰਾਮਾਨੰਦ ਜੀ ਨੂੰ ਵੱਖ-ਵੱਖ ਦੇਸ਼ਾਂ ਵਿਚ ਸ੍ਰੀ ਗੁਰੂ ਰਵਿਦਾਸ ਮਿਸ਼ਨ ਦੇ ਪ੍ਰਚਾਰ ਤੇ ਪ੍ਰਸਾਰ ਹਿੱਤ ਜਾਣ ਦਾ ਸੁਭਾਗ ਪ੍ਰਾਪਤ ਹੋਇਆ। ਇਸ ਤੋਂ ਬਾਅਦ ਡੇਰਾ ਸੱਚਖੰਡ ਬੱਲਾਂ ਦੇ ਮਹਾਨ ਸੰਤ ਬ੍ਰਹਮਲੀਨ ਸਤਿਗੁਰੂ ਗਰੀਬ ਦਾਸ ਜੀ ਅਤੇ ਮੌਜੂਦਾ ਗੱਦੀ ਨਸ਼ੀਨ ਸ੍ਰੀ 108 ਸੰਤ ਨਿਰੰਜਣ ਦਾਸ ਜੀ ਮਹਾਰਾਜ ਦੀ ਰਹਿਨੁਮਾਈ ਹੇਠ ਵਿਦੇਸ਼ੀ ਸੰਗਤਾਂ ਨੂੰ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੀ ਵਿਚਾਰਧਾਰਾ ਨਾਲ ਜੋੜਿਆ। ਆਪ ਵਿਦੇਸ਼ੀ ਸੰਗਤਾਂ ਦੀਆਂ ਅੱਖਾਂ ਦੇ ਤਾਰੇ ਸਨ। ਆਪ ਜੀ ਦੀ ਰਸਨਾ ਤੋਂ ਬਾਣੀ ਦੇ ਮਿੱਠੇ ਬੋਲ ਸਰਵਣ ਕਰਕੇ ਸੰਗਤਾਂ ਮੰਤਰ-ਮੁਗਧ ਹੋ ਜਾਂਦੀਆਂ ਸਨ।

ਆਪ ਇੱਕ ਕੁਸ਼ਲ ਪ੍ਰਸ਼ਾਸ਼ਕ ਸਨ, ਜਿਨ੍ਹਾਂ ਨੇ ਡੇਰੇ ਦੇ ਪ੍ਰਬੰਧ ਨੂੰ ਬਹੁਤ ਹੀ ਸੁਚਾਰੂ ਢੰਗ ਨਾਲ ਚਲਾਇਆ। ਵਿਸ਼ਵ ਵਿਚ ਸੰਤ ਸੰਮੇਲਨਾਂ ਵਿਚ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਦਾ ਪ੍ਰਚਾਰ ਤੇ ਪ੍ਰਸਾਰ ਕਰਨ ਦੇ ਨਾਲ-ਨਾਲ ਆਪ ਡੇਰਾ ਸੱਚਖੰਡ ਬੱਲਾਂ ਵਲੋਂ ਮਾਨਵ ਭਲਾਈ ਲਈ ਚਲਾਏ ਜਾ ਰਹੇ ਵੱਖ-ਵੱਖ ਪ੍ਰੋਜੈਕਟਾਂ ਦੇ ਕਾਰਜਾਂ ਨੂੰ ਚਲਾਉਣ ਲਈ ਵੱਧ-ਚੜ੍ਹ ਕੇ ਭਾਗ ਲੈਂਦੇ ਸਨ। ਡੇਰਾ ਸੱਚਖੰਡ ਬੱਲਾਂ ਵਲੋਂ ਪ੍ਰਕਾਸ਼ਿਤ ਕੀਤੇ ਜਾ ਰਹੇ 'ਬੇਗਮਪੁਰਾ ਸ਼ਹਿਰ' ਦੇ ਸੰਪਾਦਕ ਵਜੋਂ ਆਪ ਜੀ ਨੇ ਸ਼ਲਾਘਾਯੋਗ ਸੇਵਾਵਾਂ ਨਿਭਾਈਆਂ, ਜਿਸ ਵਾਸਤੇ ਆਪ ਜੀ ਨੂੰ ਭਾਰਤੀ ਦਲਿਤ ਸਾਹਿਤ ਅਕਾਦਮੀ ਵਲੋਂ ਪੁਰਸਕਾਰਿਤ ਕੀਤਾ ਗਿਆ। ਇਹ ਪਹਿਲੀ ਵਾਰ ਸੀ ਕਿ ਆਪ ਜੀ ਨੇ ਯੂ. ਕੇ. ਦੀ ਪਾਰਲੀਮੈਂਟ ਸਦਨ ਵਿਚ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਬਾਰੇ ਸਪੀਚ ਪੜ੍ਹ ਕੇ ਇੱਕ ਨਵੇਂ ਇਤਿਹਾਸ ਦੀ ਸਿਰਜਣਾ ਕੀਤੀ। ਆਪ ਬਾਣੀ ਦੇ ਮਹਾਨ ਗਿਆਤਾ ਸਨ ਅਤੇ ਬੜੀਆਂ ਹੀ ਸਰਲ ਉਦਾਹਰਣਾਂ ਦਾ ਵਰਣਨ ਕਰਕੇ



ਗੁਰਬਾਣੀ ਦੇ ਜਟਿਲ ਅਰਥਾਂ ਦੀ ਵਿਆਖਿਆ ਕਰਨ ਵਿਚ ਮਾਹਿਰ ਸਨ। ਆਪ ਜਦੋਂ ਸੰਗੀਤਮਈ ਕੀਰਤਨ ਕਰਦੇ ਸਨ ਤਾਂ ਪੰਡਾਲ ਵਿਚ ਬੈਠੀ ਸੰਗਤ ਪੂਰੀ ਤਰ੍ਹਾਂ ਕੀਲੀ ਜਾਂਦੀ ਸੀ।

ਨਵੀਂ ਪੀੜ੍ਹੀ ਵਿਚ ਸੰਗੀਤ ਪ੍ਰਤੀ ਚੇਟਕ ਪੈਦਾ ਕਰਨ ਲਈ ਆਪ ਜੀ ਨੇ ਡੇਰਾ ਸੱਚਖੰਡ ਬੱਲਾਂ ਵਿਖੇ ਨਾ ਸਿਰਫ ਸ੍ਰੀ ਗੁਰੂ ਰਵਿਦਾਸ ਸੰਗੀਤ ਅਕੈਡਮੀ ਖੋਲ੍ਹੀ, ਸਗੋਂ ਆਪ ਜੀ ਦੀ ਪਾਰਖੂ ਨਜ਼ਰ ਨੇ ਅਨੇਕਾਂ ਮਿਸ਼ਨਰੀ ਗਾਇਕਾਂ, ਗੀਤਕਾਰਾਂ ਅਤੇ ਸਾਹਿਤਕਾਰਾਂ ਦੀ ਪਛਾਣ ਕੀਤੀ ਅਤੇ ਉਨ੍ਹਾਂ ਨੂੰ ਗੋਲਡ ਮੈਡਲਾਂ ਨਾਲ ਸਨਮਾਨਿਤ ਵੀ ਕੀਤਾ ਗਿਆ। ਆਪ ਜੀ ਦੀ ਰਸਭਿੰਨੀ ਅਵਾਜ਼ ਵਿਚ ਜਲੰਧਰ ਦੂਰਦਰਸ਼ਨ ਤੋਂ 'ਅੰਮ੍ਰਿਤਬਾਣੀ ਸ੍ਰੀ ਗੁਰੂ ਰਵਿਦਾਸ ਜੀ' ਅਤੇ 'ਬੇਗਮਪੁਰਾ ਸਹਿਰ ਕੋ ਨਾਉ' ਨਾਂ ਦੇ ਪ੍ਰੋਗਰਾਮ ਵੀ ਦਿਖਾਏ ਜਾ ਰਹੇ ਹਨ।

ਡੇਰਾ ਬੱਲਾਂ ਵਲੋਂ ਚਲਾਏ ਜਾ ਰਹੇ ਸੰਸਥਾਨਾਂ ਦੀਆਂ ਇਮਾਰਤਾਂ ਦੀ ਉਸਾਰੀ ਵਿਚ ਸੰਤ ਰਾਮਾਨੰਦ ਜੀ ਦਾ ਅਤਿ ਵਿਸ਼ੇਸ਼ ਯੋਗਦਾਨ ਰਿਹਾ ਹੈ। ਜਦੋਂ ਸ੍ਰੀ ਗੁਰੂ ਰਵਿਦਾਸ ਜਨਮ ਅਸਥਾਨ ਮੰਦਿਰ ਸੀਰ ਗੋਵਰਧਨਪੁਰ ਵਾਰਾਨਸੀ, ਸੰਤ ਸਰਵਣ ਦਾਸ ਚੈਰੀਟੇਬਲ ਹਸਪਤਾਲ ਅੱਡਾ ਕਠਾਰ, ਸ੍ਰੀ ਗੁਰੂ ਰਵਿਦਾਸ ਸਤਿਸੰਗ ਭਵਨ ਬੱਲਾਂ, ਸ੍ਰੀ ਗੁਰੂ ਰਵਿਦਾਸ ਮੰਦਰ ਅਤੇ ਸੰਤ ਸਰਵਣ ਦਾਸ ਮਾਡਲ ਸਕੂਲ ਹਦੀਆਬਾਦ ਫਗਵਾੜਾ, ਸੰਤ ਸਰਵਣ ਦਾਸ ਆਈ ਹਸਪਤਾਲ ਬੱਲਾਂ, ਸ੍ਰੀ ਗੁਰੂ ਰਵਿਦਾਸ ਮੰਦਰ ਸਿਰਸਗੜ੍ਹ ਹਰਿਆਣਾ, ਬਾਬਾ ਪਿੱਪਲ ਦਾਸ ਜੀ ਮਹਾਰਾਜ ਜੀ ਦੀ ਕਰਮ ਸਥਲੀ ਅਤੇ ਸੰਤ ਸਰਵਣ ਦਾਸ ਜੀ ਮਹਾਰਾਜ ਦੀ ਜਨਮ ਸਥਲੀ ਗਿੱਲ ਪੱਟੀ ਬਠਿੰਡਾ, ਸ੍ਰੀ ਗੁਰੂ ਰਵਿਦਾਸ ਮੰਦਿਰ ਕਾਤਰਜ ਪੂਨੇ ਦੀਆਂ ਨਵੀਆਂ ਬਣ ਰਹੀਆਂ ਈਮਾਰਤਾਂ ਦਾ ਕੰਮ ਚੱਲ ਰਿਹਾ ਸੀ ਤਾਂ ਸੰਤ ਰਾਮਾਨੰਦ ਜੀ ਖੁਦ ਆਪ ਮਿਹਨਤਕਸ਼ਾਂ ਦੀ ਤਰ੍ਹਾਂ ਕੰਮ ਵਿਚ ਕੁੱਦ ਪੈਂਦੇ ਸਨ, ਸੰਗਤਾਂ ਵਲੋਂ ਅਰਾਮ ਕਰਨ ਲਈ ਬੇਨਤੀ ਕਰਨ ਦੇ ਬਾਵਜੂਦ ਘੰਟਿਆਂ-ਬੱਧੀ ਕੰਮ ਕਰਦੇ ਰਹਿੰਦੇ ਅਤੇ ਸਭ ਆਮ ਅਤੇ ਖਾਸ ਲਈ ਪ੍ਰੇਰਣਾ ਸਰੋਤ ਬਣ ਜਾਂਦੇ ਸਨ।

ਸੰਤ ਰਾਮਾਨੰਦ ਜੀ ਇੱਕ ਅਣਥੱਕ, ਸਿਰੜੀ ਯੋਧੇ ਸਨ, ਜਿਹੜੇ ਮਿਸ਼ਨਰੀ ਕਾਰਜਾਂ ਨੂੰ ਸੰਪੂਰਨ ਕਰਨ ਲਈ ਦਿਨ-ਰਾਤ ਇੱਕ ਕਰਦੇ ਹੋਏ ਨਾ ਥੱਕਦੇ ਸਨ ਅਤੇ ਨਾ ਹੀ ਅੱਕਦੇ ਸਨ। ਆਪ ਅਕਸਰ ਕਿਹਾ ਕਰਦੇ ਸਨ 'ਜਿਹੜਾ ਸਮਾਂ ਮਹਾਰਾਜ ਜੀ ਦੀ ਸੇਵਾ ਵਿਚ ਲੱਗ ਜਾਵੇ ਉਹੀ ਚੰਗਾ ਹੈ, ਕੀ ਪਤਾ ਫਿਰ ਸਮਾਂ ਮਿਲੇ ਨਾ ਮਿਲੇ।'

ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਮਿਸ਼ਨ ਦੇ ਪ੍ਰਚਾਰ ਤੇ ਪ੍ਰਸਾਰ ਕਰਨ ਗਏ ਸ੍ਰੀ 108 ਸੰਤ ਨਿਰੰਜਣ ਦਾਸ ਜੀ ਮਹਾਰਾਜ ਮੌਜੂਦਾ ਗੱਦੀ ਨਸ਼ੀਨ ਡੇਰਾ ਸੱਚਖੰਡ ਬੱਲਾਂ ਅਤੇ ਗੁਰੂ ਘਰ ਦੇ ਵਜ਼ੀਰ, ਕੀਰਤਨ ਦੇ ਧਨੀ, ਮਹਾਨ ਵਿਦਵਾਨ, ਨਾਮ ਦੇ ਰਸੀਏ, ਮਹਾਨ ਵੈਦ, ਜਗਤਗੁਰੂ ਰਵਿਦਾਸ ਮਿਸ਼ਨ ਦੇ ਧੁਰੇ, ਸੰਤ ਸਮਾਜ ਦੇ ਅਨਮੋਲ ਹੀਰੇ 108 ਸੰਤ ਰਾਮਾ ਨੰਦ ਜੀ ਨੂੰ ਮਾਨਵ ਵਿਰੋਧੀਆਂ ਨੇ ਵਿਆਨਾ (ਅਸਟਰੀਆ) ਦੇ ਇੱਕ ਗੁਰੂ ਘਰ ਦੇ ਵਿਚ ਹਮਲਾ

ਕਰਕੇ ਗੰਭੀਰ ਰੂਪ ਵਿਚ ਜ਼ਖਮੀ ਕਰ ਦਿੱਤਾ। ਗੋਲੀਆਂ ਲੱਗਣ ਤੋਂ ਬਾਅਦ ਵੀ ਸੰਤ ਰਾਮਾਨੰਦ ਜੀ ਧੰਨ-ਧੰਨ ਜਗਤਗੁਰੂ ਰਵਿਦਾਸ ਮਹਾਰਾਜ ਜੀ ਦਾ ਨਾਮ ਉਚਾਰਨ ਕਰਦੇ ਰਹੇ, ਜਿਵੇਂ ਕਹਿ ਰਹੇ ਹੋਣ ਕਿ ਉਹ ਅਜੇ ਮਿਸ਼ਨ ਦੇ ਪ੍ਰਚਾਰ ਤੇ ਪ੍ਰਸਾਰ ਲਈ ਬਹੁਤ ਕੁਝ ਕਰਨਾ ਚਾਹੁੰਦੇ ਹਨ। ਪਰ ਭਾਵੀ ਨੂੰ ਇਹ ਮਨਜ਼ੂਰ ਨਾ ਹੋਇਆ ਅਤੇ ਆਪ ਜੀ ਮਿਤੀ 25 ਮਈ ਦੇ ਅੰਮ੍ਰਿਤ ਵੇਲੇ ਰਵਿਦਾਸੀਆ ਕੌਮ ਲਈ ਸ਼ਹਾਦਤ ਦਾ ਜਾਮ ਪੀਂਦੇ ਹੋਏ ਬ੍ਰਹਮਲੀਨ ਹੋ ਗਏ।

ਸੰਤ ਰਾਮਾਨੰਦ ਜੀ ਮਹਾਰਾਜ ਆਪਣਾ ਪੂਰਾ ਜੀਵਨ ਸ਼ਹਾਦਤ ਦਾ ਜਾਮ ਪੀਂਦੇ ਹੋਏ ਬ੍ਰਹਮਲੀਨ ਹੋਣ ਤੱਕ ਗੁਰੂ ਰਵਿਦਾਸ ਨਾਮ ਲੇਵਾ ਸੰਗਤਾਂ ਨੂੰ ਜਗਤਗੁਰੂ ਰਵਿਦਾਸ ਮਹਾਰਾਜ ਜੀ ਦਾ ਪਾਵਨ ਉਪਦੇਸ਼ 'ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ' ਦਿੰਦੇ ਹੋਏ ਵਿਸ਼ਵ ਪੱਧਰ 'ਤੇ ਇਕੱਠੇ ਹੋਣ ਦਾ ਉਪਦੇਸ਼ ਦੇ ਗਏ।

ਵਿਆਨਾ ਵਿਚ ਵਾਪਰੀ ਮੰਦਭਾਗੀ ਘਟਨਾ ਵਿਚ ਸੰਤ ਰਾਮਾਨੰਦ ਜੀ ਸਾਨੂੰ ਸਰੀਰਕ ਰੂਪ ਵਿਚ ਵਿਛੋੜਾ ਜ਼ਰੂਰ ਦੇ ਗਏ ਹਨ ਪਰ ਉਨ੍ਹਾਂ ਦੀ ਸੋਚ ਸਦਾ ਵਾਸਤੇ ਸਾਡਾ ਮਾਰਗ ਦਰਸ਼ਨ ਕਰਦੀ ਰਹੇਗੀ।

ਕੌਮ ਦੀ, ਸੰਤ ਰਾਮਾ ਨੰਦ ਜੀ ਦੀ ਸ਼ਹਾਦਤ ਨਾਲ ਰਵਿਦਾਸੀਆ ਧਰਮ ਦੇ ਨਾਮ ਨਾਲ ਵਿਸ਼ਵ ਪੱਧਰ 'ਤੇ ਆਪਣੀ ਵੱਖਰੀ ਪਹਿਚਾਣ ਬਣ ਚੁੱਕੀ ਹੈ, ਜਿਸ ਦਾ ਪ੍ਰਚਾਰ ਅਤੇ ਪ੍ਰਸਾਰ ਪੂਰੇ ਵਿਸ਼ਵ ਵਿਚ ਹੋ ਚੁੱਕਾ ਹੈ ਅਤੇ ਅੰਮ੍ਰਿਤਬਾਣੀ ਦੇ ਪ੍ਰਕਾਸ਼ ਹਜ਼ਾਰਾਂ ਦੀ ਗਿਣਤੀ ਵਿਚ ਪੂਰੇ ਵਿਸ਼ਵ ਵਿਚ ਹੋ ਚੁੱਕੇ ਹਨ।

### ਅੰਗੀਠਾ ਸਾਹਿਬ ਤੇ ਸਮਾਧ

ਸ਼੍ਰੀ 108 ਸੰਤ ਰਾਮਾ ਨੰਦ ਜੀ ਮਹਾਰਾਜ ਦਾ ਪਾਵਨ ਅੰਗੀਠਾ ਸਾਹਿਬ ਤੇ ਸਮਾਧ ਸ੍ਰੀ 108 ਸੰਤ ਗਰੀਬ ਦਾਸ ਜੀ ਦੇ ਅੰਗੀਠਾ ਸਾਹਿਬ ਦੇ ਪੱਛਮ ਵੱਲ ਸਥਿਤ ਹੈ।

*********



## ਡੇਰਾ ਸੱਚ ਖੰਡ ਬੱਲਾਂ ਵਲੋਂ ਚਲਾਏ ਜਾ ਰਹੇ ਪ੍ਰੋਜੈਕਟ

### ਸ਼੍ਰੀ ਗੁਰੂ ਰਵਿਦਾਸ ਜਨਮ ਸਥਾਨ ਮੰਦਰ, ਸੀਰ ਗੋਵਰਧਨਪੁਰ,

**ਵਾਰਾਨਸੀ**—ਸ਼੍ਰੀ ਗੁਰੂ ਰਵਿਦਾਸ ਜਨਮ ਸਥਾਨ ਮੰਦਰ, ਸੀਰ ਗੋਵਰਧਨਪੁਰ, ਵਾਰਾਨਸੀ ਦਾ ਨਿਰਮਾਣ ਸੰਤ ਸਰਵਣ ਦਾਸ ਜੀ ਮਹਾਰਾਜ ਸੱਚਖੰਡ ਬੱਲਾਂ ਵਲੋਂ ਕਰਵਾਇਆ ਗਿਆ ਸੀ। ਉਹਨਾਂ ਦੇ ਆਦੇਸ਼ ਅਨੁਸਾਰ ਇਸ ਮੰਦਰ ਦਾ ਨੀਂਹ ਪੱਥਰ 14 ਜੂਨ 1965 ਈ. (ਹਾੜ੍ਹ ਦੀ ਸੰਗਰਾਂਦ) ਵਾਲੇ ਦਿਨ ਸੰਤ ਹਰੀ ਦਾਸ ਜੀ ਮਹਾਰਾਜ ਦੇ ਪਾਵਨ ਕਰ-ਕਮਲਾਂ ਨਾਲ ਰੱਖਿਆ ਗਿਆ। ਮੰਦਰ ਦੀ ਉਸਾਰੀ ਦੀ ਜ਼ਿੰਮੇਵਾਰੀ ਸੰਤ ਗਰੀਬ ਦਾਸ ਜੀ ਮਹਾਰਾਜ ਨੂੰ ਸੌਂਪੀ ਗਈ ਜੋ ਉਹਨਾਂ ਨੇ ਬਾਖੂਬੀ ਨਿਭਾਈ। ਇਸ ਮੰਦਿਰ ਵਿਖੇ 22 ਫ਼ਰਵਰੀ 1974 ਈ. ਨੂੰ ਮਹਾਨ ਸੰਤ ਸੰਮੇਲਨ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਸ੍ਰੀ ਗੁਰੂ ਰਵਿਦਾਸ ਸੰਪ੍ਰਦਾਇ ਦੇ ਅਨੇਕਾਂ ਮਹਾਂਪੁਰਸ਼ ਪਹੁੰਚੇ, ਮੰਦਿਰ ਵਿਚ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀ ਪਾਵਨ ਮੂਰਤੀ ਅਤੇ ਸਵਾਮੀ ਸਰਵਣ ਦਾਸ ਮਹਾਰਾਜ ਜੀ ਦੀ ਪਾਵਨ ਮੂਰਤੀ ਸੰਤ ਸਮਾਜ ਵਲੋਂ ਸਥਾਪਤ ਕੀਤੀ ਗਈ। ਇਸ ਸੱਤ ਮੰਜ਼ਿਲੇ ਮੰਦਿਰ ਦੇ ਉੱਪਰਲੇ ਵੱਡੇ ਗੁੰਬਦ 'ਤੇ ਸੱਤ ਫੁੱਟ ਸੋਨੇ ਦੇ ਕਲਸ਼ ਦਾ ਉਦਘਾਟਨ ਮਿਤੀ 7 ਅਪ੍ਰੈਲ 1994 ਨੂੰ ਬਾਬੂ ਕਾਂਸ਼ੀ ਰਾਮ ਜੀ ਦੁਆਰਾ ਰਾਸ਼ਟਰੀ ਪ੍ਰਧਾਨ ਬਸਪਾ ਨੇ ਆਪਣੇ ਕਰ-ਕਮਲਾਂ ਨਾਲ ਕੀਤਾ।

ਮੰਦਰ ਵਿਚ ਹਰ ਸਮੇਂ ਲੰਗਰ ਚੱਲਦਾ ਹੈ। ਯਾਤਰੀਆਂ ਦੇ ਠਹਿਰਨ ਦਾ ਬਹੁਤ ਵਧੀਆ ਪ੍ਰਬੰਧ ਹੈ। ਯਾਤਰੀਆਂ ਦੇ ਬਨਾਰਸ ਸ਼ਹਿਰ ਵਿਚ ਤੀਰਥ ਅਸਥਾਨਾਂ ਦੇ ਦਰਸ਼ਨ ਕਰਨ ਲਈ ਇਕ ਮਿੰਨੀ ਬੱਸ ਦਾ ਪ੍ਰਬੰਧ ਕੀਤਾ। ਦੁਨੀਆਂ ਭਰ ਦੇ ਸ਼ਰਧਾਲੂ, ਜਗਿਆਸੂ, ਖੋਜ ਕਰਤਾ ਅਤੇ ਸੈਲਾਨੀ ਇਸ ਮੰਦਿਰ ਦੀ ਯਾਤਰਾ ਕਰਨ ਲਈ ਆਉਂਦੇ ਹਨ। ਮੰਦਿਰ ਦਾ ਪ੍ਰਬੰਧ ਸ੍ਰੀ ਗੁਰੂ ਰਵਿਦਾਸ ਜਨਮ ਸਥਾਨ ਪਬਲਿਕ ਚੈਰੀਟੇਬਲ ਟਰੱਸਟ (ਰਜਿ.) ਵਲੋਂ ਕੀਤਾ ਜਾਂਦਾ ਹੈ। ਸ਼੍ਰੀ 108 ਸੰਤ ਸਰਵਣ ਦਾਸ ਚੈਰੀਟੇਬਲ ਟਰੱਸਟ ਯੂ. ਕੇ. ਦੇ ਯੋਗਦਾਨ ਨਾਲ ਲੰਕਾ ਚੌਰਾਹਾ ਵਾਰਾਨਸੀ ਵਿਖੇ 'ਸ਼੍ਰੀ ਗੁਰੂ ਰਵਿਦਾਸ ਗੇਟ' ਦੀ ਉਸਾਰੀ ਕਰਵਾਈ ਗਈ, ਜਿਸ ਦਾ ਉਦਘਾਟਨ ਭਾਰਤ ਦੇ ਉਸ ਸਮੇਂ ਦੇ ਰਾਸ਼ਟਰਪਤੀ ਮਾਣਯੋਗ ਕੋਚਰਿਲ ਰਮਨ ਨਾਰਾਇਣਨ ਜੀ ਦੁਆਰਾ ਆਪਣੇ ਕਰ-ਕਮਲਾਂ ਨਾਲ 16 ਜੁਲਾਈ 1998 ਨੂੰ ਕੀਤਾ ਗਿਆ। ਗੇਟ ਦਾ ਉਦਘਾਟਨ ਕਰਨ ਉਪਰੰਤ ਉਹ ਗੁਰੂ ਜੀ ਨੂੰ ਸ਼ਰਧਾ ਸੁਮਨ ਭੇਟ ਕਰਨ ਲਈ ਮੰਦਿਰ ਪਧਾਰੇ, ਜਿੱਥੇ ਸ੍ਰੀ ਗੁਰੂ ਰਵਿਦਾਸ ਜਨਮ ਸਥਾਨ ਪਬਲਿਕ ਚੈਰੀਟੇਬਲ ਟਰੱਸਟ (ਰਜਿ.) ਦੇ ਚੇਅਰਮੈਨ ਸ੍ਰੀ 108 ਸੰਤ ਨਿਰੰਜਣ ਦਾਸ ਜੀ ਮਹਾਰਾਜ, ਟਰੱਸਟ ਦੇ ਮੈਂਬਰਾਨ ਅਤੇ ਹੋਰ ਪਤਵੰਤੇ

ਸੱਜਣਾਂ ਵਲੋਂ ਉਹਨਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਮੰਦਰ ਵਿਚ ਸ਼ਰਧਾ ਸੁਮਨ ਭੇਟ ਕਰਨ ਤੋਂ ਬਾਅਦ ਉਹਨਾਂ ਮੰਦਿਰ ਦੇ ਉਸਾਰੀ ਦੀ ਪਿਛੋਕੜ ਅਤੇ ਪ੍ਰਬੰਧ ਬਾਰੇ ਚਰਚਾ ਕੀਤੀ।

ਰਵਾਇਤੀ ਸ਼ਾਨੋ-ਸ਼ੌਕਤ ਨਾਲ ਹਰ ਸਾਲ ਸ੍ਰੀ ਗੁਰੂ ਰਵਿਦਾਸ ਆਗਮਨ ਪੁਰਬ ਟਰੱਸਟ ਦੀ ਦੇਖ-ਰੇਖ ਹੇਠ ਸ੍ਰੀ ਗੁਰੂ ਰਵਿਦਾਸ ਜਨਮ ਸਥਾਨ ਮੰਦਿਰ ਵਿਖੇ ਮਨਾਇਆ ਜਾਂਦਾ ਹੈ। ਇਸ ਪਾਵਨ ਪੁਰਬ ਦੇ ਮੌਕੇ 'ਤੇ ਭਾਰਤ ਦੇ ਵੱਖ-ਵੱਖ ਪ੍ਰਾਂਤਾਂ ਅਤੇ ਵਿਦੇਸ਼ਾਂ ਤੋਂ ਸੰਗਤਾਂ ਪੁੱਜਦੀਆਂ ਹਨ। ਟਰੱਸਟ ਵਲੋਂ ਸੰਨ 2000, 2001, 2002, 16 ਫਰਵਰੀ 2003 ਅਤੇ 6 ਫਰਵਰੀ 2004, 2005, 2006, 2007, 2008, 2009, 2010, 2911 ਨੂੰ ਸ੍ਰੀ ਗੁਰੂ ਰਵਿਦਾਸ ਪੁਰਬ 'ਤੇ ਪੰਜਾਬ ਤੋਂ ਹਜ਼ਾਰਾਂ ਸ਼ਰਧਾਲੂ ਗੁਰੂ ਧਾਮ ਦੇ ਦਰਸ਼ਨਾਂ ਨੂੰ ਲੈ ਜਾਣ ਲਈ ਰੇਲਵੇ ਵਿਭਾਗ, ਭਾਰਤ ਸਰਕਾਰ ਦੇ ਸਹਿਯੋਗ ਨਾਲ ਜਲੰਧਰ ਤੋਂ ਵਾਰਾਨਸੀ ਤੱਕ ਸਪੈਸ਼ਲ "ਬੇਗਮਪੁਰਾ ਐਕਸਪ੍ਰੈਸ" ਦੀ ਸੁਵਿਧਾ ਉਪਲਬਧ ਕੀਤੀ ਗਈ ਹੈ, ਜੋ ਨਿਰੰਤਰ ਜਾਰੀ ਰਹੇਗੀ।

625ਵੇਂ ਸ੍ਰੀ ਗੁਰੂ ਰਵਿਦਾਸ ਜਯੰਤੀ ਪੁਰਬ ਦੇ ਮੌਕੇ 'ਤੇ ਮੰਦਿਰ ਦੀ ਅਗਲੀ ਦੀਵਾਰ ਉੱਪਰ ਵਿਦੇਸ਼ੀ ਸੰਗਤਾਂ ਦੇ ਪੁਰਸ਼ਾਰਥ ਨਾਲ ਕਰੀਬ 25 ਲੱਖ ਰੁਪਏ ਦੀ ਲਾਗਤ ਨਾਲ ਮਾਰਬਲ ਲਗਾਇਆ ਗਿਆ ਅਤੇ ਮੰਦਰ ਦੇ ਸਾਰੇ ਛੋਟੇ-ਵੱਡੇ ਗੁੰਬਦਾਂ ਤੇ 31 ਸੋਨੇ ਦੇ ਕਲਸ਼ ਸੁਸ਼ੋਭਿਤ ਕੀਤੇ ਗਏ, ਜਿਹਨਾਂ ਦੇ ਉਦਘਾਟਨ ਅਲੱਗ-ਅਲੱਗ ਪ੍ਰਾਂਤਾਂ ਤੋਂ ਪਧਾਰੇ ਮਹਾਂਪੁਰਸ਼ਾਂ ਵਲੋਂ ਕੀਤੇ ਗਏ। ਮੰਦਿਰ ਵਿਖੇ ਆਉਣ ਵਾਲੀਆਂ ਸੰਗਤਾਂ ਦੀ ਵੱਧਦੀ ਹੋਈ ਗਿਣਤੀ ਨੂੰ ਦੇਖ ਕੇ ਸਤਿਗੁਰੂ ਨਿਰੰਜਣ ਦਾਸ ਜੀ ਮਹਾਰਜ ਅਤੇ ਸੰਤ ਰਾਮਾਨੰਦ ਜੀ ਮਹਾਰਾਜ ਹਮੇਸ਼ਾਂ ਇਹ ਸੋਚਦੇ ਕਿ ਸ਼ਰਧਾਲੂ ਯਾਤਰੀਆਂ ਲਈ ਵੱਧ ਤੋਂ ਵੱਧ ਸਹੂਲਤਾਂ ਮੁਹੱਈਆ ਕੀਤੀਆਂ ਜਾਣ। ਇਨ੍ਹਾਂ ਸਹੂਲਤਾਂ ਲਈ ਵੱਧ ਤੋਂ ਵੱਧ ਜ਼ਮੀਨ ਖ਼ਰੀਦਣ ਦਾ ਉਪਰਾਲਾ ਕੀਤਾ ਗਿਆ। ਹੁਣ ਤੱਕ ਤਕਰੀਬਨ 9 ਏਕੜ ਜ਼ਮੀਨ ਖ਼ਰੀਦੀ ਗਈ ਹੈ।

**ਵਿਸ਼ਾਲ ਇਮਾਰਤ ਦੀ ਉਸਾਰੀ—**ਆਸ਼ਰਮ ਵਿਖੇ ਸੰਗਤਾਂ ਦੀ ਸਹੂਲਤ ਵਾਸਤੇ ਇਕ ਵਿਸ਼ਾਲ ਇਮਾਰਤ ਦੀ ਉਸਾਰੀ ਕੀਤੀ ਗਈ। ਇਸ ਵਿਚ ਬੇਸਮੈਂਟ (6500 ਵਰਗ ਫੁੱਟ) ਸਮੇਤ ਚਾਰ ਮੰਜ਼ਿਲਾਂ ਤਿਆਰ ਕੀਤੀਆਂ ਗਈਆਂ। ਇਸ ਸਾਰੀ ਬਿਲਡਿੰਗ ਦੇ 44 ਕਮਰੇ ਹਨ। ਇਸ ਵਿਸ਼ਾਲ ਬਿਲਡਿੰਗ ਦਾ ਉਦਘਾਟਨ, ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ 629ਵੇਂ ਆਗਮਨ ਪੁਰਬ 'ਤੇ 13 ਫਰਵਰੀ 2006 ਨੂੰ ਸਤਿਗੁਰੂ ਨਿਰੰਜਣ ਦਾਸ ਜੀ ਮਹਾਰਾਜ ਦੇ ਕਰ-ਕਮਲਾਂ ਨਾਲ ਕੀਤਾ ਗਿਆ। ਬਾਹਰ ਵਾਲੇ ਪਲਾਟ ਵਿਚ ਸੰਗਤ ਦੀ ਸਹੂਲਤ ਲਈ ਇਕ ਵੱਡੀ ਸ਼ੈਡ (140×40 ਵਰਗ) ਦੀ ਤਿਆਰੀ ਪੂਰੀ ਹੋ ਚੁੱਕੀ ਹੈ।



**ਸਵਰਨ ਪਾਲਕੀ ਭੇਂਟ—** ਸ੍ਰੀ ਗੁਰੂ ਰਵਿਦਾਸ ਨਾਮਲੇਵਾ ਯੂਰਪ ਨਿਵਾਸੀ ਸੰਗਤਾਂ ਵਲੋਂ 23 ਫ਼ਰਵਰੀ 2008 ਈ. ਨੂੰ ਸ੍ਰੀ ਗੁਰੂ ਰਵਿਦਾਸ ਜਨਮ ਸਥਾਨ ਮੰਦਿਰ ਬਨਾਰਸ ਵਾਸਤੇ ਸਵਰਨ ਪਾਲਕੀ ਭੇਂਟ ਕੀਤੀ ਗਈ। ਜੋ 16 ਫ਼ਰਵਰੀ ਨੂੰ ਜਲੰਧਰ ਤੋਂ ਬਨਾਰਸ ਤੱਕ ਸ਼ੋਭਾ ਯਾਤਰਾ ਦੇ ਰੂਪ ਵਿਚ ਪਹੁੰਚੀ।

ਸੰਤ ਰਾਮਾਨੰਦ ਜੀ ਦਾ ਸੰਕਲਪ ਸੀ ਕਿ ਸ੍ਰੀ ਗੁਰੂ ਰਵਿਦਾਸ ਜਨਮ ਅਸਥਾਨ ਮੰਦਿਰ ਨੂੰ ਵੀ ਬਾਕੀ ਧਰਮ ਅਸਥਾਨਾਂ ਦੀ ਤਰ੍ਹਾਂ ਸੋਨੇ ਵਿਚ ਮੜ੍ਹਾਇਆ ਜਾਵੇ। ਸੰਤ ਨਿਰੰਜਣ ਦਾਸ ਜੀ ਮਹਾਰਾਜ ਤੋਂ ਆਸ਼ੀਰਵਾਦ ਲੈ ਕੇ ਸਭ ਤੋਂ ਪਹਿਲਾਂ ਯੂ. ਐੱਸ. ਏ. ਦੀਆਂ ਸੰਗਤਾਂ ਵਲੋਂ ਦਿੱਤੇ ਸਹਿਯੋਗ ਨਾਲ ਇਹ ਸ਼ੁੱਭ ਕਾਰਜ ਗੁਰੂ ਜੀ ਦੇ ਆਗਮਨ ਪੁਰਬ ਦੇ ਮੌਕੇ 'ਤੇ 9 ਫ਼ਰਵਰੀ 2009 ਨੂੰ ਆਰੰਭ ਕੀਤਾ ਗਿਆ। ਇਸ ਉਪਰੰਤ ਮਹਾਰਾਜ ਜੀ ਦੇ 2009 ਦੇ ਕਨੇਡਾ ਅਤੇ ਯੂਰਪ ਦੀ ਫੇਰੀ ਦੌਰਾਨ ਇਸ ਕਾਰਜ ਨੂੰ ਅੱਗੇ ਵਧਾਉਣ ਲਈ ਬੇਹੱਦ ਯੋਗਦਾਨ ਦਿੱਤਾ ਗਿਆ। ਦੇਸ਼-ਭਰ ਦੀਆਂ ਸੰਗਤਾਂ ਵਿਚ ਵੀ ਇਸ ਕਾਰਜ ਲਈ ਬੇਹੱਦ ਉਤਸ਼ਾਹ ਪਾਇਆ ਜਾ ਰਿਹਾ ਹੈ। ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ 633ਵੇਂ ਆਗਮਨ ਪੁਰਬ 'ਤੇ ਮੰਦਿਰ ਦਾ ਗੁੰਬਦ ਸਵਰਨ ਮੜ੍ਹਤ ਕੀਤਾ ਗਿਆ ਅਤੇ ਨਾਲ ਹੀ ਰਵਿਦਾਸੀਆ ਧਰਮ ਦਾ ਐਲਾਨ ਸੰਤ ਸਮਾਜ ਅਤੇ ਲੱਖਾਂ ਸੰਗਤਾਂ ਦੀ ਹਾਜ਼ਰੀ ਵਿਚ ਕੀਤਾ ਗਿਆ।

## ਵਾਰਾਨਸੀ ਮੰਦਿਰ ਵਿਖੇ ਲੰਗਰ ਹਾਲ ਦੀ ਉਸਾਰੀ

ਸ਼੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੀ ਫਿਲਾਸਫੀ ਤੇ ਬਾਣੀ ਦੇ ਪ੍ਰਚਾਰ ਦੇ ਕਰਕੇ ਡੇਰਾ ਸੱਚਖੰਡ ਬੱਲਾਂ ਵਿਸ਼ਵ ਵਿਖਿਆਤ ਹੈ। ਇਹ ਆਸ਼ਰਮ ਸੇਵਾ, ਸਤਿਸੰਗ, ਸਿਮਰਨ ਦੇ ਮਾਧਿਅਮ ਤੋਂ 'ਬੇਗਮਪੁਰਾ' ਦੇ ਸੰਕਲਪ 'ਤੇ 'ਜੋ ਹਮ ਸਹਿਰੀ ਸੋ ਮੀਤ ਹਮਾਰਾ' ਦੀ ਅਵਸਥਾ ਦੀ ਪ੍ਰਾਪਤੀ ਵਾਸਤੇ ਉੱਦਮ ਲਈ ਪ੍ਰੇਰਨਾਂ ਦਾ ਸਰੋਤ ਹੈ। ਸ੍ਰੀ ਗੁਰੂ ਰਵਿਦਾਸ ਜਨਮ-ਸਥਾਨ ਮੰਦਰ ਸੀਰ ਗੋਵਰਧਨਪੁਰ ਵਾਰਾਨਸੀ ਉਸਾਰ ਕੇ ਜਿੱਥੇ ਗੁਰੂ ਜੀ ਦੀ ਪਾਵਨ ਯਾਦ ਵਿਚ ਇਕ ਸ਼ਾਨਦਾਰ ਸਿਮ੍ਰਤੀ ਚਿੰਨ ਸਥਾਪਤ ਕੀਤਾ ਹੈ, ਉੱਥੇ ਸ੍ਰੀ ਗੁਰੂ ਰਵਿਦਾਸ ਨਾਮ-ਲੇਵਾ ਸੰਗਤਾਂ ਲਈ ਪਵਿੱਤਰ ਤੀਰਥ ਸਥਾਨ ਬਣ ਕੇ ਵੀ ਸਾਕਾਰ ਹੋਇਆ ਹੈ। ਇਹ ਡੇਰਾ ਗੁਰੂ ਰਵਿਦਾਸ ਮਹਾਰਾਜ ਜੀ ਦੀ ਵਿਚਾਰਧਾਰਾ ਦਾ ਸੰਦੇਸ਼ ਦੇਸ਼-ਵਿਦੇਸ਼ ਵਿਚ ਜਨ-ਜਨ ਤੱਕ ਪਹੁੰਚਾਉਣ ਲਈ ਯਤਨਸ਼ੀਲ ਹੈ।

ਇਸ ਤੀਰਥ ਸਥਾਨ ਦੀਆਂ ਸੇਵਾਵਾਂ ਦਾ ਪ੍ਰਚਾਰ ਬਹੁਤ ਹੋ ਜਾਣ ਦੇ ਸਿੱਟੇ ਵਜੋਂ ਸੰਗਤਾਂ ਦਾ ਆਉਣ-ਜਾਣ ਬਹੁਤ ਵੱਧ ਗਿਆ। ਗੁਰੂ ਜੀ ਦੇ ਪਾਵਨ ਜਨਮ-ਦਿਹਾੜੇ 'ਤੇ ਤਾਂ ਲੱਖਾਂ ਦੀ ਗਿਣਤੀ ਵਿਚ ਸੰਗਤਾਂ ਆਉਣ ਲੱਗੀਆਂ। ਉਂਝ ਵੀ ਵੱਖ-ਵੱਖ ਇਲਾਕਿਆਂ ਤੋਂ ਇਸ ਗੁਰਧਾਮ ਦੇ ਦਰਸ਼ਨਾਂ ਲਈ ਸੰਗਤਾਂ ਰੇਲ ਗੱਡੀ, ਮੋਟਰਾਂ, ਕਾਰਾਂ, ਟਰੱਕਾਂ, ਟਰਾਲੀਆਂ ਆਦਿ ਵਿਚ ਲਗਾਤਾਰ ਆਉਂਦੀਆਂ ਰਹਿੰਦੀਆਂ ਹਨ। ਇਸ ਤੇਜ਼ੀ ਨਾਲ ਵੱਧ ਰਹੀ ਸੰਗਤ ਵਾਸਤੇ ਇਕ ਵੱਖਰੇ ਲੰਗਰ ਹਾਲ ਦੀ ਜ਼ਰੂਰਤ ਨੂੰ ਮਹਿਸੂਸ ਕੀਤਾ ਗਿਆ ਤਾਂ

ਜੋ ਯਾਤਰੀਆਂ ਨੂੰ ਕੋਈ ਔਖਿਆਈ ਨਾ ਹੋਵੇ। ਇਸ ਲਈ 100 ਫੁੱਟ ਲੰਮੇ ਤੇ 65 ਫੁੱਟ ਚੌੜੇ ਲੰਗਰ ਹਾਲ ਦਾ ਨੀਂਹ ਪੱਥਰ ਮਿਤੀ 18.11.1998 ਨੂੰ ਰੱਖਿਆ ਗਿਆ। ਸ਼੍ਰੀ 108 ਸੰਤ ਨਿਰੰਜਣ ਦਾਸ ਜੀ ਮਹਾਰਾਜ ਦੇ ਅਸ਼ੀਰਵਾਦ ਨਾਲ ਨੀਹਾਂ ਪੁੱਟੀਆਂ ਗਈਆਂ। ਇਹ ਪਲਾਟ ਸੰਤ ਗਰੀਬ ਦਾਸ ਜੀ ਮਹਾਰਾਜ ਨੇ ਖਰੀਦਿਆ ਸੀ। ਇਸ ਲੰਗਰ ਹਾਲ ਦੀ ਸੁੰਦਰ ਇਮਾਰਤ ਦੀ ਉਸਾਰੀ 1999 ਦੇ ਅਖੀਰ ਤੱਕ ਮੁਕੰਮਲ ਹੋ ਗਈ। ਕਰੀਬ 55 ਲੱਖ ਰੁਪਏ ਦੀ ਲਾਗਤ ਨਾਲ ਬਣੇ ਲੰਗਰ ਹਾਲ ਦਾ ਉਦਘਾਟਨ ਸ੍ਰੀ 108 ਸੰਤ ਨਿਰੰਜਣ ਦਾਸ ਜੀ ਮਹਾਰਾਜ ਗੱਦੀ ਨਸ਼ੀਨ ਡੇਰਾ ਸੱਚਖੰਡ ਬੱਲਾਂ ਤੇ ਚੇਅਰਮੈਨ ਸ੍ਰੀ ਗੁਰੂ ਰਵਿਦਾਸ ਜਨਮ-ਸਥਾਨ ਪਬਲਿਕ ਚੈਰੀਟੇਬਲ ਟਰੱਸਟ (ਰਜਿ.) ਦੇ ਕਰ-ਕਮਲਾਂ ਦੁਆਰਾ ਮਿਤੀ 8-2-2000 ਨੂੰ ਸਵੇਰੇ 11-30 ਵਜੇ ਗੁਰੂ ਰਵਿਦਾਸ ਜਯੰਤੀ ਪੁਰਬ 'ਤੇ ਲੱਖਾਂ ਸ਼ਰਧਾਲੂਆਂ ਦੀ ਹਾਜ਼ਰੀ ਵਿਚ ਕੀਤਾ ਗਿਆ।

ਮਿਤੀ 28-3-2001 ਨੂੰ ਸ੍ਰੀ ਗੁਰੂ ਰਵਿਦਾਸ ਜਨਮ-ਸਥਾਨ ਪਬਲਿਕ ਚੈਰੀਟੇਬਲ ਟਰੱਸਟ (ਰਜਿ.) ਦੀ ਮੀਟਿੰਗ ਵਿਚ ਸ੍ਰੀ ਗੁਰੂ ਰਵਿਦਾਸ ਜਨਮ ਸਥਾਨ ਮੰਦਰ ਸੀਰ ਗੋਵਰਧਨਪੁਰ, ਵਾਰਾਨਸੀ ਵਿਖੇ ਯਾਤਰੀਆਂ ਦੀ ਲਗਾਤਾਰ ਵਧਦੀ ਜਾ ਰਹੀ ਗਿਣਤੀ ਤੇ ਉਹਨਾਂ ਦੀ ਸੁਵਿਧਾ ਨੂੰ ਮੁੱਖ ਰੱਖਦੇ ਹੋਏ ਮੰਦਰ ਕੰਪਲੈਕਸ ਵਿਚ ਬਣੇ ਵਿਸ਼ਾਲ ਲੰਗਰ ਹਾਲ ਦੀ ਦੂਜੀ ਮੰਜ਼ਿਲ ਦੀ ਉਸਾਰੀ ਕਰਨ ਲਈ ਫੈਸਲਾ ਲਿਆ ਗਿਆ। ਇਸ ਹਾਲ ਦੀ ਉਸਾਰੀ ਦਾ ਕੰਮ ਮਈ, 2001 ਵਿਚ ਸ਼ੁਰੂ ਕੀਤਾ ਗਿਆ। ਇਸੇ ਸਮੇਂ ਪੰਜਾਬ ਤੋਂ ਵੱਡੀ ਗਿਣਤੀ ਵਿਚ ਸੇਵਾਦਾਰ ਵੀ ਮੰਦਰ ਵਿਚ ਪਹੁੰਚ ਗਏ। ਪਿੰਡ ਡੀਂਗਰੀਆਂ, ਦੋਲੀਕੇ, ਸੁੰਦਰ ਨਗਰ, ਅਬਾਦਪੁਰਾ (ਜਲੰਧਰ), ਮੰਨਣਾ, ਜੰਡੂਸਿੰਘਾ, ਸ਼ੇਖੇ, ਲਿੱਦੜਾਂ, ਅੰਮ੍ਰਿਤਸਰ ਤੇ ਗੁਰਦਾਸਪੁਰ ਜ਼ਿਲਿਆ ਤੋਂ ਸੇਵਾਦਾਰ ਗਏ ਸਨ। ਮਿਤੀ 22-5-2001 ਤੋਂ 30-5-2001 ਤੱਕ ਦਿਨ-ਰਾਤ ਉਸਾਰੀ ਦਾ ਕੰਮ ਚਲਦਾ ਰਿਹਾ। ਸਾਰੇ ਗੁਰੂ-ਪ੍ਰੇਮੀਆਂ ਨੇ ਬਹੁਤ ਸ਼ਰਧਾ, ਸਤਿਕਾਰ ਤੇ ਦਲੇਰੀ ਨਾਲ ਕੰਮ ਕੀਤਾ। ਪੰਜਾਬ ਤੋਂ ਗਏ ਸੇਵਾਦਾਰਾਂ ਨੂੰ ਸੇਵਾ ਕਰਦੇ ਜੋ ਬਨਾਰਸ ਨਿਵਾਸੀ ਦੇਖਦੇ ਹਨ, ਉਹ ਬਹੁਤ ਹੈਰਾਨ ਹੁੰਦੇ ਸਨ। ਉਹ ਕਹਿੰਦੇ, 'ਯਿਹ ਪੰਜਾਬੀ ਸੇਵਾਦਾਰ ਕਿਸ ਮਿੱਟੀ ਕੇ ਬਨੇ ਹੂਏ ਹੈਂ, ਜੋ ਦਿਨ-ਰਾਤ ਇਤਨੀ ਕਠਿਨ ਸੇਵਾ ਕਰਤੇ ਹੈਂ ਔਰ ਥਕਤੇ ਨਹੀਂ ਹੈਂ।' ਇੰਝ ਲੱਗਦਾ ਸੀ ਕਿ ਇੰਨਾ ਵੱਡਾ ਕਾਰਜ ਬਹੁਤ ਲੰਮੇ ਸਮੇਂ ਵਿਚ ਪੂਰਾ ਹੋਵੇਗਾ। ਪਰ ਸਤਿਗੁਰੂ ਜੀ ਦੀ ਐਸੀ ਕਿਰਪਾ ਹੋਈ ਕਿ ਕੇਵਲ 10 ਦਿਨਾਂ ਵਿਚ ਹੀ ਹਾਲ ਕਮਰੇ ਦਾ ਲੈਂਟਰ ਪਾ ਦਿੱਤਾ ਗਿਆ। ਲੰਗਰ ਹਾਲ ਦੀ ਦੂਜੀ ਮੰਜ਼ਿਲ ਦੀ ਉਸਾਰੀ ਸੰਤ ਰਾਮਾ ਨੰਦ ਜੀ ਦੀ ਦੇਖ-ਰੇਖ ਅਧੀਨ ਹੋਈ। ਉਪਰੰਤ ਹਾਲ ਦੀ ਤਿਆਰੀ ਕੀਤੀ ਗਈ। ਵਧੀਆ ਸਾਗਵਾਨ ਦੇ ਦਰਵਾਜ਼ੇ, ਖਿੜਕੀਆਂ ਡੇਰਾ ਸੱਚਖੰਡ ਬੱਲਾਂ (ਜਲੰਧਰ) ਵਿਖੇ ਮਿਸਤਰੀ ਲਗਾ ਕੇ ਬਣਵਾਈਆਂ ਗਈਆਂ ਹਨ। ਲੰਗਰ ਹਾਲ ਦੀ ਉਸਾਰੀ ਮਿਸਤਰੀ ਕਰਨੈਲ ਸਿੰਘ ਅਬਾਦਪੁਰਾ, ਜਲੰਧਰ ਦੀ ਦੇਖ-ਰੇਖ ਅਧੀਨ ਹੋਈ। ਲੰਗਰ ਹਾਲ ਦੀ ਦੂਜੀ ਮੰਜ਼ਿਲ ਦਾ ਉਦਘਾਟਨ ਸ੍ਰੀ 108 ਸੰਤ ਨਿਰੰਜਣ ਦਾਸ ਜੀ ਮਹਾਰਾਜ



ਵਲੋਂ 26-2-2002 ਨੂੰ ਕੀਤਾ ਗਿਆ। ਅੱਜ ਸ਼ਰਧਾਲੂ ਇਸ ਵਿਸ਼ਾਲ ਹਾਲ ਦੀਆਂ ਦੋਵੇਂ ਮੰਜ਼ਿਲਾਂ ਦੀ ਸੁਵਿਧਾ ਦਾ ਆਨੰਦ ਮਾਣ ਰਹੇ ਹਨ।

ਇਹ ਵਿਸ਼ੇਸ਼ ਤੌਰ 'ਤੇ ਵਰਨਣਯੋਗ ਹੈ ਕਿ ਲੰਗਰ ਹਾਲ ਦੀ ਪਹਿਲੀ ਮੰਜ਼ਿਲ ਦਾ ਕੁੱਲ ਖਰਚਾ ਸ੍ਰੀ 108 ਸੰਤ ਨਿਰੰਜਣ ਦਾਸ ਮਹਾਰਾਜ ਡੇਰਾ ਸੱਚਖੰਡ ਬੱਲਾਂ ਵਲੋਂ ਕੀਤਾ ਗਿਆ। ਦੂਜੀ ਮੰਜ਼ਿਲ ਦੀ ਉਸਾਰੀ ਲਈ ਡੇਰਾ ਸੱਚਖੰਡ ਬੱਲਾਂ ਦੀ ਸ਼ਰਧਾਲੂ ਸੰਗਤ ਟਾਊਨ ਵੁਲਵਰਹੈਂਪਟਨ ਯੂ.ਕੇ. ਵਲੋਂ 8 ਲੱਖ ਰੁਪਏ ਤੇ ਬਰਮਿੰਘਮ ਸ਼ਹਿਰ ਯੂ.ਕੇ. ਦੀ ਸੰਗਤ ਵਲੋਂ 14 ਲੱਖ ਰੁਪਏ ਦਾ ਯੋਗਦਾਨ ਪਾਇਆ ਗਿਆ।

## ਸੰਤ ਸਰਵਣ ਦਾਸ ਚੈਰੀਟੇਬਲ ਹਸਪਤਾਲ, ਕੂਪੁਰ-ਢੇਪੁਰ

(ਅੱਡਾ ਕਠਾਰ)—ਡੇਰਾ ਸੰਤ ਸਰਵਣ ਦਾਸ ਜੀ ਸੱਚਖੰਡ ਬੱਲਾਂ (ਜਲੰਧਰ), ਸੰਤ ਸਰਵਣ ਦਾਸ ਜੀ ਮਹਾਰਾਜ ਤੋਂ ਲੈ ਕੇ ਮੌਜੂਦਾ ਗੱਦੀ ਨਸ਼ੀਨ ਸ੍ਰੀ 108 ਸੰਤ ਨਿਰੰਜਣ ਦਾਸ ਜੀ ਦੀ ਸਰਪ੍ਰਸਤੀ ਹੇਠ ਸਮਾਜ ਸੇਵਾ, ਲੋਕ ਭਲਾਈ ਅਤੇ ਦੁਖੀਆਂ ਗਰੀਬਾਂ ਦੀ ਸੇਵਾ ਵਿਚ ਜੁੱਟਿਆ ਹੋਇਆ ਹੈ, ਜਿਹਨਾਂ ਵਿਚ ਸੰਤ ਸਰਵਣ ਦਾਸ ਚੈਰੀਟੇਬਲ ਹਸਪਤਾਲ ਕਠਾਰ ਦੀਆਂ ਸੇਵਾਵਾਂ ਇਕ ਮੀਲ ਪੱਥਰ ਵਜੋਂ ਜਾਣੀਆਂ ਜਾਂਦੀਆਂ ਹਨ। ਇਸ ਹਸਪਤਾਲ ਦਾ ਨੀਂਹ ਪੱਥਰ ਬ੍ਰਹਮਲੀਨ ਸ੍ਰੀ 108 ਸੰਤ ਗਰੀਬ ਦਾਸ ਜੀ ਨੇ ਆਪਣੇ ਕਰ-ਕਮਲਾਂ ਨਾਲ 22 ਅਕਤੂਬਰ 1982 ਨੂੰ ਰੱਖਿਆ ਗਿਆ, ਜਿਸ ਦੀ ਉਸਾਰੀ ਲਈ ਸੇਠ ਬੇਲੀ ਰਾਮ ਜੀ, ਬੀਬੀ ਪੂਰੋ, ਬੀਬੀ ਭਜਨੋ, ਸੇਠ ਰਾਜ ਮੱਲ ਅਤੇ ਕੂਪੁਰ ਦੀ ਪੰਚਾਇਤ ਵਲੋਂ ਜ਼ਮੀਨ ਦਾਨ ਕੀਤੀ ਗਈ। ਇਸ ਹਸਪਤਾਲ ਦਾ ਉਦਘਾਟਨ 1-1-1984 ਨੂੰ ਕੀਤਾ ਸੀ, ਜਿਥੋਂ ਲੱਖਾਂ ਹੀ ਰੋਗੀ ਬਹੁਤ ਘੱਟ ਖਰਚੇ 'ਤੇ ਵਧੀਆ ਸਿਹਤ-ਸਹੂਲਤਾਂ ਦਾ ਲਾਭ ਉਠਾ ਰਹੇ ਹਨ। 200 ਬੈੱਡ ਦੇ ਇਸ ਵਿਸ਼ਾਲ ਹਸਪਤਾਲ ਵਿਚ ਸਥਾਪਿਤ ਮੈਡੀਸਨ, ਸਰਜਰੀ, ਗਾਇਨੀ, ਅੱਖਾਂ, ਦੰਦਾਂ, E.N.T., ਹੱਡੀਆਂ ਅਤੇ ਬੱਚਿਆਂ ਦੇ ਵਿਭਾਗ ਰਾਹੀਂ ਵੱਖ-ਵੱਖ ਬੀਮਾਰੀਆਂ ਦਾ ਸਸਤਾ ਤੇ ਵਧੀਆ ਇਲਾਜ ਕੀਤਾ ਜਾ ਰਿਹਾ ਹੈ। ਇਸ ਪਾਵਨ ਕਾਰਜ ਲਈ ਅਨੁਭਵੀ ਡਾਕਟਰਾਂ ਅਤੇ ਸਟਾਫ ਮੈਂਬਰਾਂ ਵਲੋਂ ਮਾਨਵਤਾ ਦੀ ਸੇਵਾ ਲਈ ਵਡਮੁੱਲਾ ਯੋਗਦਾਨ ਪਾਇਆ ਜਾ ਰਿਹਾ ਹੈ। ਇਸ ਹਸਪਤਾਲ ਵਿਚ ਹਰ ਮਹੀਨੇ ਤਕਰੀਬਨ 6000 ਲੋਕਾਂ ਦਾ ਓ.ਪੀ.ਡੀ. ਵਿਚ ਇਲਾਜ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਇਨਡੋਰ ਵਾਰਡ ਵਿਚ 150 ਬੈੱਡ ਹਨ, ਜਿਸ ਵਿਚ ਲੋਕੀਂ ਇਲਾਜ ਦਾ ਲਾਭ ਉਠਾਉਂਦੇ ਹਨ। ਪ੍ਰਾਈਵੇਟ ਕਮਰਿਆਂ ਵਿਚ ਘੱਟ ਖ਼ਰਚੇ 'ਤੇ ਚੰਗੀਆਂ ਸਹੂਲਤਾਂ ਮੁਹੱਈਆ ਕੀਤੀਆਂ ਜਾਂਦੀਆਂ ਹਨ। ਹਸਪਤਾਲ ਵਿਚ ਹਰ ਮਹੀਨੇ ਤਕਰੀਬਨ 200 ਜਨਰਲ ਸਰਜਰੀ ਦੇ ਅਪ੍ਰੇਸ਼ਨ ਕੀਤੇ ਜਾਂਦੇ ਹਨ। ਸਰਜਰੀ ਲਈ ਆਧੁਨਿਕ ਮਸ਼ੀਨਾਂ ਉਪਲੱਬਧ ਹਨ ਜਿਵੇਂ ਕਿ ਦੂਰਬੀਨ ਨਾਲ ਸਰਜਰੀ, ਹੱਡੀਆਂ ਲਈ ਸੀ-ਆਰਮ, ਕੰਨ, ਨੱਕ ਅਤੇ ਗਲੇ ਦੇ ਅਪ੍ਰੈਸ਼ਨ ਵੀ ਕੀਤੇ ਜਾਂਦੇ ਹਨ। ਐਕਸਰੇ ਅਤੇ ਸਕੈਨਿੰਗ ਦਾ ਵੀ ਪ੍ਰਬੰਧ ਹੈ। ਲੈਬੋਰਟਰੀ ਵਿਚ ਟੈਸਟਾਂ ਲਈ ਆਧੁਨਿਕ ਮਸ਼ੀਨਾਂ ਰੱਖੀਆਂ ਗਈਆਂ ਹਨ।

ਇਸ ਹਸਪਤਾਲ ਵਿਚ ਐਮਰਜੈਂਸੀ ਵਾਰਡ, ਆਈ.ਸੀ.ਯੂ. ਵਾਰਡ, ਜਨਰਲ ਵਾਰਡ, 26 ਪ੍ਰਾਈਵੇਟ ਰੂਮ, ਇਕ ਵੱਡੀ ਕੰਟੀਨ ਅਤੇ ਰੋਗੀਆਂ ਦੇ ਅਟੈਂਡੈਂਟਸ (ਦੇਖਭਾਲ) ਲਈ ਵੱਡਾ ਵਿਸ਼ਰਾਮ ਹਾਲ ਬਣਾਇਆ ਗਿਆ ਹੈ। ਹਸਪਤਾਲ ਵਿਖੇ ਹੱਡੀਆਂ ਦੇ ਅਪ੍ਰੇਸ਼ਨ ਲਈ ਇਕ ਨਵਾਂ ਅਪ੍ਰੇਸ਼ਨ ਥੀਏਟਰ ਤਕਰੀਬਨ 20 ਲੱਖ ਰੁਪਏ ਦੀ ਲਾਗਤ ਨਾਲ ਬਣਾਇਆ ਗਿਆ ਹੈ।

ਜੋ ਗਰੀਬ ਲੋਕ ਮਹਿੰਗਾ ਇਲਾਜ ਨਹੀਂ ਕਰਾ ਸਕਦੇ, ਉਹ ਇਸ ਹਸਤਪਾਲ ਦੀਆਂ ਸੇਵਾਵਾਂ ਦਾ ਲਾਭ ਉਠਾਉਂਦੇ ਹਨ, ਜੋ ਬਿਲਕੁਲ ਹੀ ਗਰੀਬ ਲੋਕ ਹਨ ਉਨ੍ਹਾਂ ਦਾ ਇਲਾਜ ਮਹਾਰਾਜ ਜੀ ਵਲੋਂ ਮੁਫ਼ਤ ਕੀਤਾ ਜਾਂਦਾ ਹੈ। ਹਸਪਤਾਲ ਦਾ ਖ਼ਰਚਾ ਇਸ ਦੀ ਆਮਦਨੀ ਨਾਲ ਪੂਰਾ ਨਹੀਂ ਹੁੰਦਾ ਜੋ ਘਾਟਾ ਰਹਿ ਜਾਂਦਾ ਹੈ ਉਹ ਮਹਾਰਾਜ ਜੀ ਵਲੋਂ ਦੇਸ਼-ਵਿਦੇਸ਼ ਦੀਆਂ ਸੰਗਤ ਦੇ ਸਹਿਯੋਗ ਨਾਲ ਪੂਰਾ ਕੀਤਾ ਜਾਂਦਾ ਹੈ। ਇਸ ਹਸਪਤਾਲ ਦਾ ਪ੍ਰਬੰਧ ਸੰਤ ਸਰਵਣ ਦਾਸ ਚੈਰੀਟੇਬਲ ਹਸਪਤਾਲ ਟਰੱਸਟ ਵਲੋਂ ਕੀਤਾ ਜਾਂਦਾ ਹੈ। ਸੰਤ ਨਿਰੰਜਣ ਦਾਸ ਜੀ ਟਰੱਸਟ ਦੇ ਚੇਅਰਮੈਨ ਹਨ। ਹਸਪਤਾਲ ਵਿਖੇ 22000 ਸਕੇਅਰ ਫੁੱਟ ਨਵੇਂ ਕੰਪਲੈਕਸ ਦਾ ਲੈਂਟਰ ਪੈ ਚੁੱਕਾ ਹੈ।

**ਸੰਤ ਸਰਵਣ ਦਾਸ ਮੈਮੋਰੀਅਲ ਅੱਖਾਂ ਦਾ ਹਸਪਤਾਲ**—ਅੱਖਾਂ ਸਰੀਰ ਦਾ ਇਕ ਬਹੁਤ ਜ਼ਰੂਰੀ ਅੰਗ ਹਨ। ਇਹਨਾਂ ਦੀ ਸਲਾਮਤੀ ਵੀ ਬਹੁਤ ਜ਼ਰੂਰੀ ਹੈ। ਅੱਖਾਂ ਦੇ ਰੋਗੀਆਂ ਦੇ ਇਲਾਜ ਵਾਸਤੇ ਉਪਰੋਕਤ ਹਸਪਤਾਲ ਡੇਰਾ ਸੱਚਖੰਡ ਬੱਲਾਂ ਦੇ ਨਾਲ ਨਹਿਰ ਦੇ ਕਿਨਾਰੇ ਸਥਿਤ ਹੈ। ਇਸ ਦੀ ਸੇਵਾ ਗੁਰੂ ਘਰ ਦੇ ਅਨਿਨ ਸ਼ਰਧਾਲੂ ਸ੍ਰੀ ਸਵਰਨ ਦਾਸ ਬੰਗੜ ਅਤੇ ਬੀਬੀ ਰੇਸ਼ਮ ਕੌਰ ਬੰਗੜ ਪਰਿਵਾਰ ਪਿੰਡ ਬੱਲ (ਯੂ.ਕੇ.) ਨੇ ਇਕ ਕਰੋੜ ਇਕ ਹਜ਼ਾਰ ਇਕ ਸੌ ਗਿਆਰਾਂ ਦੀ ਸੇਵਾ ਪਾਈ ਹੈ। ਇਸ ਹਸਪਤਾਲ ਦਾ ਨੀਂਹ ਪੱਥਰ ਸ੍ਰੀ 108 ਸੰਤ ਨਿਰੰਜਣ ਦਾਸ ਜੀ ਨੇ ਆਪਣੇ ਕਰ-ਕਮਲਾਂ ਨਾਲ ਮਿਤੀ 10-11-2004 ਦਿਨ ਬੁੱਧਵਾਰ ਨੂੰ ਸੰਤ ਸਮਾਜ ਅਤੇ ਸੰਗਤਾਂ ਦੀ ਹਾਜ਼ਰੀ ਵਿਚ ਰੱਖਿਆ। ਯਾਦ ਰਹੇ ਕਿ ਇਸ ਮਹਾਨ ਪਰਿਵਾਰ ਵਲੋਂ 1977 ਤੋਂ ਲੈ ਕੇ ਅੱਜ ਤੱਕ ਹਰ ਸਾਲ ਬ੍ਰਹਮ ਗਿਆਨੀ, ਬ੍ਰਹਮਲੀਨ ਸੰਤ ਸਰਵਣ ਦਾਸ ਜੀ ਦੀ ਪਾਵਨ ਯਾਦ ਵਿਚ ਅੱਖਾਂ ਦਾ ਫਰੀ (ਮੁਫਤ) ਕੈਂਪ ਲਗਾਇਆ ਜਾਂਦਾ ਹੈ। ਇਸੇ ਹੀ ਪਰਿਵਾਰ ਨੇ ਸ੍ਰੀ ਗੁਰੂ ਰਵਿਦਾਸ ਸਤਿਸੰਗ ਭਵਨ ਵਾਸਤੇ ਢਾਈ ਏਕੜ ਜ਼ਮੀਨ ਤੇ ਇਕ ਲੱਖ ਰੁਪਏ ਵੀ ਦਾਨ ਕੀਤਾ ਹੈ। ਇਸ ਹਸਪਤਾਲ ਵਾਸਤੇ ਗੁਰੂ ਘਰ ਦੇ ਕਈ ਪ੍ਰੇਮੀਆਂ ਨੇ ਵੀ ਤਨ, ਮਨ, ਧਨ ਨਾਲ ਸੇਵਾ ਕੀਤੀ ਹੈ। ਇਸ ਹਸਪਤਾਲ ਦਾ ਸ਼ੁੱਭ ਉਦਘਾਟਨ 15 ਫ਼ਰਵਰੀ 2007 ਈ. ਨੂੰ ਬ੍ਰਹਮਲੀਨ ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਦੇ ਪਾਵਨ ਆਗਮਨ ਪੁਰਬ ਦੇ ਅਵਸਰ 'ਤੇ ਕੀਤਾ ਗਿਆ।

ਸੰਤ ਸਰਵਣ ਦਾਸ ਮਾਡਲ ਸਕੂਲ (ਸੰਤ ਸਰਵਣ ਦਾਸ ਨਗਰ) ਫਗਵਾੜਾ—ਅਗਿਆਨਤਾ ਆਪਣੇ ਆਪ 'ਚ ਹੀ ਇਕ ਬਹੁਤ ਵੱਡਾ ਸਰਾਪ ਹੈ। ਇਸ ਤੋਂ ਮੁਕਤ ਹੋ ਕੇ ਮਨੁੱਖੀ ਜੀਵਨ ਦੇ ਵਿਕਾਸ ਦੇ ਦਰਵਾਜ਼ੇ



ਆਪਣੇ ਆਪ ਹੀ ਖੁੱਲ੍ਹ ਜਾਂਦੇ ਹਨ। ਅਗਿਆਨਤਾ ਕਾਰਨ ਮਨੁੱਖੀ ਜੀਵਨ ਦਾ ਵਿਕਾਸ ਨਹੀਂ ਹੁੰਦਾ। ਸਾਹਿਬੇ ਕਮਾਲ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ, ਇਸ ਗੱਲ ਦੀ ਸ਼ਾਹਦੀ ਆਪਣੀ ਬਾਣੀ ਵਿਚ ਭਰਦੇ ਹੋਏ ਫ਼ਰਮਾਉਂਦੇ ਹਨ—

**ਮਾਧਉ ਅਬਿਦਿਆ ਹਿਤ ਕੀਨ ਬਿਬੇਕ ਦੀਪ ਮਲੀਨ ॥**

ਸਤਿਗੁਰੂ ਸਵਾਮੀ ਸਰਵਣ ਦਾਸ ਜੀ ਤੋਂ ਲੈ ਕੇ ਇਸੇ ਵਿਚਾਰਧਾਰਾ 'ਤੇ ਡੇਰਾ ਸੱਚਖੰਡ ਬੱਲਾਂ ਦੇ ਸਮੇਂ-ਸਮੇਂ ਦੇ ਗੱਦੀ ਨਸ਼ੀਨ ਮਹਾਂਪੁਰਸ਼ਾਂ ਨੇ ਪਹਿਰਾ ਦਿੰਦੇ ਹੋਏ, ਸਮਾਜ ਦੇ ਲੋਕਾਂ ਨੂੰ ਨਾ ਸਿਰਫ ਵਿੱਦਿਆ ਗ੍ਰਹਿਣ ਕਰਨ ਦੀ ਪ੍ਰੇਰਨਾ ਹੀ ਦਿੱਤੀ, ਸਗੋਂ ਵਿੱਦਿਅਕ ਅਦਾਰੇ ਖੋਲ੍ਹਣ ਲਈ ਆਪਣਾ ਵਡਮੁੱਲਾ ਯੋਗਦਾਨ ਵੀ ਪਾਇਆ। ਇਸੇ ਹੀ ਲੜੀ ਵਿਚ ਮਿਤੀ 16 ਅਪ੍ਰੈਲ 2002 ਨੂੰ ਸੰਤ ਸਰਵਣ ਦਾਸ ਨਗਰ, ਫਗਵਾੜਾ ਵਿਖੇ ਸ਼੍ਰੀ ਗੁਰੂ ਰਵਿਦਾਸ ਮੰਦਰ ਕੰਪਲੈਕਸ ਵਿਖੇ ***'ਸੰਤ ਸਰਵਣ ਦਾਸ ਮਾਡਲ ਸਕੂਲ'*** ਦਾ ਨੀਂਹ ਪੱਥਰ ਰੱਖ ਕੇ ਸੰਤ ਨਿਰੰਜਣ ਦਾਸ ਜੀ ਮਹਾਰਾਜ ਨੇ ਉਹਨਾਂ ਦੀ ਵਿਚਾਰਧਾਰਾ 'ਤੇ ਫੁੱਲ ਚੜ੍ਹਾਉਂਦੇ ਹੋਏ ਵਿੱਦਿਅਕ ਖੇਤਰ ਵਿਚ ਇਕ ਮੀਲ ਪੱਥਰ ਸਥਾਪਿਤ ਕੀਤਾ ਹੈ। ਸੰਤ ਸਰਵਣ ਦਾਸ ਮਾਡਲ ਸਕੂਲ ਦਾ ਉਦਘਾਟਨ ਮਿਤੀ 19-2-2004 ਨੂੰ ਸੰਤ ਨਿਰੰਜਣ ਦਾਸ ਜੀ ਮਹਾਰਾਜ ਦੇ ਕਰ-ਕਮਲਾਂ ਦੁਆਰਾ ਕੀਤਾ ਗਿਆ। ਵਿਦਿਅਕ ਸੈਸ਼ਨ (2004-2005) ਤੋਂ ਪੜ੍ਹਾਈ ਦੀ ਸ਼ੁਰੂਆਤ ਹੋ ਚੁੱਕੀ ਹੈ। ਸਕੂਲ ਪਾਸ ਲਗਭਗ ਢਾਈ ਏਕੜ ਜ਼ਮੀਨ ਹੈ। ਇਹ ਸਾਰੀ ਜ਼ਮੀਨ ਗੁਰੂ ਘਰ ਦੇ ਅਨਿੰਨ ਸ਼ਰਧਾਲੂ ਸ੍ਰੀ ਬ੍ਰਿਜ ਲਾਲ ਤੇ ਜੀਵਨ ਸਾਥੀ ਬੀਬੀ ਗੁਰਦੇਵ ਕੌਰ ਪਰਿਵਾਰ ਵਲੋਂ ਦਾਨ ਕੀਤੀ ਗਈ ਹੈ। ਸਕੂਲ ਵਿਚ 33 ਕਮਰੇ ਕਲਾਸ ਰੂਮ 20×22 ਫੁੱਟ ਦੇ, ਛੇ ਕਮਰੇ 32×20 ਫੁੱਟ, 4 ਹਾਲ ਕਮਰੇ 32×45 ਫੁੱਟ, 8 ਕਮਰੇ 12×14 ਫੁੱਟ, ਇਕ ਪ੍ਰਬੰਧਕੀ ਬਲਾਕ 40×40 ਫੁੱਟ ਹਨ। ਬੱਚਿਆਂ ਦੀ ਸਹੂਲਤ ਵਾਸਤੇ 12 ਬੱਸਾਂ ਹਨ। ਇਹ ਸਕੂਲ +2 ਤੱਕ ਸੀ.ਬੀ.ਐਸ.ਈ. ਨਾਲ ਅਫਿਲੀਏਟਿਡ ਹੈ ਅਤੇ ਵਿੱਦਿਆ ਇੰਗਲਿਸ਼ ਮੀਡੀਅਮ ਵਿਚ ਪ੍ਰਦਾਨ ਕੀਤੀ ਜਾਂਦੀ ਹੈ। +1, +2 ਕਲਾਸਾਂ ਵਿਚ ਮੈਡੀਕਲ, ਨਾਨ-ਮੈਡੀਕਲ ਅਤੇ ਆਰਟਸ ਦੇ ਵਿਸ਼ੇ ਪੜ੍ਹਾਏ ਜਾਂਦੇ ਹਨ।

ਹੁਣ ਤੱਕ ਸਕੂਲ 'ਤੇ ਲਗਭਗ 3.5 ਕਰੋੜ ਦੀ ਲਾਗਤ ਆ ਚੁੱਕੀ ਹੈ। ਸਕੂਲ ਦੀਆਂ ਫੀਸਾਂ ਬਾਕੀ ਮਿਆਰੀ ਸਕੂਲਾਂ ਨਾਲੋਂ ਬਹੁਤ ਘੱਟ ਰੱਖੀਆਂ ਗਈਆਂ ਹਨ। ਜਿਨ੍ਹਾਂ ਬੱਚਿਆਂ ਦੇ ਮਾਪੇ ਬਿਲਕੁਲ ਗਰੀਬ ਹਨ ਉਨ੍ਹਾਂ ਨੂੰ ਸਕਾਲਰਸ਼ਿਪ ਦਿੱਤੇ ਜਾਂਦੇ ਹਨ ਅਤੇ ਵਿੱਦਿਆ ਬਿਲਕੁਲ ਮੁਫ਼ਤ ਪ੍ਰਦਾਨ ਕੀਤੀ ਜਾਂਦੀ ਹੈ। ਤਕਰੀਬਨ 20 ਸਕਾਲਰਸ਼ਿਪ ਅਲੱਗ-ਅਲੱਗ ਦਾਨੀ ਸੱਜਣਾਂ ਵਲੋਂ ਦਿੱਤੇ ਗਏ ਹਨ। ਸਕੂਲ ਦਾ ਖ਼ਰਚਾ ਵੀ ਸਕੂਲ ਦੀਆਂ ਫੀਸਾਂ ਨਾਲ ਪੂਰਾ ਨਹੀਂ ਹੁੰਦਾ। ਜੋ ਘਾਟਾ ਰਹਿ ਜਾਂਦਾ ਹੈ ਉਹ ਸੰਤ ਨਿਰੰਜਣ ਦਾਸ ਮਹਾਰਾਜ ਜੀ ਵਲੋਂ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਪੂਰਾ ਹੁੰਦਾ ਹੈ।

**ਸ਼੍ਰੀ ਗੁਰੂ ਰਵਿਦਾਸ ਧਰਮ ਅਸਥਾਨ, ਹਦਿਆਬਾਦ ਫ਼ਗਵਾੜਾ**

ਸਕੂਲ ਕੰਪਲੈਕਸ ਦੇ ਨਾਲ ਹੀ ਇਕ ਆਲੀਸ਼ਾਨ ਗੁਰੂ ਰਵਿਦਾਸ ਧਰਮ ਅਸਥਾਨ ਦੀ ਉਸਾਰੀ ਕੀਤੀ ਗਈ ਹੈ। ਮੰਦਿਰ ਲਈ ਜ਼ਮੀਨ ਸ਼੍ਰੀ ਬ੍ਰਿਜ ਲਾਲ ਅਤੇ ਉਨ੍ਹਾਂ ਦੀ ਸੁਪਤਨੀ ਬੀਬੀ ਦੇਬੋ ਵਾਸੀ ਬਰਮਿੰਘਮ ਯੂ.ਕੇ. ਅਤੇ ਸ਼੍ਰੀ ਦੇਸ ਰਾਜ ਤੇ ਉਨ੍ਹਾਂ ਦੀ ਸੁਪਤਨੀ ਬੀਬੀ ਕਮਲੇਸ਼ ਕੌਰ ਵਾਸੀ ਮਾਡਲ ਹਾਊਸ, ਫਗਵਾੜਾ ਵਲੋਂ ਸ੍ਰੀ 108 ਸੰਤ ਨਿਰੰਜਣ ਦਾਸ ਜੀ ਮਹਾਰਾਜ ਨੂੰ ਦਾਨ ਕੀਤੀ ਗਈ। ਇਸ ਮੰਦਿਰ ਵਿਚ ਇਕ ਸਤਿਸੰਗ ਹਾਲ, ਇਕ ਲੰਗਰ ਹਾਲ ਅਤੇ 11 ਕਮਰੇ ਹਨ। ਮੰਦਿਰ ਉਸਾਰੀ 'ਤੇ ਤਕਰੀਬਨ ਡੇਢ ਕਰੋੜ ਰੁਪਏ ਦਾ ਖਰਚਾ ਆਇਆ ਹੈ। ਇਸ ਮੰਦਿਰ ਉਪਰ ਦੋ ਸੋਨੇ ਦੇ ਕਲਸ਼ ਸੁਸ਼ੋਭਿਤ ਹਨ। ਇਸ ਦਾ ਉਦਘਾਟਨ ਸ੍ਰੀ 108 ਸੰਤ ਨਿਰੰਜਣ ਦਾਸ ਜੀ ਮਹਾਰਾਜ ਵਲੋਂ 19 ਫਰਵਰੀ 2004 ਨੂੰ ਕੀਤਾ ਗਿਆ। ਉਦਘਾਟਨੀ ਰਸਮ ਲਈ ਆਪ ਜੀ ਨੂੰ ਸੰਕੇਤਕ ਤੌਰ 'ਤੇ ਇਕ ਕਿਲੋ ਸੋਨੇ ਦੀ ਚਾਬੀ ਭੇਂਟ ਕੀਤੀ ਗਈ। ਇਸ ਮੌਕੇ 'ਤੇ ਸੰਤ ਨਿਰੰਜਣ ਦਾਸ ਜੀ ਨੂੰ ਟਾਟਾ ਸਫ਼ਾਰੀ ਗੱਡੀ ਭੇਂਟ ਕੀਤੀ ਗਈ। ਦੋਨਾਂ ਪਰਿਵਾਰਾਂ, ਸ਼੍ਰੀ ਬ੍ਰਿਜ ਲਾਲ/ਬੀਬੀ ਦੇਬੋ ਜੀ ਅਤੇ ਸ਼੍ਰੀ ਦੇਸ ਰਾਜ/ਬੀਬੀ ਕਮਲੇਸ਼ ਜੀ ਨੂੰ ਗੁਰੂ ਘਰ ਵਲੋਂ 'ਹਰਿ' ਦੇ ਨਿਸ਼ਾਨ ਵਾਲੀਆਂ ਸੋਨੇ ਦੀਆਂ ਚੈਨੀਆਂ ਨਾਲ ਸਨਮਾਨਿਤ ਕੀਤਾ ਗਿਆ। ਸ਼੍ਰੀ ਗੁਰੂ ਰਵਿਦਾਸ ਧਰਮ ਅਸਥਾਨ 'ਤੇ ਹਰ ਸਮੇਂ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਦਾ ਪ੍ਰਚਾਰ ਹੁੰਦਾ ਹੈ।

## ਤਪ ਅਸਥਾਨ ਬਾਬਾ ਪਿੱਪਲ ਦਾਸ ਮਹਾਰਾਜ ਜੀ ਅਤੇ ਜਨਮ ਸਥਲੀ ਸਤਿਗੁਰੂ ਸਵਾਮੀ ਸਰਵਣ ਦਾਸ ਜੀ (ਗਿੱਲਪੱਤੀ ਬਠਿੰਡਾ)

ਸਤਿਗੁਰੂ ਸਵਾਮੀ ਸਰਵਣ ਦਾਸ ਮਹਾਰਾਜ ਜੀ ਦਾ ਆਗਮਨ 15 ਫ਼ਰਵਰੀ 1895 ਈ. ਨੂੰ ਪਿੰਡ ਗਿੱਲਪੱਤੀ, ਜ਼ਿਲ੍ਹਾ ਬਠਿੰਡਾ ਵਿਖੇ ਹੋਇਆ। ਇਸ ਅਸਥਾਨ 'ਤੇ ਬਾਬਾ ਪਿੱਪਲ ਦਾਸ ਜੀ ਮਹਾਰਾਜ ਨੇ ਤਪ ਕੀਤਾ ਅਤੇ ਸਵਾਮੀ ਸਰਵਣ ਦਾਸ ਜੀ ਦਾ ਇੱਥੇ ਆਗਮਨ ਹੋਇਆ। ਗਿੱਲਪੱਤੀ ਪਿੰਡ ਦੇ ਕਰੀਬ ਡੇਢ ਕਿਲੋਮੀਟਰ ਦੂਰ ਪਿੰਡ ਨਾਈਆਂਵਾਲਾ ਰੋਡ 'ਤੇ ਨਹਿਰ ਦੇ ਕਿਨਾਰੇ ਬਾਬਾ ਜੀ ਦੀ ਜ਼ਮੀਨ ਸੀ, ਜਿੱਥੇ ਬਾਬਾ ਜੀ ਖੇਤੀ ਦਾ ਕਾਰਜ ਕਰਦੇ ਸਨ। ਉਥੇ ਬਾਬਾ ਜੀ ਦੁਆਰਾ ਲਗਾਇਆ ਬੇਰੀ ਦਾ ਪਾਵਨ ਦਰਖ਼ਤ ਮੌਜੂਦ ਹੈ। ਇਹ ਜ਼ਮੀਨ ਸਵਰਗਵਾਸੀ ਚਰਨ ਸਿੰਘ ਅਤੇ ਉਨ੍ਹਾਂ ਦੀ ਸੁਪਤਨੀ ਬੀਬੀ ਧਰਮ ਕੌਰ ਜੀ ਅਤੇ ਉਨ੍ਹਾਂ ਦੇ ਪਰਿਵਾਰ ਵਲੋਂ ਡੇਰਾ ਸੱਚਖੰਡ ਬੱਲਾਂ ਨੂੰ ਭੇਂਟ ਕਰ ਦਿੱਤੀ ਗਈ। ਹੁਣ ਇੱਥੇ ਆਸ਼ਰਮ ਦਾ ਨਿਰਮਾਣ ਕੀਤਾ ਗਿਆ ਹੈ। 30×30 ਦਾ ਕਮਰਾ, ਜਿਸ ਵਿਚ ਬਾਬਾ ਪਿੱਪਲ ਦਾਸ ਜੀ ਦੀ ਪਾਵਨ ਮੂਰਤੀ ਸਥਾਪਤ ਕੀਤੀ ਗਈ ਹੈ। ਤਿੰਨ ਹੋਰ ਕਮਰੇ ਅਤੇ 100 ਫ਼ੁੱਟ ਲੰਮੀ ਸ਼ੈੱਡ ਬਣਾਈ ਗਈ ਹੈ। ਇਹ ਅਸਥਾਨ ਬੇਰੀ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੈ।



## ਸ਼੍ਰੀ ਗੁਰੂ ਰਵਿਦਾਸ ਧਰਮ ਅਸਥਾਨ ਸਿਰਸਗੜ੍ਹ (ਹਰਿਆਣਾ)

ਜਗਤ ਗੁਰੂ ਰਵਿਦਾਸ ਮਹਾਰਾਜ ਜੀ ਦੀ ਪਾਵਨ ਅੰਮ੍ਰਿਤਬਾਣੀ ਦੇ ਪ੍ਰਚਾਰ ਵਾਸਤੇ ਤਨੋ, ਮਨੋ, ਧਨੋ ਸਮਰਪਿਤ ਡੇਰਾ ਸੰਤ ਸਰਵਣ ਦਾਸ ਜੀ, ਇਕ ਐਸਾ ਰੂਹਾਨੀ ਤੇ ਪ੍ਰਮਾਰਥੀ ਕੇਂਦਰ ਹੈ ਜਿਸ ਦੀ ਸੇਵਾ ਤੋਂ ਸਮੂਹ ਜਗਤ ਭਲੀ-ਭਾਂਤ ਜਾਣੂ ਹੈ। ਡੇਰੇ ਦੇ ਮਹਾਂਪੁਰਸ਼ ਸੰਤ ਬਾਬਾ ਪਿੱਪਲ ਦਾਸ ਜੀ, ਸੰਤ ਸਵਾਮੀ ਸਰਵਣ ਦਾਸ ਜੀ ਮਹਾਰਾਜ, ਸੰਤ ਹਰੀ ਦਾਸ ਜੀ ਮਹਾਰਾਜ, ਸੰਤ ਗਰੀਬ ਦਾਸ ਜੀ ਮਹਾਰਾਜ ਨੇ ਨਿਰ-ਸਵਾਰਥ ਭਾਵਨਾ ਨਾਲ ਸੰਗਤਾਂ ਦੀ ਸੇਵਾ ਵਿਚ ਮਗਨ ਰਹੇ ਹਨ ਇਸੇ ਕਰਕੇ ਸਮੂਹ ਭਾਰਤ ਤਾਂ ਕੀ, ਸੰਸਾਰ ਭਰ ਅੰਦਰ ਡੇਰਾ ਸੱਚਖੰਡ ਬੱਲਾਂ ਦੇ ਮਹਾਂਪੁਰਸ਼ਾਂ ਨੂੰ ਸੰਗਤਾਂ ਬੇਨਤੀਆਂ ਕਰਦੀਆਂ ਹਨ ਕਿ ਮਹਾਰਾਜ ਜੀ ਸਾਡੇ ਖੇਤਰ ਵਿਚ ਵੀ ਗੁਰੂ ਰਵਿਦਾਸ ਮਿਸ਼ਨ ਕੇਂਦਰ ਸਥਾਪਿਤ ਕਰੋ ਜੀ। ਇਸੇ ਕਰਕੇ ਰਾਜਸਥਾਨ, ਉੱਤਰ ਪ੍ਰਦੇਸ਼, ਮਹਾਂਰਾਸ਼ਟਰ, ਹਿਮਾਚਲ, ਪੰਜਾਬ ਦੇ ਨਾਲ-ਨਾਲ ਅੱਜ ਹਰਿਆਣਾ ਵਿਖੇ ਅੰਬਾਲਾ ਤੋਂ ਜਗਾਧਰੀ ਜੀ.ਟੀ. ਰੋਡ ਉੱਤੇ 28 ਕਿ. ਮੀ. ਦੀ ਦੂਰੀ 'ਤੇ ਸਿਰਸਗੜ੍ਹ (ਨੇੜੇ ਦੁਸੜਕਾ) ਵਿਖੇ, ਸ੍ਰੀ ਗੁਰੂ ਰਵਿਦਾਸ ਮੰਦਿਰ ਦੀ ਉਸਾਰੀ ਚਲ ਰਹੀ ਹੈ। ਇਸ ਕਾਰਜ ਵਾਸਤੇ ਮਾਣਯੋਗ ਸ੍ਰੀ ਗੁਰਬਖਸ਼ ਸਿੰਘ ਰਿਟਾ.(ਆਈ.ਐਫ.ਐਸ.) ਬੀਬੀ ਰਾਜ ਰਾਣੀ ਤੇ ਪਰਿਵਾਰ ਨੇ 4 ਏਕੜ 17 ਮਰਲੇ ਜ਼ਮੀਨ ਦਾਨ ਕੀਤੀ ਹੈ। ਮੰਦਿਰ ਦਾ ਨੀਂਹ ਪੱਥਰ ਸ਼੍ਰੀ 108 ਸੰਤ ਨਿਰੰਜਣ ਦਾਸ ਜੀ ਮਹਾਰਾਜ ਵਲੋਂ ਆਪਣੇ ਕਰ-ਕਮਲਾਂ ਨਾਲ ਮਿਤੀ 31-8-2004 ਨੂੰ ਰੱਖਿਆ ਗਿਆ। ਹੁਣ ਤੱਕ 40×114 ਫ਼ੁੱਟ ਦੀਆਂ ਦੋ ਮੰਜ਼ਿਲਾਂ ਦੀ ਉਸਾਰੀ ਹੋ ਚੁੱਕੀ ਹੈ। ਮੰਦਿਰ ਵਿਖੇ 100×80 ਫ਼ੁੱਟ ਦਾ ਵੱਡਾ ਹਾਲ ਵੀ ਉਸਾਰੀ ਅਧੀਨ ਹੈ।

## ਸ਼੍ਰੀ ਗੁਰੂ ਰਵਿਦਾਸ ਧਰਮ ਅਸਥਾਨ ਕਾਤਰਜ ਪੂਨਾ (ਮਹਾਂਰਾਸ਼ਟਰ)

ਮਹਾਂਰਾਸ਼ਟਰ ਦੀ ਪਾਵਨ ਧਰਤੀ ਉੱਤੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪਾਵਨ ਮਿਸ਼ਨ ਤੇ ਪ੍ਰਚਾਰ ਤੇ ਪ੍ਰਸਾਰ ਵਾਸਤੇ ਇਕ ਬਹੁਤ ਹੀ ਵਿਸ਼ਾਲ ਮੰਦਿਰ ਕਾਤਰਜ ਕੁੰਡਵਾ ਸ਼ੋਲਾਪੁਰ ਰੋਡ (ਪੂਨਾ) ਵਿਖੇ ਇਕ ਪਹਾੜੀ 'ਤੇ ਉਸਾਰੀ ਅਧੀਨ ਹੈ। ਇਸ ਪਾਵਨ ਕਾਰਜ ਵਾਸਤੇ ਸ੍ਰੀ ਸੁਖਦੇਵ ਬਾਘਮਾਰੇ ਤੇ ਬੀਬੀ ਰਾਧਾ ਦੇ ਪਰਿਵਾਰ ਵਲੋਂ ਦੋ ਏਕੜ ਜ਼ਮੀਨ ਦਾਨ ਕੀਤੀ ਗਈ ਹੈ। ਇਸ ਮੰਦਿਰ ਦਾ ਨੀਂਹ ਪੱਥਰ ਸ੍ਰੀ 108 ਸੰਤ ਨਿਰੰਜਣ ਦਾਸ ਜੀ ਮਹਾਰਾਜ ਵਲੋਂ ਸਮੂਹ ਸੰਤ ਸਮਾਜ ਤੇ ਸੰਗਤ ਦੀ ਹਾਜ਼ਰੀ ਸਮੇਂ ਮਿਤੀ 7-12-2003 ਨੂੰ ਰੱਖਿਆ ਗਿਆ। ਯਾਦ ਰੱਖਣਯੋਗ ਹੈ ਕਿ ਸੇਠ ਬਾਘਮਾਰੇ ਪਰਿਵਾਰ ਨੇ ਆਪਣੇ ਵਿਸ਼ਾਲ ਘਰ ਵਿਚ ਪਹਿਲਾਂ ਹੀ ਸ੍ਰੀ ਗੁਰੂ ਰਵਿਦਾਸ ਧਰਮ ਅਸਥਾਨ ਬਣਾਇਆ ਹੋਇਆ ਹੈ। ਸ੍ਰੀ ਸੁਖਦੇਵ ਬਾਘਮਾਰੇ ਜੀ ਨੇ ਕਈ ਪਿੰਡਾਂ ਵਿਚ ਜਗਤਗੁਰੂ ਰਵਿਦਾਸ ਮਹਾਰਾਜ

ਜੀ ਦੇ ਪਾਵਨ ਸਰੂਪ ਸਥਾਪਿਤ ਕਰਵਾਏ ਹਨ। ਸ੍ਰੀ ਗੁਰੂ ਰਵਿਦਾਸ ਧਰਮ ਅਸਥਾਨ ਕਟਰਾਸ ਪੂਨਾ ਵਾਸਤੇ ਸ੍ਰੀ ਚਮਨ ਲਾਲ ਕਰੋਟਾਣੇ, ਮੋਹਣ ਲਾਲ ਕਰੋਟਾਣੇ, ਮਦਨ ਲਾਲ ਕਰੋਟਾਣੇ ਅਤੇ ਸੁਰਜੀਤ ਸਿੰਘ ਜੀ ਇਸ ਪ੍ਰਮਾਰਥੀ ਕਾਰਜ ਵਾਸਤੇ ਬਹੁਤ ਯਤਨਸ਼ੀਲ ਹਨ। ਇਸ ਮੰਦਿਰ ਵਿਖੇ 85×35 ਫੁੱਟ ਦਾ ਵਿਸ਼ਾਲ ਦੋ ਮੰਜ਼ਿਲਾਂ ਗੁਰੂ ਰਵਿਦਾਸ ਧਰਮ ਅਸਥਾਨ ਬਣ ਚੁੱਕਾ ਹੈ। ਇਸ ਦੇ ਨਾਲ ਹੀ ਸ਼੍ਰੀ ਸੁਖਦੇਵ ਬਾਘਮਾਰੇ ਜੀ ਵਲੋਂ ਸ੍ਰੀ ਗੁਰੂ ਰਵਿਦਾਸ ਗੇਟ ਅਤੇ ਸ੍ਰੀ ਗੁਰੂ ਰਵਿਦਾਸ ਸਤੰਭ ਦਾ ਨਿਰਮਾਣ ਕੀਤਾ ਗਿਆ ਹੈ।

## 'ਬੇਗਮਪੁਰਾ ਸ਼ਹਿਰ'
## (ਹ.ਫ਼ਤਾਵਾਰੀ ਪੱਤ੍ਰਿਕਾ) - ਤਿੰਨ ਭਾਸ਼ਾਈ

ਇਹ ਪੱਤ੍ਰਿਕਾ ਬ੍ਰਹਮਲੀਨ ਸ਼੍ਰੀ 108 ਸੰਤ ਗਰੀਬ ਦਾਸ ਜੀ ਵਲੋਂ 1991 ਵਿਚ ਆਰੰਭ ਕੀਤੀ ਗਈ ਸੀ। ਬ੍ਰਹਮਲੀਨ ਸ਼੍ਰੀ 108 ਸੰਤ ਗਰੀਬ ਦਾਸ ਮਹਾਰਾਜ ਜੀ ਬੜੇ ਦੂਰ-ਅੰਦੇਸ਼ੀ ਮਹਾਂਪੁਰਸ਼ ਸਨ। ਆਪ ਇਸ ਗੱਲ ਤੋਂ ਭਲੀ-ਭਾਂਤ ਜਾਣੂ ਸਨ ਕਿ ਅਖਬਾਰਾਂ ਦੀ ਸਮਾਜ ਵਿਚ ਚੇਤੰਨਤਾ ਪੈਦਾ ਕਰਨ ਲਈ ਬਹੁਤ ਵੱਡੀ ਭੂਮਿਕਾ ਹੁੰਦੀ ਹੈ। ਉਹਨਾਂ ਦੇ ਪੁਰਸ਼ਾਰਥ ਸਦਕਾ ਹੀ ਪਿਛਲੇ 20 ਸਾਲਾਂ ਤੋਂ ਇਹ ਅਖ਼ਬਾਰ ਨਿਰਵਿਘਨ ਛਪ ਰਹੀ ਹੈ। ਇਹ ਅਖਬਾਰ ਮੌਜੂਦਾ ਗੱਦੀ ਨਸ਼ੀਨ ਸ਼੍ਰੀ 108 ਸੰਤ ਨਿਰੰਜਣ ਦਾਸ ਜੀ ਦੀ ਸਰਪ੍ਰਸਤੀ ਹੇਠ ਅਤੇ ਅਖਬਾਰ ਦੇ ਮੁੱਖ ਸੰਪਾਦਕ ਮਹਾਨ ਵਿਦਵਾਨ ਸ਼੍ਰੀਮਾਨ ਸੰਤ ਰਾਮਾ ਨੰਦ ਜੀ ਦੀ ਯੋਗ ਅਗਵਾਈ ਅਤੇ ਅਦਾਰਾ ਬੇਗਮਪੁਰਾ ਸਟਾਫ਼ ਦੀ ਲਗਨ ਸਦਕਾ, ਸਮਾਜ ਦੇ ਲੋਕਾਂ ਵਿਚ ਆਪਣੀ ਵਿਲੱਖਣ ਪਛਾਣ ਕਾਇਮ ਕਰ ਚੁੱਕੀ ਹੈ। ਇਸ ਪੱਤ੍ਰਿਕਾ ਦੀਆਂ ਪ੍ਰਾਪਤੀਆਂ ਨੂੰ ਵੇਖਦੇ ਹੋਏ, ਇਸ ਦੇ ਮੁੱਖ ਸੰਪਾਦਕ ਸ਼੍ਰੀ 108 ਸੰਤ ਰਾਮਾ ਨੰਦ ਜੀ ਨੂੰ, ਭਾਰਤੀ ਦਲਿਤ ਸਾਹਿਤ ਅਕਾਦਮੀ ਵਲੋਂ ਨੈਸ਼ਨਲ ਐਵਾਰਡ ਨਾਲ 10 ਦਸੰਬਰ 2004 ਨੂੰ ਤਾਲਕਟੋਰਾ ਸਟੇਡੀਅਮ ਨਵੀਂ ਦਿੱਲੀ ਵਿਖੇ ਸਨਮਾਨਿਤ ਕੀਤਾ ਗਿਆ। ਅੱਜਕਲ੍ਹ ਇਸ ਪੇਪਰ ਦੇ ਮੁੱਖ ਸੰਪਾਦਕ ਸੰਤ ਸੁਰਿੰਦਰ ਦਾਸ ਬਾਵਾ ਜੀ ਹਨ ਜਿਹਨਾਂ ਨੂੰ ਭਾਰਤੀ ਦਲਿਤ ਸਾਹਿਤ ਅਕਾਦਮੀ ਵਲੋਂ 2006 ਸ਼੍ਰੀ ਗੁਰੂ ਰਵਿਦਾਸ ਨੈਸ਼ਨਲ ਐਵਾਰਡ ਨਾਲ ਸਨਮਾਨਿਤ ਕੀਤੀ ਗਿਆ। ਹੁਣ ਇਹ ਪੁੱਤ੍ਰਿਕਾ ਤਿੰਨ ਭਾਸ਼ਾਈ (ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ) ਹੋ ਚੁੱਕੀ ਹੈ। ਇਸ ਪੇਪਰ ਦੇ ਮੁੱਖ ਸੰਪਾਦਕ ਸੰਤ ਸੁਰਿੰਦਰ ਦਾਸ ਬਾਵਾ ਜੀ ਹਨ ਜਿਹਨਾਂ ਨੂੰ ਭਾਰਤੀ ਦਲਿਤ ਸਾਹਿਤ ਅਕੈਡਮੀ ਵਲੋਂ ਸ਼੍ਰੀ ਗੁਰੂ ਰਵਿਦਾਸ 2006 ਨੈਸ਼ਨਲ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।

## ਸ਼੍ਰੀ ਗੁਰੂ ਰਵਿਦਾਸ ਸਤਿਸੰਗ ਭਵਨ,
## ਡੇਰਾ ਸੱਚਖੰਡ ਬੱਲਾਂ

ਡੇਰਾ ਸੱਚਖੰਡ ਬੱਲਾਂ ਦੇ ਮਹਾਂਪੁਰਸ਼ਾਂ, ਬ੍ਰਹਮਲੀਨ ਸਤਿਗੁਰੂ ਬਾਬਾ



ਪਿੱਪਲ ਦਾਸ ਜੀ ਮਹਾਰਾਜ, ਬ੍ਰਹਮਲੀਨ ਸ਼੍ਰੀ 108 ਸੰਤ ਸਰਵਣ ਦਾਸ ਜੀ ਮਹਾਰਾਜ, ਬ੍ਰਹਮਲੀਨ ਸ਼੍ਰੀ 108 ਸੰਤ ਹਰੀ ਦਾਸ ਜੀ ਮਹਾਰਾਜ, ਬ੍ਰਹਮਲੀਨ ਸ਼੍ਰੀ 108 ਸੰਤ ਗਰੀਬ ਦਾਸ ਜੀ ਮਹਾਰਾਜ ਅਤੇ ਮੌਜੂਦਾ ਗੱਦੀ ਨਸ਼ੀਨ ਸ਼੍ਰੀ 108 ਸੰਤ ਨਿਰੰਜਣ ਦਾਸ ਜੀ ਮਹਾਰਾਜ ਵਲੋਂ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਅੰਮ੍ਰਿਤਬਾਣੀ ਤੇ ਵਿਚਾਰਧਾਰਾ ਦਾ ਪਹਿਲਾਂ ਤੋਂ ਹੀ ਭਰਪੂਰ ਪ੍ਰਚਾਰ ਕੀਤਾ ਜਾਂਦਾ ਰਿਹਾ ਹੈ। ਉਹਨਾਂ ਦੀ ਅਧਿਆਤਮਿਕ ਸ਼ਕਤੀ, ਪਵਿੱਤਰਤਾ, ਸੱਚਾਈ ਅਤੇ ਸਮਾਜ ਸੁਧਾਰਕ ਦ੍ਰਿਸ਼ਟੀਕੋਣ ਨੂੰ ਮੁੱਖ ਰੱਖਦੇ ਹੋਏ ਉਹਨਾਂ ਦੇ ਸ਼ਰਧਾਲੂਆਂ ਦੀ ਗਿਣਤੀ ਬਹੁਤ ਤੇਜ਼ੀ ਨਾਲ ਵਧ ਰਹੀ ਹੈ। ਇਸ ਲਈ ਸ੍ਰੀ 108 ਸੰਤ ਸਰਵਣ ਦਾਸ ਚੈਰੀਟੇਬਲ ਟਰੱਸਟ ਯੂ. ਕੇ. ਦੇ ਫੈਸਲੇ ਅਤੇ ਵਿਦੇਸ਼ੀ ਸੰਗਤਾਂ ਦੀ ਪੁਰਜ਼ੋਰ ਬੇਨਤੀ ਤੇ ਸ੍ਰੀ 108 ਸੰਤ ਨਿਰੰਜਣ ਦਾਸ ਜੀ ਮਹਾਰਾਜ ਵਲੋਂ ਇਕ ਵਿਸ਼ਾਲ 'ਸ਼੍ਰੀ ਗੁਰੂ ਰਵਿਦਾਸ ਸਤਿਸੰਗ ਭਵਨ' ਦਾ ਨੀਂਹ ਪੱਥਰ 12 ਮਾਰਚ 2000 ਨੂੰ ਹਜ਼ਾਰਾਂ ਸ਼ਰਧਾਲੂਆਂ ਦੀ ਹਾਜ਼ਰੀ ਵਿਚ ਰੱਖਿਆ ਗਿਆ। ਉਸੇ ਦਿਨ ਤੋਂ ਸ਼ਰਧਾਲੂਆਂ ਵਿਚ ਇਸ ਭਵਨ ਦੀ ਉਸਾਰੀ ਲਈ ਬਹੁਤ ਉਤਸ਼ਾਹ ਪਾਇਆ ਗਿਆ। ਇਹ ਭਵਨ 220 ਫੁੱਟ ਲੰਬਾ ਤੇ 180 ਫੁੱਟ ਚੌੜਾ ਹੈ। ਚਾਰੇ ਪਾਸੇ ਹੀ ਵਰਾਂਡਾ ਹੈ। ਹਜ਼ਾਰਾਂ ਸ਼ਰਧਾਲੂਆਂ ਵਿਚ ਇੰਨਾ ਜੋਸ਼ ਤੇ ਲਗਨ ਸੀ ਕਿ ਉਹਨਾਂ ਵਲੋਂ ਇਸ ਵਿਸ਼ਾਲ ਭਵਨ ਦੀਆਂ ਨੀਹਾਂ ਇੱਕ ਦਿਨ ਵਿਚ ਹੀ ਪੁੱਟ ਦਿੱਤੀਆਂ ਗਈਆਂ ਸਨ। ਸਤਿਸੰਗ ਭਵਨ ਦੀ ਉਸਾਰੀ ਲਈ ਢਾਈ ਏਕੜ ਜ਼ਮੀਨ ਸ੍ਰੀ ਸਵਰਨ ਦਾਸ ਬੰਗੜ ਬੱਲਾਂ (ਯੂ.ਕੇ.) ਅਤੇ ਉਹਨਾਂ ਦੀ ਜੀਵਨ ਸਾਥੀ ਬੀਬੀ ਰੇਸ਼ਮ ਕੌਰ ਜੀ ਤੇ ਉਹਨਾਂ ਦੇ ਪਰਿਵਾਰ ਵਲੋਂ ਡੇਰੇ ਨੂੰ ਦਾਨ ਦਿੱਤੀ ਗਈ ਸੀ।

ਸਤਿਸੰਗ ਭਵਨ ਦੀ ਉਸਾਰੀ ਬਹੁਤ ਤੇਜ਼ੀ ਨਾਲ ਮੁਕੰਮਲ ਹੋਈ। ਲਗਭਗ 300 ਪਿੰਡਾਂ ਵਿਚੋਂ ਚਾਰ-ਪੰਜ ਪਿੰਡਾਂ ਦੇ ਡੇਢ ਦੋ ਸੌ ਸ਼ਰਧਾਲੂ ਭਵਨ ਦੀ ਉਸਾਰੀ ਦੀ ਸੇਵਾ ਵਾਸਤੇ ਹਰ ਰੋਜ਼ ਡੇਰੇ ਵਿਖੇ ਪਧਾਰਦੇ ਅਤੇ ਉਸਾਰੀ ਵਿਚ ਸੇਵਾ ਕਰਦੇ ਸਨ। ਸ਼ਰਧਾਲੂਆਂ ਦੀ ਸੇਵਾ ਤੇ ਸ਼ਰਧਾ ਭਾਵਨਾ ਨੂੰ ਦੇਖ ਕੇ ਸ੍ਰੀ 108 ਸੰਤ ਨਿਰੰਜਣ ਦਾਸ ਜੀ ਮਹਾਰਾਜ ਸ਼ਰਧਾਲੂਆਂ ਦੀ ਪ੍ਰਸ਼ੰਸਾ ਕਰਦੇ ਅਤੇ ਆਸ਼ੀਰਵਾਦ ਦਿੰਦੇ ਸਨ। ਸੰਤ ਰਾਮਾ ਨੰਦ ਜੀ ਤਾਂ ਕਈ ਵਾਰ ਸੰਗਤ ਦੀ ਸ਼ਰਧਾ ਤੇ ਉਤਸ਼ਾਹ ਵੇਖ ਕੇ ਬਿਹਬਲ ਹੋ ਉਠਦੇ ਸਨ ਤੇ ਆਪ ਵੀ ਸੰਗਤ ਦੇ ਨਾਲ ਭਵਨ ਦੀ ਉਸਾਰੀ ਦੀ ਸੇਵਾ ਵਿਚ ਲੱਗ ਜਾਂਦੇ ਸਨ। ਇਸ ਨਾਲ ਸੰਗਤਾਂ ਨੂੰ ਹੋਰ ਵੀ ਉਤਸ਼ਾਹ ਮਿਲਦਾ ਸੀ। ਸਿੱਟੇ ਵਜੋਂ ਥੋੜ੍ਹੇ ਸਮੇਂ ਵਿੱਚ ਹੀ ਇਸ ਵਿਸ਼ਾਲ ਭਵਨ ਦੀ ਸਮੁੱਚੀ ਉਸਾਰੀ ਸੰਪੂਰਨ ਹੋਈ। ਚੌਹਾਂ ਕੋਨਿਆਂ 'ਤੇ 16 ਫੁੱਟ ਉੱਚੇ ਗੁੰਬਦ ਅਤੇ ਮੁੱਖ ਗੇਟ 'ਤੇ 20 ਫੁੱਟ ਉੱਚਾ ਵੱਡਾ ਗੁੰਬਦ ਭਵਨ ਦੀ ਸ਼ੋਭਾ ਨੂੰ ਵਧਾ ਰਹੇ ਹਨ। ਇੰਨੇ ਵੱਡੇ ਭਵਨ ਦੀ ਛੱਤ ਦੇ ਆਰਕ-ਨੁਮਾ 5 ਭਾਗ ਹਨ। 80 ਫੁੱਟ ਲੰਬੀ ਸਟੇਜ ਬਣਾਈ ਗਈ ਹੈ। ਸਟੇਜ ਦੇ ਹੇਠਾਂ ਬੇਸਮੈਂਟ ਵਿਚ ਟੀ.

ਵੀ. ਸਟੂਡੀਓ ਬਣਾਇਆ ਗਿਆ ਹੈ। ਮੇਨ-ਗੇਟ ਦੇ ਹੇਠਾਂ 134 ਫੁੱਟ ਲੰਬਾ ਤੇ 30 ਫੁੱਟ ਚੌੜਾ ਜੋੜਾ ਘਰ ਬੇਸਮੈਂਟ ਵਿਚ ਤਿਆਰ ਕੀਤਾ ਗਿਆ ਹੈ। ਸ੍ਰੀ ਗੁਰੂ ਰਵਿਦਾਸ ਸਤਿਸੰਗ ਭਵਨ ਦਾ ਪ੍ਰਚਾਰ ਦੇਸ਼-ਵਿਦੇਸ਼ ਵਿਚ ਹੋ ਚੁੱਕਾ ਹੈ। ਇਸ ਨੂੰ ਦੇਖਣ ਵਾਸਤੇ ਦੇਸ਼-ਵਿਦੇਸ਼ ਤੋਂ ਸੰਗਤਾਂ ਆਉਂਦੀਆਂ ਹਨ। ਦਰਸ਼ਨੀ-ਡਿਊੜੀ ’ਤੇ ਮੁੱਖ ਗੁੰਬਦ ਤੋਂ ਇਲਾਵਾ ਚੌਹਾਂ ਕੋਨਿਆਂ ਵਿਚ ਗੁੰਬਦਾਂ ਉਤੇ ਸੋਨੇ ਦੇ ਕਲਸ਼ ਚੜ੍ਹਾਏ ਗਏ ਹਨ, ਜਿਹਨਾਂ ਤੋਂ ਪਰਦਾ ਹਟਾਉਣ ਦੀ ਰਸਮ ਮਾਘੀ ਦੇ ਪਾਵਨ ਅਵਸਰ ’ਤੇ ਮਿਤੀ 14-1-2004 ਨੂੰ ਕੀਤੀ ਗਈ ।

## ਸਵਰਨ ਪਾਲਕੀ

14 ਫ਼ਰਵਰੀ 2007 ਨੂੰ ਸਤਿਗੁਰੂ ਰਵਿਦਾਸ ਨਾਮਲੇਵਾ ਬਰਮਿੰਘਮ ਸੰਗਤਾਂ ਵਲੋਂ ਸਵਰਨ ਪਾਲਕੀ ਭੇਂਟ ਕੀਤੀ ਗਈ ਜਿਸ ਨੂੰ ਸ੍ਰੀ ਗੁਰੂ ਰਵਿਦਾਸ ਮੰਦਿਰ ਫ਼ਗਵਾੜਾ ਤੋਂ ਡੇਰਾ ਸੱਚਖੰਡ ਬੱਲਾਂ ਤੱਕ ਸ਼ੋਭਾ ਯਾਤਰਾ ਦੇ ਰੂਪ ਵਿਚ ਲਿਆਂਦਾ ਗਿਆ। ਇਸ ਵਿਸ਼ਾਲ ਭਵਨ ’ਤੇ 7 ਸਰਵਨ ਕਲਸ਼ ਸੁਭਾਏਮਾਨ ਹੋਏ ਹਨ। ਇਸ ਭਵਨ ਦਾ ਸ਼ੁਭ ਉਦਘਾਟਨ 15 ਫ਼ਰਵਰੀ 2007 ਈ. ਨੂੰ ਬ੍ਰਹਮਲੀਨ ਸਤਿਗੁਰੂ ਸਵਾਮੀ ਸਰਵਣ ਦਾਸ ਜੀ ਦੇ ਆਗਮਨ ਪੁਰਬ ’ਤੇ ਸੰਤ ਨਿਰੰਜਣ ਦਾਸ ਜੀ ਮਹਾਰਾਜ ਵਲੋਂ ਕੀਤਾ ਗਿਆ।

## ਸ਼੍ਰੀ ਗੁਰੂ ਰਵਿਦਾਸ ਸੰਗੀਤ ਅਕੈਡਮੀ

ਸ਼੍ਰੀ 108 ਸੰਤ ਨਿਰੰਜਣ ਦਾਸ ਜੀ ਮਹਾਰਾਜ ਅਤੇ ਕੌਮ ਦੇ ਮਹਾਨ ਸ਼ਹੀਦ ਸੰਤ ਰਾਮਾ ਨੰਦ ਜੀ ਦੀ ਪ੍ਰੇਰਣਾ ਸਦਕਾ ਡੇਰਾ ਸੱਚਖੰਡ ਬੱਲਾਂ ਵਿਖੇ ਸੰਗੀਤ ਅਕੈਡਮੀ ਚਲਾਈ ਜਾ ਰਹੀ ਹੈ, ਜਿੱਥੇ ਵਿਦਿਆਰਥੀ ਸੰਗੀਤ ਦੀ ਸਿੱਖਿਆ ਪ੍ਰਾਪਤ ਕਰਦੇ ਹਨ।

## ਕੌਮ ਕੇ ਅਮਰ ਸ਼ਹੀਦ ਸੰਤ ਰਾਮਾ ਨੰਦ ਜੀ ਦੀ ਯਾਦ ਵਿਚ ਧਰਮ ਅਸਥਾਨ

ਰਵਿਦਾਸੀਆ ਕੌਮ ਦੇ ਅਮਰ ਸ਼ਹੀਦ ਸੰਤ ਰਾਮਾ ਨੰਦ ਜੀ ਦੀ ਯਾਦ ਵਿਚ ਸ਼੍ਰੀ ਚੈਨ ਰਾਮ ਚੁੰਬਰ ਅਤੇ ਕਿਰਣਾ ਪਿੰਡ ਸੰਘੇ ਜਗੀਰ ਵਲੋਂ ਇਕ ਵੱਡੀ ਕੋਠੀ ਰਵਿਦਾਸੀਆ ਕੌਮ ਕੇ ਅਮਰ ਸ਼ਹੀਦ ਸ਼੍ਰੀ 108 ਸੰਤ ਰਾਮਾ ਨੰਦ ਜੀ ਦੀ ਯਾਦ ਵਿਚ ਡੇਰਾ ਸੱਚਖੰਡ ਬੱਲਾਂ ਨੂੰ ਸੌਂਪੀ।

## ਦੂਰਦਰਸ਼ਨ ਤੋਂ ਅੰਮ੍ਰਿਤਬਾਣੀ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਪ੍ਰੋਗਰਾਮ

ਡੇਰਾ ਸੱਚਖੰਡ ਬੱਲਾਂ ਦੇ ਮਹਾਨ ਮਹਾਂਪੁਰਸ਼ਾਂ ਵਲੋਂ ਦੂਰਦਰਸ਼ਨ ਦੇ ਰਾਸ਼ਟਰੀ ਚੈਨਲ ਜਲੰਧਰ ਤੋਂ ਗੁਰੂ ਰਵਿਦਾਸ ਮਹਾਰਾਜ ਜੀ ਦੀ ਅੰਮ੍ਰਿਤ ਬਾਣੀ ਨੂੰ ਦੇਸ਼-ਵਿਦੇਸ਼ ਵਿਚ ਪ੍ਰੇਮੀਆਂ ਵਾਸਤੇ ਪ੍ਰਸਾਰਿਤ ਕੀਤਾ ਜਾ ਰਿਹਾ ਹੈ। ਇਸ ਪ੍ਰੋਗਰਾਮ ਵਿਚ ਸ਼੍ਰੀ 108 ਸੰਤ ਰਾਮਾ ਨੰਦ ਜੀ ਗੁਰਬਾਣੀ ਦੀ ਵਿਆਖਿਆ



ਕਰਦੇ ਹਨ। ਪ੍ਰਸਿੱਧ ਕੀਰਤਨੀ ਜੱਥੇ ਅੰਮ੍ਰਿਤਬਾਣੀ ਗਾਇਨ ਕਰਦੇ ਹਨ। ਹਰ ਮੰਗਲਵਾਰ ਸ਼ਾਮ 9.00 ਤੋਂ 9 : 30 ਵਜੇ ਤੱਕ ਡੀ.ਡੀ. ਪੰਜਾਬੀ ’ਤੇ ਪ੍ਰਸਾਰਿਤ ਕੀਤਾ ਜਾਂਦਾ ਹੈ।

## ਡੇਰੇ ਦਾ ਮੁੱਖ ਸਮਾਗਮ

ਮਾਘੀ ਦਾ ਸਮਾਗਮ, ਜਗਤਗੁਰੂ ਰਵਿਦਾਸ ਮਹਾਹਾਜ ਜੀ ਦਾ ਆਗਮਨ ਪੁਰਬ ਅਤੇ ਰਵਿਦਾਸੀਆ ਧਰਮ ਦਾ ਸਥਾਪਨਾ ਦਿਵਸ—ਸ਼੍ਰੀ ਗੁਰੂ ਰਵਿਦਾਸ ਜਨਮ ਸਥਾਨ ਮੰਦਰ ਸੀਰਗੋਵਰਧਨਪੁਰ ਵਾਰਾਣਸੀ ਵਿਖੇ ਮਾਘ ਪੂਰਨਮਾ, ਬ੍ਰਹਮਲੀਨ ਸੰਤ ਹਰੀ ਦਾਸ ਜੀ ਦੀ ਯਾਦ 6 ਫਰਵਰੀ ਨੂੰ ਡੇਰਾ ਬੱਲਾਂ ਵਿਖੇ ਸੰਤ ਹਰੀ ਦਾਸ ਮਾਨਵ ਏਕਤਾ ਸੰਤ ਸੰਮੇਲਨ, ਬ੍ਰਹਮਲੀਨ ਸੰਤ ਸਰਵਣ ਦਾਸ ਜੀ ਮਹਾਰਾਜ ਦਾ ਪ੍ਰਕਾਸ਼ ਦਿਹਾੜਾ 15 ਫਰਵਰੀ ਨੂੰ ਡੇਰਾ ਸੱਚਖੰਡ ਬੱਲਾਂ ਵਿਖੇ, ਜਗਤਗੁਰੂ ਰਵਿਦਾਸ ਮਹਾਰਾਜ ਜੀ ਦਾ ਗੰਗਾ ਘਾਟ ’ਤੇ ਪੱਥਰ ਤਰਾਏ ਇਤਿਹਾਸਕ ਵਿਸਾਖੀ ਪੁਰਬ, ਸੰਤ ਰਾਮਾ ਨੰਦ ਜੀ ਦਾ ਸ਼ਹੀਦੀ ਦਿਵਸ (25 ਮਈ), ਬ੍ਰਹਮਲੀਨ ਸੰਤ ਸਰਵਣ ਦਾਸ ਜੀ ਦਾ ਬਰਸੀ ਸਮਾਗਮ (11 ਜੂਨ), ਜਗਤਗੁਰੂ ਰਵਿਦਾਸ ਮਹਾਰਾਜ ਜੀ ਦਾ ਜੋਤੀ ਜੋਤਿ ਸਮਾਏ ਪੁਰਬ ਹਾੜ੍ਹ ਦੀ ਸੰਗਰਾਂਦ, ਸੰਤ ਗਰੀਬ ਦਾਸ ਜੀ ਦਾ ਬਰਸੀ ਸਮਾਗਮ (23 ਜੁਲਾਈ)।

ਪਹਿਲੇ ਨਵਰਾਤੇ ਨੂੰ ਬਾਬਾ ਪਿੱਪਲ ਦਾਸ ਜੀ ਦਾ ਜੋਤੀ ਜੋਤਿ ਪੁਰਬ ਮਨਾਇਆ ਜਾਂਦਾ ਹੈ ਅਤੇ ‘ਹਰਿ’ ਦੇ ਨਿਸ਼ਾਨ ਸਾਹਿਬ ਝੁਲਾਏ ਜਾਂਦੇ ਹਨ। ਹਰ ਐਤਵਾਰ ਅਤੇ ਬਿਕਰਮੀ ਸੰਗਰਾਂਦ ਨੂੰ ਵਿਸ਼ੇਸ਼ ਸਤਿਸੰਗ ਦਾ ਆਯੋਜਨ ਕੀਤਾ ਜਾਂਦਾ ਹੈ।

ਡੇਰਾ ਸੱਚਖੰਡ ਬੱਲਾਂ ਉਪਰੋਕਤ ਵਰਣਿਤ ਧਾਰਮਿਕ ਤੇ ਸਮਾਜਿਕ ਗਤੀਵਿਧੀਆਂ ਕਰਕੇ ਵਿਸ਼ਵ-ਵਿਖਿਆਤ ਹੈ।

# "ਨਾਗਰ ਜਨਾ ਮੇਰੀ ਜਾਤਿ ਬਿਖਿਆਤ ਚਮਾਰੰ"

ਜਦੋਂ ਵੀ ਸਤਿਗੁਰੂ ਰਵਿਦਾਸ ਅੰਮ੍ਰਿਤਬਾਣੀ ਦਾ ਅਧਿਐਨ ਕਰਦਿਆਂ ਉਹਨਾਂ ਦੀ ਪਵਿੱਤਰ ਅੰਮ੍ਰਿਤਬਾਣੀ ਵੇਖਦਾ ਹਾਂ ਤਾਂ ਜਿਸ ਵਿਚ ਉਹਨਾਂ ਵਾਰ-ਵਾਰ ਅਨੇਕਾਂ ਵਾਰ ਆਪਣੀ ਪਹਿਚਾਨ ਪ੍ਰਗਟ ਕੀਤੀ ਹੈ। ਸਤਿਗੁਰੂ ਰਵਿਦਾਸ ਜੀ ਦਾ ਜਿਸ ਮਹਾਨ ਜਾਤ ਸਮਾਜ ਵਿਚ ਆਗਮਨ ਹੋਇਆ ਉਸ ਜਾਤ ਦਾ ਬੜਾ ਗੌਰਵਸ਼ਾਲੀ ਇਤਿਹਾਸ ਹੈ। ਮਹਾਨ ਵਿਕਸਿਤ ਸੱਭਿਅਤਾ ਨੂੰ ਜਨਮ ਦੇਣ ਦਾ ਸਿਹਰਾ ਲਈ ਬੈਠੀ ਹੈ। ਇਹ ਅਮੀਰ ਵਿਰਾਸਤ ਤੇ ਵਿਰਸੇ ਦੀ ਮਾਲਕ ਮਹਾਨ 'ਚਮਾਰ' ਜਾਤੀ ਇਤਿਹਾਸ ਦਿਆਂ ਪੰਨਿਆਂ ਵਿਚ ਆਪਣੀ ਮਹਾਨਤਾ ਸਮੋਈ ਬੈਠੀ ਹੈ। ਸਤਿਗੁਰੂ ਰਵਿਦਾਸ ਜੀ ਆਪਣੀ ਬਾਣੀ ਵਿਚ ਬੜੇ ਮਾਣ ਨਾਲ ਕਹਿੰਦੇ 'ਕਹਿ ਰਵਿਦਾਸ ਖਲਾਸ ਚਮਾਰਾ"। ਜਿਸ ਸਮੇਂ ਚਮਾਰ ਜਾਤ ਦੇ ਲੋਕ ਆਮ ਰਸਤਿਆਂ ਤੇ ਆਉਣ ਤੋਂ ਕਤਰਾਉਂਦੇ ਸਨ ਉਸ ਸਮੇਂ ਸਤਿਗੁਰੂ ਰਵਿਦਾਸ ਜੀ ਰਾਜਾ ਨਾਗਰ ਮੱਲ ਦੇ ਦਰਬਾਰ ਵਿਚ ਕਹਿ ਰਹੇ ਹਨ "ਨਾਗਰ ਜਨਾ ਮੇਰੀ ਜਾਤਿ ਬਿਖਿਆਤ ਚਮਾਰ"। ਹੇ ਨਾਗਰ ਮੱਲ ਤੇ ਨਗਰ ਦੇ ਵਾਸੀਉ ਮੇਰੀ ਜਾਤ ਚਮਾਰ ਹੈ। ਇਸ ਦੀ ਪ੍ਰਸਿੱਧੀ ਨੂੰ ਸੰਸਾਰ ਜਾਣਦਾ ਹੈ। ਡਾ. ਸੋਹਣ ਪਾਲ ਸੁਮਨਾਕਸ਼ਰ ਜੀ ਆਪਣੀ ਕਲਮ ਤੋਂ ਮਹਾਨ ਚਮਾਰ ਜਾਤੀ ਦਾ ਜ਼ਿਕਰ ਕਰਦਿਆਂ ਲਿਖਦੇ ਹਨ ਕਿ "ਚਮਾਰ ਜਾਤ ਕਿਸੇ ਯੁੱਗ ਵਿਚ ਸਵਰਨ ਜਾਤੀ ਦੇ ਸਮਾਨ ਹੀ ਨਹੀਂ ਬਲਕਿ ਉਸ ਤੋਂ ਵੀ ਜਿਆਦਾ ਦ੍ਰਿੜ, ਬਲਸ਼ਾਲੀ ਅਤੇ ਆਤਮ ਨਿਰਭਰ ਸੀ"। ਚਵਰ ਪੁਰਾਨ ਵਿਚ ਇਸ ਵੰਸ਼ ਨੇ ਕਈ ਸਾਲ ਧਰਤੀ ਤੇ ਰਾਜ ਕੀਤਾ ਦਾ ਵਰਣਨ ਮਿਲਦਾ ਹੈ। ਕਈ ਸਾਲ ਤੱਕ ਇਸ ਧਰਤੀ ਦੇ ਰਾਜਾ ਚਮਾਰ ਜਾਤ ਦੇ ਰਹੇ ਹਨ। ਚਮਾਰ ਜਾਤ ਬਹੁਤ ਹੀ ਬਲਸ਼ਾਲੀ ਤੇ ਵਿਕਸਿਤ ਜਾਤ ਸੀ, ਵਿਸ਼ਵ ਦੀ ਮਹਾਨ ਸੱਭਿਅਤਾ ਸਿੱਧੂ ਘਾਟੀ ਦੇ ਸਿਰਜਕ ਲੋਕ ਸਨ। ਲੇਖਕ ਸ਼੍ਰੀ ਦੌਲੀ ਰਾਮ ਜੀ ਆਪਣੀ ਕਲਮ ਤੋਂ ਲਿਖਦੇ ਹਨ ਕਿ "ਜਦੋਂ ਭਾਰਤ ਵਿਚ ਆਰੀਆ ਨਸਲ ਦੇ ਵਿਦੇਸ਼ੀ ਆਏ ਤਾਂ ਉਹਨਾਂ ਨੇ ਭਾਰਤ ਦੇ ਮੂਲ ਨਿਵਾਸੀਆਂ ਦੀ ਨੇੜਤਾ ਦਾ ਨਾਜ਼ਾਇਜ ਫਾਇਦਾ ਲਿਆ ਅਤੇ ਛਲ ਕਪਟ ਪ੍ਰਪੰਚ ਪੂਰਨ ਨੀਤੀਆਂ ਤੇ ਸਮ, ਦੰਡ, ਭੇਦ-ਭਾਵ ਦੀਆਂ ਕੁਟਿਲ ਨੀਤੀਆਂ ਦੇ ਤਹਿਤ ਉਹਨਾਂ ਨੂੰ ਹਰਾਉਣ ਦੇ ਬਾਅਦ ਚਤੁਰ ਵਰਣ ਵੰਡ ਭੇਦ ਦੀ ਰਚਨਾ ਕੀਤੀ। ਭਾਰਤ ਦੇ ਮੂਲ ਨਿਵਾਸੀਆਂ ਨੂੰ ਕੰਮਾਂ ਦੇ ਆਧਾਰ ਤੇ ਨਾ ਚੱਲਣ ਦੀ ਬਜਾਏ ਉਹਨਾਂ ਨੂੰ ਵਰਨ ਵੰਡ ਦੇ ਆਧਾਰ ਤੇ ਵੰਡ ਦਿੱਤਾ। ਹੌਲੀ ਹੌਲੀ ਚਮਾਰ ਜਾਤੀ ਦੇ ਲੋਕ ਮਾਨਵ ਅਧਿਕਾਰਾਂ ਤੋਂ ਵੰਚਿਤ ਹੁੰਦੇ ਗਏ ਅਤੇ ਇਹਨਾਂ ਨੂੰ ਹੀ ਅਛੂਤ ਪਤੀਤ ਕਰਾਰ ਦਿੱਤਾ ਗਿਆ। ਜਦੋਂ ਅਸੀਂ ਇਤਿਹਾਸ ਦੇ ਪੰਨਿਆਂ ਨੂੰ ਫਰੋਲਦੇ ਹਾਂ ਤਾਂ ਚਮਾਰ ਜਾਤੀ ਦੀ ਮਹਾਨਤਾ ਰਾਜਿਆਂ ਮਹਾਰਾਜਿਆਂ ਦੀ ਵੀਰਤਾ ਦੇ ਕਿੱਸੇ ਮਿਲਦੇ ਹਨ। ਬਾਬਾ ਸਾਹਿਬ ਡਾ. ਅੰਬੇਡਕਰ ਜੀ ਨੇ ਆਪਣੀ ਮਹਾਨ ਪੁਸਤਕ 'The untouchable' ਵਿਚ ਰਾਜਾ ਸੁਦਾਸ ਜੀ ਦੀ ਵੀਰਤਾ ਤੇ ਲੜਾਈ ਦਾ ਵਰਣਨ ਕੀਤਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸਿੰਧੂ ਘਾਟੀ ਸਾਡੇ ਪੁਰਖਿਆਂ ਦੀ ਵਿਕਸਿਤ ਸੱਭਿਅਤਾ ਦਾ ਨਾਂ ਸੀ ਜੋ ਅੱਜ ਵੀ ਵਿਸ਼ਵ ਨੂੰ ਹੈਰਾਨ ਕਰ ਰਹੀ ਹੈ। ਇਤਿਹਾਸ ਵਿਚ ਸਿੰਧੂ ਘਾਟੀ ਦੀ ਸੱਭਿਅਤਾ ਦੇ ਅੰਤਮ ਸ਼ਾਸ਼ਕ ਵਿਚ ਰਾਜਾ ਚਮਰ (ਚਮਾਰ ਸਮਰਾਟ) ਦਾ ਜ਼ਿਕਰ ਮਿਲਦਾ ਹੈ ਜਿਸ ਨੇ ਆਪਣੀ ਮੂਲ ਨਿਵਾਸੀ ਹੋਂਦ ਕਾਇਮ ਰੱਖਣ ਲਈ ਵਿਦੇਸ਼ੀ ਮੂਲ



ਆਰੀਆਂ ਨਾਲ ਲੜਾਈਆਂ ਲੜੀਆਂ। ਅੰਤ ਲੜਾਈ ਲੜਦਾ ਵੀਰਗਤੀ ਨੂੰ ਪ੍ਰਾਪਤ ਹੋ ਗਿਆ। ਉਸ ਦੀ ਸਾਰੀ ਸੈਨਾ ਦੇਸ਼ ਦੇ ਬਾਕੀ ਭਾਗਾਂ ਵਿਚ ਫੈਲ ਗਈ। ਇਹਨਾਂ ਵਿਚੋਂ ਮਹਾਰਾਜਾ ਬਲੀ ਤੇ ਮਹਾਰਾਜਾ ਸੁਦਾਸ ਵਰਗੇ ਪੈਦਾ ਹੋਏ। ਡਾ. ਵਿਜੇ ਕਿਸ਼ੋਰ ਜੀ ਲਿਖਦੇ ਹਨ ਕਿ "ਰਿਗਵੇਦ ਵਿਚ ਦਸ਼ਰਥ ਯੁੱਧ ਦਾ ਵਰਣਨ ਹੈ ਜਿਥੇ ਦਸ ਰਾਜਿਆਂ ਦੇ ਸਾਹਮਣੇ ਰਾਜਾ ਸੁਦਾਸ ਹਾਰ ਜਾਂਦੇ ਹਨ। ਰਾਜਾ ਸੁਦਾਸ ਦੀ ਹਾਰ ਤੋਂ ਬਾਅਦ ਉਹਨਾਂ ਦੇ ਜੋ ਵੰਸ਼ ਹੋਏ ਉਹ ਚਮਾਰ ਹੋਏ। ਇਸ ਰਾਜਾ ਸੁਦਾਸ ਦੀ ਯਾਦ ਵਿਚ 'ਦਾਸ' ਜਾਤੀ ਦੀ ਜੋ ਉਪਾਧੀ ਲਗਾਈ ਜਾਂਦੀ ਸੀ ਇਹ ਉਪਾਧੀ ਭਾਰਤ ਦੀ 90% ਦਾਸ ਉਪਾਧੀ ਚਮਾਰ ਜਾਤੀ ਦੇ ਲੋਕਾਂ ਦੀ ਉਪਾਧੀ ਹੈ। ਇਤਿਹਾਸ ਵਿਚ ਜ਼ਿਕਰ ਮਿਲਦਾ ਹੈ ਕਿ 600ਈ: ਪੂ: ਚਮਾਰ ਜਾਤੀ ਨੇ ਇਕ 'ਆਜੀਵਕਾ ਸੰਘ'ਬਣਾਇਆ ਸੀ ਜਿਸ ਦਾ ਮਕਸਦ ਆਰੀਆ ਲੋਕਾਂ ਦੇ ਕਰਮਕਾਂਡਾ ਤੇ ਅਤਿਆਚਾਰਾਂ ਵਿਰੁੱਧ ਆਵਾਜ਼ ਉਠਾਉਣਾ ਸੀ। ਰਾਜਾ ਸੁਦਾਸ ਜੀ ਦਾ ਪੁੱਤਰ ਯੁਵਰਾਜ ਭਾਰਤ ਵੀ ਇਕ ਯੋਧਾ ਬਲਵਾਨ ਰਾਜਾ ਹੋਇਆ ਜਿਸ ਦੇ ਨਾਮ ਤੋਂ ਹੀ 'ਭਾਰਤ' ਦੇਸ਼ ਦਾ ਨਾਮ ਰੱਖਿਆ ਗਿਆ ਸੀ। ਮਹਾਂਭਾਰਤ ਵਿਚ ਵੀ ਚਮਾਰ ਖੰਡ ਦਾ ਵਰਨਣ ਆਉਂਦਾ ਹੈ। ਛੱਤਰਪਤੀ ਸ਼ਿਵਾ ਜੀ ਮਹਾਰਾਜ ਦੀ ਸੈਨਾ ਵਿਚ ਚਮਾਰ ਜਾਤੀ ਦੇ ਲੋਕਾਂ ਦੀ ਬਹੁਤ ਜ਼ਿਆਦਾ ਸੰਖਿਆ ਸੀ। ਅੰਗ੍ਰੇਜ਼ੀ ਪੁਸਤਕ 'ਦ ਚਮਾਰ' ਦੇ ਲੇਖਕ ਜੀ. ਡਬਲਿਊ ਬ੍ਰਿਗਸ਼ ਲਿਖਦੇ ਹਨ ਕਿ ਇਹ ਜਾਤੀ ਮਾਰਸ਼ਲ ਜਾਤੀ ਸੀ। ਇਹ ਲੇਖਕ ਆਪਣੇ ਸਮੇਂ ਦੀ ਚਮਾਰ ਬਟਾਲੀਅਨ ਦੇ ਹੈਰਾਨਕੁੰਨ ਕਾਰਨਾਮਿਆਂ ਤੋਂ ਬਹੁਤ ਪ੍ਰਭਾਵਿਤ ਹੋਇਆ। ਅੰਗਰੇਜਾਂ ਨੇ ਚਮਾਰ ਰੈਜੀਮੈਂਟ ਦੀ ਸਥਾਪਨਾ ਕੀਤੀ ਸੀ। ਚਮਾਰ ਰੈਜੀਮੈਂਟ ਦੀਆਂ ਕਈ ਬਟਾਲੀਅਨਾਂ ਆਈਆਂ ਜੋ ਐਨ. ਏ. ਦੇ ਮੁਕਾਬਲੇ ਲਈ ਸਿੰਘਾਪੁਰ ਭੇਜੀਆਂ ਸਨ। ਚਮਾਰ ਰੈਜੀਮੈਂਟ ਅੰਗਰੇਜਾਂ ਨੇ ਜ਼ਰੂਰ ਬਣਾਈ ਸੀ ਪਰ ਜਦੋਂ ਚਮਾਰ ਜਾਤੀ ਦਿਆਂ ਲੋਕਾਂ ਨੇ ਦੇਖਿਆ ਕਿ ਅੰਗਰੇਜ਼ ਸਾਡੇ ਹੀ ਹੱਥੋਂ ਸਾਡੇ ਹੀ ਭਰਾਵਾਂ ਨੂੰ ਮਰਵਾ ਰਹੇ ਹਨ ਤਾਂ ਚਮਾਰ ਰੈਜੀਮੈਂਟ ਦੇ ਯੋਧਿਆਂ ਨੇ ਅੰਗਰੇਜ ਹਕੂਮਤ ਖਿਲਾਫ ਬਗਾਵਤ ਕਰ ਦਿੱਤੀ। ਨਤੀਜੇ ਵਜੋਂ ਅੰਗ੍ਰੇਜ਼ੀ ਸਰਕਾਰ ਨੇ ਚਮਾਰ ਰੈਜੀਮੈਂਟ ਨੂੰ ਖਤਮ ਕਰ ਦਿੱਤਾ। ਚਮਾਰ ਰੈਜੀਮੈਂਟ ਦੀ ਬਹਾਦਰੀ ਨੂੰ ਦੇਖਦਿਆਂ ਭਾਰਤ ਸਰਕਾਰ ਦੁਆਰਾ ਚਮਾਰ ਰੈਜੀਮੈਂਟ ਸਥਾਪਿਤ ਕਰਨੀ ਚਾਹੀਦੀ ਹੈ ਤਾਂ ਕਿ ਚਮਾਰ ਰੈਜੀਮੈਂਟ ਦੇ ਸਿਪਾਹੀਆਂ ਨੂੰ ਸੱਚੀ ਸ਼ਰਧਾਜਲੀ ਦਿੱਤੀ ਜਾ ਸਕੇ। ਪ੍ਰਸਿੱਧ ਵਿਦਵਾਨ ਵੀ. ਟੀ. ਰਾਜਸ਼ੇਖਰ ਜੀ ਲਿਖਦੇ ਹਨ "ਚਮਾਰ ਜਾਤੀ ਆਉਣ ਵਾਲੇ ਸਮੇਂ ਦੀ ਸ਼ਾਸ਼ਕ ਜਾਤੀ ਹੈ।" ਪਹਿਲਾ ਵੀ ਆਦਿ ਕਾਲ ਤੋਂ ਇਕ ਜਾਤੀ ਦਾ ਸ਼ਾਸ਼ਨ ਰਿਹਾ ਜਿਸ ਨੇ ਐਸੇ ਰਾਜੇ ਮਹਾਰਾਜੇ ਪੈਦਾ ਕੀਤੇ ਹਨ ਜਿਨ੍ਹਾਂ ਤੇ ਵਿਸ਼ਵ ਮਾਣ ਕਰਦਾ ਹੈ। ਇਤਿਹਾਸ ਵਿਚ ਘਟਨਾ ਦਰਜ਼ ਹੈ ਕਿ ਅਕਬਰ ਨੇ ਬੀਰਬਲ ਨੂੰ ਪੁਛਿਆ ਕਿ ਤੈਨੂੰ ਕਿਸੇ ਦੇ ਨਿਆਂ ਤੇ ਵਿਸ਼ਵਾਸ਼ ਹੈ ਭਰੋਸਾ ਹੈ ਤਾਂ ਬੀਰਬਲ ਨੇ ਤੁਰੰਤ ਜਵਾਬ ਦਿੰਦਿਆਂ ਕਿਹਾ 'ਚਮਾਰਾਂ ਦੀਆਂ ਪੰਚਾਇਤਾਂ ਤੇ' ਕਿਉਂਕਿ ਉਹਨਾਂ ਦਾ ਫੈਸਲਾ ਬਹੁਤ ਸੋਚ ਵਿਚਾਰ ਦੇ ਬਾਅਦ ਨਿਆਂ ਤੇ ਆਧਾਰਿਤ ਹੁੰਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਰਹਿ ਜਾਂਦਾ ਚਮਾਰ ਜਾਤੀ ਭਾਰਤ ਦੀ ਮੂਲ ਨਿਵਾਸੀ ਲੋਕਾਂ ਦੀ ਸੱਭਿਅਤਾ ਹੈ। ਜਿਸ ਨੇ ਸਿੰਧੂ ਘਾਟੀ ਦੀ ਸਭਿਅਤਾ ਵਰਗੀ ਵਿਸ਼ਵ ਪ੍ਰਸਿੱਧ ਸਭਿਅਤਾ ਦੀ ਸਿਰਜਣਾ ਕੀਤੀ। ਆਦਿ ਤੋਂ ਲੈ ਕੇ ਅੱਜ ਤੱਕ ਇਸ ਜਾਤੀ ਦੇ ਇਤਿਹਾਸ ਤੇ ਨਜ਼ਰ ਪਾਉਂਦੇ ਹਾਂ ਉਹ ਬੜੀਆਂ ਕਠਿਨਾਈਆਂ ਚੋ ਨਿਕਲ ਕੇ ਆਇਆ ਹੈ ਕਿਉਂਕਿ ਸਾਡਾ ਇਤਿਹਾਸ ਨਸ਼ਟ ਕੀਤਾ ਗਿਆ ਸੀ ਪਰ

ਸਤਿਗੁਰੂ ਰਵਿਦਾਸ ਜੀ ਨੇ ਆਪਣੀ ਅੰਮ੍ਰਿਤਬਾਣੀ ਦੀ ਰਚਨਾ ਕਰਕੇ ਸਾਹਿਤ ਸਿਰਜਣ ਕ੍ਰਾਂਤੀ ਦੀ ਸ਼ੁਰੂਆਤ ਕੀਤੀ ਹੈ, ਜੋ ਨਿਰੰਤਰ ਉਹਨਾਂ ਤੋਂ ਬਾਅਦ ਵੀ ਚੱਲਿਆ ਆ ਰਿਹਾ ਹੈ। ਚਮਾਰ ਜਾਤੀ ਵਿਚ ਜਨਮੇਂ ਮਹਾਂਪੁਰਸ਼ ਜਿਨ੍ਹਾਂ ਦੇ ਅੰਮ੍ਰਿਤ ਬਚਨ ਸਦਾ ਸਾਡਾ ਮਾਰਗ ਦਰਸ਼ਨ ਕਰਦੇ ਰਹਿਣਗੇ। ਮਹਾਨ ਸਖਸ਼ੀਅਤਾਂ ਜਿਨ੍ਹਾਂ ਤੇ ਸਾਨੂੰ ਮਾਣ ਰਹੇਗਾ।

**ਚਮਾਰ ਜਾਤੀ ਵਿਚ ਜਨਮੇ ਜਗਤ ਪ੍ਰਸਿਧ ਮਹਾਂਪੁਰਸ਼ ਤੇ ਮਹਾਨ ਹਸਤੀਆਂ ਜਿਹਨਾਂ ਆਪਣੇ ਕਰਮਾਂ ਖਰਕੇ ਨਾਮਨਾ ਖੱਟਿਆ, ਆਉ ਉਹਨਾਂ ਮਹਾਨ ਸ਼ਖਸ਼ੀਅਤਾਂ ਬਾਰੇ ਸੰਖੇਪ ਜਿਹਾ ਵੇਰਵਾ ਪ੍ਰਾਪਤ ਕਰੀਏ।**

**ਸਤਿਗੁਰੂ ਬਾਬਾ ਪਿੱਪਲ ਦਾਸ ਜੀ**–ਧੰਨ ਧੰਨ ਸਤਿਗੁਰੂ ਬਾਬਾ ਪਿੱਪਲ ਦਾਸ ਜੀ ਦੇ ਦਰਸਾਏ ਮਾਰਗ ਤੇ ਚੱਲ ਕੇ ਜਗਤਗੁਰੂ ਰਵਿਦਾਸ ਜੀ ਦੇ ਮਿਸ਼ਨ ਨੂੰ ਚਾਰ ਚੰਨ ਲਗਾਉਣ ਵਾਲੇ ਮਹਾਨ ਰਹਿਬਰ ਸਤਿਗੁਰੂ ਸਰਵਣ ਦਾਸ ਜੀ ਨਾਮ ਇਤਿਹਾਸ ਵਿਚ ਸੁਨਹਿਰੀ ਅੱਖਰਾਂ ਵਿਚ ਦਰਜ਼ ਹੈ। ਸਤਿਗੁਰੂ ਸਵਾਮੀ ਸਰਵਣ ਦਾਸ ਜੀ ਆਪਣੇ ਪਿਤਾ ਸਤਿਗੁਰੂ ਸੁਆਮੀ ਪਿੱਪਲ ਦਾਸ ਜੀ ਨਾਲ ਗਿੱਲ ਪੱਟੀ ਬਠਿੰਡਾ ਤੋਂ ਚੱਲ ਕੇ ਜਨ-ਜਨ ਨੂੰ ਪ੍ਰਭੂ ਨਾਲ ਜੋੜਦੇ ਅੰਤ ਦੁਆਬੇ ਦੀ ਧਰਤੀ ਜਲੰਧਰ ਸ਼ਹਿਰ ਦੇ ਪਿੰਡ ਬੱਲਾਂ ਵਿਖੇ ਡੇਰਾ ਲਾ ਲਿਆ। ਸਤਿਗੁਰੂ ਬਾਬਾ ਪਿੱਪਲ ਦਾਸ ਜੀ ਦਾ ਜੀਵਨ ਭਰ ਪ੍ਰਭੂ ਪ੍ਰੇਮ, ਭਾਈਚਾਰਾ, ਸਾਂਝੀਵਾਲਤਾ ਦਾ ਸੱਚਾ ਉਪਦੇਸ਼ ਸੰਗਤਾਂ ਨੂੰ ਸੁਣਾਇਆ। ਜਗਤਗੁਰੂ ਰਵਿਦਾਸ ਜੀ ਦੀ ਅੰਮ੍ਰਿਤਬਾਣੀ ਨਾਲ ਸੰਗਤਾਂ ਨੂੰ ਜੋੜਿਆ। ਸਤਿਗੁਰੂ ਸਵਾਮੀ ਬਾਬਾ ਪਿੱਪਲ ਦਾਸ ਜੀ ਬਿਕਰਮੀ ਸੰਮਤ 1985 ਸੰਨ (1928 ਈਂ 26 ਅੱਸੂ ਦਿਨ ਵੀਰਵਾਰ ਪੂਰਵਾ ਨਛੱਤਰ ਅਤੇ ਸਵੇਰ ਦੇ ਸਮੇਂ ਆਪਣੀ ਜੀਵਨ ਯਾਤਰਾ ਸੰਪੂਰਨ ਕਰਦਿਆਂ ਬ੍ਰਹਮਲੀਨ ਹੋ ਗਏ।

**ਸਤਿਗੁਰੂ ਸਰਵਣ ਦਾਸ ਜੀ**–ਉਹਨਾਂ ਦੇ ਸਪੁੱਤਰ ਉਹਨਾਂ ਦੇ ਦਰਸਾਏ ਮਾਰਗ ਤੇ ਚੱਲੇ। ਸਤਿਗੁਰੂ ਸਵਾਮੀ ਸਰਵਣ ਦਾਸ ਜੀ ਨੇ ਗਰੀਬਾਂ ਦੀ ਭਲਾਈ ਲਈ ਅਨੇਕਾਂ ਕਾਰਜ ਕੀਤੇ। ਉਹਨਾਂ ਵਿੱਦਿਆ ਤੋਂ ਵਾਂਝੇ ਗਰੀਬ ਸਮਾਜ ਦੇ ਬੱਚਿਆਂ ਨੂੰ ਡੇਰਾ ਬੱਲ ਵਿਖੇ ਸਿਖਿਅਤ ਬਣਾਉਣ ਲਈ ਬੱਚਿਆਂ ਨੂੰ ਪੜ੍ਹਾਈ ਕਰਾਉਣੀ ਸ਼ੁਰੂ ਕੀਤੀ। ਉਹ ਗਰੀਬ ਬੱਚਿਆਂ ਨੂੰ ਖੁਦ ਪੜ੍ਹਾਇਆ ਕਰਦੇ ਸਨ। ਸਤਿਗੁਰੂ ਸਵਾਮੀ ਸਰਵਣ ਦਾਸ ਜੀ ਨੇ ਸ੍ਰੀ ਗੁਰੂ ਰਵਿਦਾਸ ਜਨਮ ਅਸਥਾਨ ਦੀ ਖੋਜ ਕਰਵਾ ਕੇ ਰਵਿਦਾਸੀਆ ਧਰਮ ਦੇ ਲੋਕਾਂ ਨੂੰ ਉਹਨਾਂ ਦਾ ਤੀਰਥ ਅਸਥਾਨ ਦਿੱਤਾ। ਇਸ ਪਾਵਨ ਪਵਿੱਤਰ ਤੀਰਥ ਅਸਥਾਨ ਦਾ ਨੀਂਹ ਪੱਥਰ ਉਹਨਾਂ 14 ਜੂਨ 1965 ਨੂੰ ਸੰਤ ਹਰੀ ਦਾਸ ਜੀ ਪਾਸੋਂ ਰਖਵਾਇਆ। ਆਪ ਜੀ ਸੰਗਤਾਂ ਦੇ ਦੁੱਖਾਂ ਦਾ ਨਿਵਾਰਨ ਕਰਨ ਲਈ ਡੇਰਾ ਬੱਲਾਂ ਵਿਖੇ ਆਯੂਰਵੈਦਿਕ ਦਵਾਈਆ ਬਣਾ ਕੇ ਦਿੰਦੇ ਸਨ। ਸੰਤ ਸਰਵਣ ਦਾਸ ਜੀ ਨੇ ਪਰਮ ਪੂਜਨੀਕ ਬਾਵਾ ਸਾਹਿਬ ਜੀ ਨਾਲ ਵਿਸ਼ੇਸ਼ ਮੁਲਾਕਾਤ ਕੀਤੀ ਤੇ ਉਹਨਾਂ ਨੂੰ ਉਹਨਾਂ ਦੇ ਗ੍ਰਹਿ ਵਿਖੇ ਜਾ ਕੇ ਪ੍ਰੇਮ ਭਰਿਆ ਅਸ਼ੀਰਵਾਦ ਵੀ ਦਿੱਤਾ। ਜਦੋਂ ਡਾ. ਅੰਬੇਡਕਰ ਜੀ ਨੇ ਅਛੂਤਾਂ ਦੇ ਮਾਨਵੀ ਅਧਿਕਾਰਾਂ ਦੀ ਮੰਗ ਕੀਤੀ ਤਾਂ ਮਹਾਤਮਾ ਗਾਂਧੀ ਜੀ ਨੇ ਉਹਨਾਂ ਦੀ ਮੰਗ ਦਾ ਵਿਰੋਧ ਕਰਦਿਆਂ ਉਹਨਾਂ ਖਿਲਾਫ ਮਰਨ ਵਰਤ ਰੱਖ ਲਿਆ। ਦੂਸਰੇ ਪਾਸੇ ਮੰਗੂ ਰਾਮ ਮੋਗੇਵਾਲੀਆ ਜੀ ਨੇ ਵੀ ਡਾ. ਅੰਬੇਡਕਰ ਜੀ ਦੀ ਮੰਗ ਦੇ ਹੱਕ ਵਿਚ ਮਰਨ ਵਰਤ ਰੱਖਿਆ ਸੀ ਅੰਤ ਵਿਚ ਜਦੋਂ ਮਰਨ ਵਰਤ ਖੋਲਿਆ ਤਾਂ ਗਰੀਬਾਂ ਦੇ ਮਸੀਹਾ ਸਤਿਗੁਰੂ ਸਵਾਮੀ ਸਰਵਣ ਦਾਸ ਜੀ ਨੇ ਬਾਬੂ ਮੰਗੂ ਰਾਮ



ਮੰਗੋਵਾਲੀਆ ਜੀ ਨੂੰ ਜੂਸ ਪਿਲਾ ਕੇ ਉਹਨਾਂ ਦਾ ਵਰਤ ਖੁਲਵਾਇਆ। ਉਸ ਸਮੇਂ ਡਾ. ਅੰਬੇਡਕਰ ਜੀ ਤੇ ਮਹਾਤਮਾ ਗਾਂਧੀ ਵਿਚਕਾਰ ਪੂਨਾ ਪੈਕੇਟ ਸਮਝੌਤਾ ਹੋਇਆ ਸੀ। ਸਤਿਗੁਰੂ ਸਵਾਮੀ ਸਰਵਣ ਦਾਸ ਜੀ ਹਰ ਪਲ ਮਾਨਵਤਾ ਦੇ ਭਲੇ ਲਈ ਯਤਨਸ਼ੀਲ ਰਹੇ। ਜਦੋਂ ਆਪ 1948 ਵਿਚ ਗਿਆਨੀ ਬਿਸ਼ਨਾ ਰਾਮ, ਸ. ਫਕੀਰ ਸਿੰਘ, ਸ. ਸਵਰਨ ਸਿੰਘ ਜੀ, ਸ. ਨਿਰੰਜਣ ਸਿੰਘ ਹੋਠੀ ਬੱਲ, ਸ. ਪੂਰਨ ਸਿੰਘ ਬਿਆਸ ਪਿੰਡ, ਸ੍ਰੀ ਭਗਤ ਸਿੰਘ , ਸ੍ਰੀ ਨਾਮਾ ਰਾਮ ਦਿਹਾਣਾ ਜੀ ਦੀ ਬੇਨਤੀ ਤੇ ਦਿੱਲੀ ਵਿਖੇ ਗਏ। ਆਪ ਹਰ ਰੋਜ਼ ਲਗਭਗ ਦੋ ਮਹੀਨੇ ਸ਼ਰਧਾਲੂ ਸੰਗਤਾਂ ਦੇ ਗ੍ਰਹਿਾਂ ਵਿਖੇ ਸਤਿਸੰਗ ਕਰਿਆ ਕਰਦੇ ਸਨ। ਇਸੇ ਦੌਰਾਨ ਗਿਆਨੀ ਬਿਸ਼ਨਾ ਰਾਮ ਜੀ ਤੇ ਉਹਨਾਂ ਦੇ ਸਾਥੀ ਆਪ ਜੀ ਨੂੰ ਨਾਲ ਲੈ ਕੇ ਮਾਨਵਤਾ ਦੇ ਮਸੀਹਾ ਬਾਵਾ ਸਾਹਿਬ ਅੰਬੇਡਕਰ ਨੂੰ ਮਿਲਣ ਗਏ। ਉਹਨਾਂ ਨੇ ਵੀ ਆਪ ਦਾ ਬਹੁਤ ਸਤਿਕਾਰ ਕੀਤਾ ਅਤੇ ਆਪ ਤੋਂ ਬਹੁਤ ਪ੍ਰਭਾਵਿਤ ਹੋਏ। ਜਦੋਂ 1951 ਵਿੱਚ ਡਾ: ਅੰਬੇਡਕਰ ਜੀ ਪੰਜਾਬ ਫੇਰੀ 'ਤੇ ਜਲੰਧਰ ਪਹੁੰਚੇ ਤਾਂ ਸੰਤ ਸਰਵਣ ਦਾਸ ਜੀ ਕਿਸੇ ਵਜ੍ਹਾ ਕਾਰਨ ਨਾ ਪਹੁੰਚਣ ਕਰਕੇ ਇੱਕ ਪੱਤਰ ਭੇਜਿਆ ਜੋ ਉਥੇ ਪੜ੍ਹ ਕੇ ਸੁਣਾਇਆ ਗਿਆ, "ਮੇਰੇ ਸ਼ੇਰ ਪੁੱਤਰ ਕੌਮ ਦੀ ਭਲਾਈ ਲਈ ਇਸੇ ਤਰ੍ਹਾਂ ਡਟਿਆ ਰਹੀ, ਕਾਮਯਾਬੀ ਖੁਦ ਤੇਰੇ ਪੈਰ ਚੁੰਮੇਗੀ ਅਤੇ ਲੋਕ ਤੇਰੇ ਤੇ ਮਾਣ ਕਰਨਗੇ।" ਇਹ ਉਹਨਾਂ ਦੇ ਤੱਪ, ਤਪੱਸਿਆ ਵਰਦਾਨ ਦਾ ਹੀ ਫ਼ਲ ਹੈ ਕਿ ਅੱਜ ਰਵਿਦਾਸੀਆਂ ਧਰਮ ਦੇ ਲੋਕ ਪੂਰੇ ਵਿਸ਼ਵ ਵਿਚ ਵੱਖਰੀ ਹੋਂਦ ਕਾਇਮ ਕਰ ਚੁਕੇ ਹਨ। ਸਤਿਗੁਰੂ ਰਵਿਦਾਸ ਜੀ ਦੇ ਮਿਸ਼ਨ ਦੀ ਬੇਮਿਸਾਲ ਲਹਿਰ (ਕ੍ਰਾਂਤੀ) ਪੰਜਾਬ ਦੁਆਬਾ ਤੋਂ ਉੱਠੀ ਸੀ ਤੇ ਅੱਜ ਪੂਰੇ ਵਿਸ਼ਵ ਤੇ ਇਸ ਦਾ ਰੰਗ ਪਾਇਆ ਜਾ ਸਕਦਾ ਹੈ। ਸੰਤ ਸਰਵਣ ਦਾਸ ਜੀ ਨੇ ਡੇਰਾ ਬੱਲਾਂ ਵਿਖੇ 2 ਫਰਵਰੀ 1964 ਨੂੰ ਡੇਰਾ ਰਵਿਦਾਸੀਆ ਦਾ ਲਿਖ ਕੇ ਇਹ ਅਗਾਮੀ ਐਲਾਨ ਕਰ ਦਿੱਤਾ ਸੀ ਕਿ ਉਹ ਦਿਨ ਦੂਰ ਨਹੀਂ ਜਦੋਂ ਸਤਿਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਨੂੰ ਸਮਰਪਿਤ ਰਵਿਦਾਸੀਆ ਧਰਮ ਬਣੇਗਾ। ਸੰਤ ਸਰਵਣ ਦਾਸ ਜੀ ਦੀ ਅਪਾਰ ਬਖਸ਼ਿਸ਼ ਸਦਕਾ ਵਿਸ਼ਵ ਦੇ ਕੋਨੇ- ਕੋਨੇ ਵਿਚ ਸਤਿਗੁਰੂ ਰਵਿਦਾਸ ਧਰਮ ਅਸਥਾਨਾਂ ਦੇ ਨੀਂਹ ਪੱਥਰ ਰੱਖੇ। ਸਤਿਗੁਰੂ ਸਰਵਣ ਦਾਸ ਜੀ ਦੀ ਮਹਿਮਾ ਵਿਚ ਉਚਾਰੀ ਕਵਿਤਾ :-

"ਆਏ ਕਾਸ਼ੀ ਵਿਚ ਤਾਰਿਆ ਨਾਗਰ ਮੱਲ ਜਿਸ
ਇਕਦਮ ਮਾਇਆ ਵਾਲੀ ਫਾਂਸੀ ਕਿਨ ਤੋੜੀਆ।
ਫਿਰ ਫਿਰ ਸਾਰ ਜੱਗ ਵਿਚ ਏਕਤਾ ਫੈਲਾਈ ਕਿਸ
ਡੁਬੇ ਜਾਂਦੇ ਭਾਰਤ ਦੀ ਜਿੰਦ ਕਿੰਨ ਮੋੜੀਆ।
ਊਚ-ਨੀਚ ਗਓ ਰੰਗ ਭਾਈ ਹੈ ਨਾ ਭੇਦ ਕੋਈ
ਜਾਤ ਪਾਤ ਹਿੰਦ ਵਿਚੋਂ ਆਇ ਕਿੰਨ ਤੋੜੀਆ।
ਦੱਸੋ ਸਤਿਗੁਰੂ ਰਵਿਦਾਸ ਜੀ ਤੋਂ ਬਿਨਾਂ ਚੋਹਾਂ ਜੁੱਗਾਂ' ਚੋ
ਫਟੀ ਹੋਈ ਸ੍ਰਿਸ਼ਟੀ ਮਿਲਾਇ ਕਿਨ ਜੋੜੀਆ।"

ਸਤਿਗੁਰੂ ਸਰਵਣ ਦਾਸ ਜੀ ਅੰਮ੍ਰਿਤਬਾਣੀ ਜਗਤਗੁਰੂ ਰਵਿਦਾਸ ਜੀ ਦਾ ਪ੍ਰਚਾਰ ਕਰਦਿਆ ਅੰਤ 11 ਜੂਨ 1972 ਨੂੰ ਬ੍ਰਹਮਲੀਨ ਹੋ ਗਏ।

**ਸਤਿਗੁਰ ਹਰੀ ਦਾਸ ਜੀ**– ਸਤਿਗੁਰੂ ਸਰਵਣ ਦਾਸ ਜੀ ਤੋਂ ਬਾਅਦ ਉਹਨਾਂ ਦੇ ਸੇਵਕ ਸਤਿਗੁਰੂ ਹਰੀ ਦਾਸ ਜੀ ਡੇਰੇ ਦੇ ਸੰਚਾਲਕ ਥਾਪੇ ਗਏ। ਆਪ ਜੀ ਦੇ

ਪਿਤਾ ਸ਼੍ਰੀ ਹੁਕਮ ਚੰਦ ਜੀ ਅਤੇ ਮਾਤਾ ਸ਼੍ਰੀਮਤੀ ਤਾਬੀ ਜੀ ਸਨ। ਆਪ ਜੀ ਦਾ ਜਨਮ ਅਸਥਾਨ ਪਿੰਡ ਗੜ੍ਹਾ ਜ਼ਿਲ੍ਹਾ ਜਲੰਧਰ ਹੈ। ਆਪ ਜੀ ਡੇਰੇ ਦੇ ਸੰਚਾਲਕ ਥਾਪੇ ਗਏ ਤੇ ਸਹਾਇਕ ਰੂਪ ਵਿਚ ਸੰਤ ਗਰੀਬ ਦਾਸ ਜੀ ਤੇ ਸੰਤ ਨਿਰੰਜਨ ਦਾਸ ਜੀ ਦੀ ਸੇਵਾ ਲਗਾਈ ਗਈ। ਸੰਤ ਹਰੀ ਦਾਸ ਜੀ ਨੇ ਸੰਤ ਸਰਵਣ ਦਾਸ ਜੀ ਦੀ ਯਾਦ ਵਿਚ 11 ਜੂਨ 1973 ਨੂੰ ਡੇਰਾ ਬੱਲਾਂ ਵਿਖੇ ਮੰਦਿਰ ਦਾ ਉਦਘਾਟਨ ਕੀਤਾ ਅਤੇ ਸਤਿਗੁਰੂ ਸਰਵਣ ਦਾਸ ਜੀ ਦੀ ਮੂਰਤੀ ਸਥਾਪਨਾ ਕੀਤੀ ਗਈ। ਬਾਅਦ ਵਿਚ 31 ਅਕਤੂਬਰ 1976 ਨੂੰ ਇਕ ਵੱਡਾ ਸਤਿਸੰਗ ਭਵਨ ਬਣਾਇਆ ਜਿਸ ਵਿਚ ਸੰਗਤ ਨੂੰ ਸਤਿਸੰਗ ਕਰਨ ਦੀ ਸੁਵਿਧਾ ਹੋਈ। ਸੰਤ ਹਰੀ ਦਾਸ ਜੀ ਹਮੇਸ਼ਾ ਹੀ ਗਰੀਬ ਬੱਚਿਆਂ ਦੀ ਪੜ੍ਹਾਈ ਤੇ ਖਾਸ ਜ਼ੋਰ ਦਿਆ ਕਰਦੇ ਸਨ। ਆਪ ਅਕਸਰ ਫ਼ਰਮਾਇਆ ਕਰਦੇ ਸਨ ਕਿ ਜੋ ਮਾਪੇ ਬੱਚਿਆਂ ਨੂੰ ਪੜ੍ਹਾਉਂਦੇ ਨਹੀਂ ਉਹ ਆਪਣੇ ਬੱਚਿਆਂ ਦੇ ਦੁਸ਼ਮਣ ਹੁੰਦੇ ਹਨ। ਆਪ ਬੱਚਿਆ ਦੀ ਪੜ੍ਹਾਈ ਤੇ ਜ਼ਿਆਦਾ ਜ਼ੋਰ ਦਿੰਦੇ ਸਨ। ਆਪ ਜੀ ਬਾਲ ਵਿਆਹ, ਨਸ਼ਾ ਵਿਰੋਧੀ ਆਦਿ ਕੁਰੀਤੀਆਂ ਨੂੰ ਖਤਮ ਕਰਨ ਲਈ ਹਮੇਸ਼ਾ ਹੀ ਸਤਿਸੰਗ ਵਿੱਚ ਪ੍ਰਵਚਨ ਕਰਦੇ ਰਹੇ ਹਨ। ਆਪ ਜੀ ਸਤਿਗੁਰੂ ਰਵਿਦਾਸ ਜੀ ਦੀ ਮਾਨਵਵਾਦੀ ਵਿਚਾਰਧਾਰਾ ਦੇ ਪ੍ਰਚਾਰ-ਪ੍ਰਸਾਰ ਹਿੱਤ ਅੰਮ੍ਰਿਤਬਾਣੀ ਰਾਹੀਂ ਸੰਗਤਾਂ ਨੂੰ ਪ੍ਰਭੂ ਨਾਲ ਜੋੜਦੇ। ਆਪ ਜੀ ਪ੍ਰਭੂ ਪ੍ਰੇਮ, ਗੁਰੂ ਰਵਿਦਾਸ ਮਿਸ਼ਨ ਨਾਲ ਜੋੜਦਿਆਂ ਸੰਗਤਾਂ ਤੇ ਸਤਿਸੰਗ ਦੀ ਵਰਖਾ ਕਰਦੇ ਆਪਣੀ ਜੀਵਨ ਯਾਤਰਾ ਪੂਰਨ ਕਰਦਿਆ ਲਗਭਗ 100 ਸਾਲਾਂ ਦੀ ਉਮਰ ਵਿਚ 6 ਫਰਵਰੀ 1982 ਨੂੰ ਬ੍ਰਹਮਲੀਨ ਹੋ ਗਏ। ਆਪ ਜੀ ਦੇ ਕਾਰਜ ਸੰਗਤਾਂ ਹਮੇਸ਼ਾ ਯਾਦ ਕਰਦੀਆਂ ਆਪ ਜੀ ਨੂੰ ਹਮੇਸ਼ਾ ਦਿਲ' ਚ ਵਸਾਈ ਰੱਖਣਗੀਆਂ।

**ਸਤਿਗੁਰੂ ਗਰੀਬ ਦਾਸ ਜੀ**– ਸਤਿਗੁਰੂ ਹਰੀ ਦਾਸ ਜੀ ਦੇ ਬ੍ਰਹਮਲੀਨ ਹੋਣ ਤੋਂ ਬਾਅਦ ਡੇਰਾ ਸੱਚਖੰਡ ਬੱਲਾਂ ਦੇ ਸੰਚਾਲਕ ਸੰਤ ਸਤਿਗੁਰੂ ਗਰੀਬ ਦਾਸ ਜੀ ਥਾਪੇ ਗਏ। ਆਪ ਜੀ ਦਾ ਆਗਮਨ 1925 ਈ: ਨੂੰ ਪਿੰਡ ਜਲਭੇਆਂ ਜਿਲਾਂ ਜਲੰਧਰ ਪਿਤਾ ਸ਼੍ਰੀ ਨਾਨਕ ਚੰਦ ਜੀ ਤੇ ਮਾਤਾ ਸ਼੍ਰੀਮਤੀ ਹਰ ਕੌਰ ਜੀ ਦੇ ਗ੍ਰਹਿ ਵਿਖੇ ਹੋਇਆ। ਜਲਭੇਆ ਪਿੰਡ ਦੀਆਂ ਸੰਗਤਾਂ ਅਕਸਰ ਡੇਰਾ ਸੱਚਖੰਡ ਬੱਲਾਂ ਵਿਖੇ ਆਉਂਦੀਆਂ ਸਨ। ਇਕ ਦਿਨ ਸੰਗਤਾਂ ਨਾਲ ਆਇਆ ਇਕ ਛੋਟਾ ਜਿਹਾ ਬਾਲਕ ਜਿਸ ਨੂੰ ਸੰਤ ਸਰਵਣ ਦਾਸ ਜੀ ਨੇ ਆਪਣੀ ਗੋਦੀ ਵਿਚ ਬਿਠਾ ਕੇ ਪੁਛਿਆ "ਕਾਕਾ ਤੇਰਾ ਨਾਮ ਕੀ ਏ" ਤੇ ਅੱਗੋਂ ਬਾਲਕ ਨੇ ਜਵਾਬ ਦਿੱਤਾ ਕਿ ਜੀ 'ਗਰੀਬੂ' ਤੇ ਸਤਿਗੁਰੂ ਸਰਵਣ ਦਾਸ ਜੀ ਨੇ ਫ਼ਰਮਾਇਆ 'ਤੂੰ ਗਰੀਬੂ ਨਹੀਂ ਤੂੰ ਤਾਂ ਗਰੀਬ ਨਵਾਜ ਏ'। ਆਪ ਜੀ ਦੀ ਡੇਰਾ ਸੱਚਖੰਡ ਬੱਲਾਂ ਨਾਲ ਐਸੀ ਪ੍ਰੀਤ ਬਣ ਗਈ ਕਿ ਆਪ ਡੇਰੇ ਵਿਖੇ ਸੇਵਾ ਵਿਚ ਲੀਨ ਰਹਿੰਦੇ। ਆਪ ਜੀ ਡੇਰਾ ਸੱਚਖੰਡ ਬੱਲਾਂ ਦੇ ਗੱਦੀ ਨਸ਼ੀਨ ਵਜੋਂ ਵਿਸ਼ੇਸ਼ ਕਾਰਜ ਕੀਤੇ। ਜਿਨਾਂ ਵਿਚ ਸ਼੍ਰੀ ਗੁਰੂ ਰਵਿਦਾਸ ਜਨਮ ਅਸਥਾਨ ਮੰਦਿਰ ਦੀ ਉਸਾਰੀ ਆਪਣੀ ਦੇਖ ਰੇਖ ਵਿਚ ਕਰਵਾਈ ਤੇ ਮੰਦਿਰ ਉਪਰ ਸੋਨੇ ਦੇ ਕਲਸ਼ ਤੇ ਮੂਰਤੀ ਦੀ ਸਥਾਪਨਾ ਕੀਤੀ। ਦੀਨ ਦੁਖੀਆਂ ਦੇ ਰੋਗਾਂ ਮਿਟਾਉਣ ਲਈ ਅੱਡਾ ਢੇਪੁਰ ਕੁਪੁਰ ਕਠਾਰ (ਜਲੰਧਰ) ਵਿਖੇ ਹਸਪਤਾਲ ਦਾ ਨਿਰਮਾਣ ਕਰਵਾਇਆ। ਜਿਸ ਦਾ ਉਦਘਾਟਨ 1984 ਵਿਚ ਕੀਤਾ ਗਿਆ ਸੀ। ਆਪ ਜੀ ਨੇ ਗਰੀਬ ਤੇ ਪੱਛੜੇ ਸਮਾਜ ਦੀ ਆਵਾਜ਼ ਬੁਲੰਦ ਕਰਨ ਹਿੱਤ ਸਪਤਾਹਿਕ ਬੇਗਮਪੁਰਾ ਸ਼ਹਿਰ ਪੱਤ੍ਰਕਾ ਦਾ ਆਰੰਭ ਕੀਤਾ। ਜੋ ਨਿਰੰਤਰ ਲਗਾਤਾਰ ਸਮਾਜ ਦੀ ਸੇਵਾ ਵਿਚ ਜਾਰੀ ਹੈ। ਆਪ ਜੀ ਨੇ ਦੇਸ਼ ਵਿਦੇਸ਼ ਵਿਚ ਧਰਮ ਪ੍ਰਚਾਰ



ਕੀਤਾ। ਵਿਦੇਸ਼ ਵਿਚ ਇੰਗਲੈਂਡ, ਬਰਮਿੰਘਮ, ਵੁਲਵਰਹੈਂਪਟਨ, ਸਟੂਰਡ ਕੈਂਟ, ਸਾਊਥਹਾਲ ਤੇ ਕਈ ਹੋਰ ਥਾਵਾਂ ਤੇ ਜਾ ਕੇ ਸਤਿਗੁਰੂ ਰਵਿਦਾਸ ਜੀ ਦਾ ਮਿਸ਼ਨ ਪ੍ਰਚਾਰਿਆ। ਆਪ ਜੀ 23 ਜੁਲਾਈ 1994 ਨੂੰ ਬ੍ਰਹਮਲੀਨ ਹੋ ਗਏ। ਆਪ ਜੀ ਤੋਂ ਬਾਅਦ ਡੇਰਾ ਸੱਚਖੰਡ ਬੱਲਾਂ ਦੇ ਗੱਦੀ ਨਸ਼ੀਨ ਸਤਿਗੁਰੂ ਨਿਰੰਜਨ ਦਾਸ ਜੀ ਨੂੰ ਥਾਪਿਆ ਗਿਆ। ਜੋ ਸਤਿਗੁਰੂ ਰਵਿਦਾਸ ਜੀ ਦੇ ਅਸ਼ੀਰਵਾਦ ਸਦਕਾ ਸਮਾਜ ਨੂੰ ਆਪਣੀ ਯੋਗ ਅਗਵਾਈ ਵਿਚ ਲੈ ਕੇ ਚੱਲ ਰਹੇ ਹਨ।

ਸੰਤ ਨਿਰੰਜਣ ਦਾਸ ਜੀ ਮਹਾਰਾਜ—ਸੰਤ ਗਰੀਬ ਦਾਸ ਜੀ ਮਹਾਰਾਜ ਤੋਂ ਬਾਅਦ ਸ਼੍ਰੀ 108 ਸੰਤ ਨਿਰੰਜਣ ਦਾਸ ਜੀ ਡੇਰਾ ਸੱਚਖੰਡ ਬੱਲਾਂ ਦੇ ਗੱਦੀ ਨਸ਼ੀਨ ਥਾਪੇ ਗਏ। ਆਪ ਜੀ ਦਾ ਜਨਮ ਪਿਤਾ ਸ੍ਰੀ ਸਾਧੂ ਰਾਮ ਜੀ ਅਤੇ ਮਾਤਾ ਰੁਕਮਣੀ ਜੀ ਦੇ ਗ੍ਰਹਿ ਵਿਖੇ ਪਿੰਡ ਰਾਮਦਾਸਪੁਰ (ਨੇੜੇ ਅਲਾਵਲਪੁਰ) ਵਿਖੇ 6-1-1942 ਨੂੰ ਹੋਇਆ। ਆਪ ਜੀ ਦੇ ਮਾਤਾ ਪਿਤਾ ਸੰਤ ਬਾਬਾ ਪਿੱਪਲ ਦਾਸ ਜੀ ਤੇ ਸੰਤ ਸਰਵਣ ਦਾਸ ਜੀ ਦੇ ਸ਼ਰਧਾਲੂ ਸਨ। ਘਰ ਵਿਚੋਂ ਜਦੋਂ ਵਿਹਲ ਮਿਲਦੀ ਆਪ ਸੰਤਾਂ ਦੀ ਸੇਵਾ ਕਰਦੇ ਤੇ ਸੰਤਾਂ ਦਾ ਬਚਨ ਸਰਵਣ ਕਰਦੇ ਆਪ ਜੀ ਲਗਾਤਾਰ ਸੰਤਾਂ ਦੀ ਸੰਗਤ ਕਰਦੇ। ਆਫ ਜੀ 8 ਕੁ ਸਾਲ ਦੇ ਸਨ ਜਦੋਂ ਆਪ ਜੀ ਨੂੰ ਡੇਰੇ ਵਿਖੇ ਸੇਵਾ ਮਿਲ ਗਈ। ਇਕ ਦਿਨ ਸੁਆਮੀ ਸਰਵਣ ਦਾਸ ਜੀ ਨੇ ਆਪ ਜੀ ਦੇ ਪਿਤਾ ਨੂੰ ਪੁੱਛਿਆ ਕਾਕੇ ਦਾ ਕੀ ਨਾਂ ਹੈ ? ਆਪ ਜੀ ਦੇ ਪਿਤਾ ਨੇ ਦੱਸਿਆ ਕਿ ਮਹਾਰਾਜ ਜੀ ਅਸੀਂ ਇਸ ਦਾ ਨਾਂ ਨਿਰੰਜਣ ਰੱਖਿਆ ਹੈ। ਪਰ ਇਹ ਕੰਮ ਵਿਚ ਢਿੱਲਾ ਹੈ। ਸੰਤਾਂ ਨੇ ਕਿਹਾ ਅਸੀਂ ਇਸ ਦਾ ਨਾਮ ਅੱਜ ਤੋਂ ਹਵਾਈਗਰ ਰੱਖਦੇ ਹਾਂ। ਸਾਨੂੰ ਦਿਸਦਾ ਹੈ ਕਿ ਇਹ ਬਾਲਕ ਢਿੱਲਾ ਨਹੀਂ ਹੈ। ਬਲਕਿ ਹਵਾ ਤੋਂ ਜ਼ਿਆਦਾ ਤੇਜ ਹੈ। ਆਪ ਜੀ ਨੂੰ ਸੰਤ ਸਰਵਣ ਦਾਸ ਜੀ ਆਪ ਜੀ ਨੂੰ ਹਵਾਈਗਰ ਰਹਿ ਕੇ ਬਲਾਉਂਦੇ। ਬ੍ਰਹਮਲੀਨ ਸੰਤ ਗਰੀਬ ਦਾਸ ਜੀ ਤੋਂ ਬਾਅਦ ਆਪ ਜੀ ਨੂੰ ਗੱਦੀ ਨਸ਼ੀਨ ਥਾਪਿਆ ਗਿਆ। ਆਪ ਜੀ ਦਾ ਸਹਾਇਕ ਵਜੋਂ ਸੰਤ ਰਾਮਾ ਨੰਦ ਜੀ ਦੀ ਸੇਵਾ ਲਗਾਈ ਗਈ। ਆਪ ਜੀ ਨੇ ਸਤਿਗੁਰੂ ਰਵਿਦਾਸ ਜੀ ਦੇ ਮਿਸ਼ਨ ਨੂੰ ਬੁਲੰਦੀਆਂ ਪ੍ਰਦਾਨ ਕੀਤੀਆਂ। ਆਪ ਜੀ ਦੀ ਅਗਵਾਈ ਵਿਚ ਡੇਰਾ ਸੱਚਖੰਡ ਬੱਲਾਂ ਵਲੋਂ ਅਨੇਕਾਂ ਪ੍ਰੋਜੈਕਟ ਚਲਾਏ ਜਾ ਰਹੇ ਹਨ।

**ਅਮਰ ਸ਼ਹੀਦ ਸੰਤ ਰਾਮਾ ਨੰਦ ਜੀ**– ਸਤਿਗੁਰੂ ਗਰੀਬ ਦਾਸ ਜੀ ਦੇ ਬ੍ਰਹਮਲੀਨ ਹੋਣ ਮਗਰੋਂ ਡੇਰਾ ਸੱਚਖੰਡ ਬੱਲਾਂ ਦੇ ਗੱਦੀਨਸ਼ੀਨ ਸਤਿਗੁਰੂ ਨਿਰੰਜਨ ਦਾਸ ਜੀ ਡੇਰਾ ਸੱਚਖੰਡ ਬੱਲਾਂ ਦੀਆਂ ਸੇਵਾਵਾਂ ਨਿਭਾਉਣ ਹਿਤ ਸੰਚਾਲਕ ਦੇ ਰੂਪ ਵਿਚ ਥਾਪੇ ਗਏ। ਉਹਨਾਂ ਦੇ ਸਹਾਇਕ ਸੰਤ ਰਾਮਾ ਨੰਦ ਜੀ ਨੂੰ ਸੇਵਾਦਾਰ ਲਗਾਇਆ ਗਿਆ। ਸੰਤ ਨਿਰੰਜਨ ਦਾਸ ਜੀ ਦੀ ਯੋਗ ਅਗਵਾਈ ਵਿਚ ਤੇ ਸੰਤ ਰਾਮਾਨੰਦ ਜੀ ਦੀ ਤਨ ਦੇਹੀ ਨਾਲ ਕੀਤੇ ਪ੍ਰਚਾਰ ਸਦਕਾ ਜਗਤਗੁਰੂ ਰਵਿਦਾਸ ਜੀ ਦਾ ਉੱਚਾ ਸੁੱਚਾ ਮਿਸ਼ਨ ਵਿਸ਼ਵ ਭਰ ਵਿਚ ਜਾਣਿਆ ਪਹਿਚਾਣਿਆ ਗਿਆ। ਕੁਝ ਈਰਖਾਵਾਦੀ ਲੋਕਾਂ ਤੋਂ ਇਹ ਜਰਿਆ ਨਾ ਗਿਆ। ਉਹਨਾਂ ਨੇ ਪ੍ਰਚਾਰ ਕਰਦਿਆ ਸਤਿਗੁਰੂ ਨਿਰੰਜਨ ਦਾਸ ਜੀ ਤੇ ਸੰਤ ਰਾਮਾਨੰਦ ਜੀ ਤੇ ਜਾਨਲੇਵਾ ਹਮਲਾ ਕੀਤਾ। ਨਤੀਜ਼ੇ ਵਜੋਂ ਸਤਿਗੁਰੂ ਨਿਰੰਜਨ ਦਾਸ ਜੀ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਏ ਤੇ ਸੰਤ ਰਾਮਾਨੰਦ ਜੀ ਸ਼ਹੀਦੀ ਦਾ ਜਾਮ ਪੀ ਗਏ। ਸ਼ਹੀਦ ਹੋ ਕੇ ਸਮੁੱਚੇ ਗੁਰੂ ਰਵਿਦਾਸ ਜੀ ਦੇ ਪੈਰੋਕਾਰਾਂ ਲਈ ਪ੍ਰੇਰਨਾ ਸਰੋਤ ਬਣ ਗਏ। ਵਿਆਨਾ ਕਾਂਡ ਵਿਚ ਸ਼ਹੀਦ ਸੰਤ ਰਾਮਾ ਨੰਦ ਜੀ 24 ਮਈ 2009 ਨੂੰ

ਆਸਟਰੀਆ ਸ਼ਹਿਰ ਵਿਚ ਬ੍ਰਹਮਲੀਨ ਹੋਏ। ਸ਼ਹੀਦ ਹੁੰਦਿਆਂ ਆਪ ਜੀ ਦੀ ਪਵਿੱਤਰ ਰਸਨਾ ਤੋਂ "ਜੈ ਸਤਿਗੁਰੂ ਰਵਿਦਾਸ ਜੀ ਦੀ ਜੈ" ਜੈਕਾਰਾ ਗੂੰਜ ਰਿਹਾ ਸੀ। ਆਪ ਜੀ ਦੀ ਅਮਰ ਸ਼ਹੀਦੀ ਤੋਂ ਬਾਅਦ ਸਮੁੱਚੇ ਸਮਾਜ ਵਿਚ ਰੋਸ ਦੀ ਲਹਿਰ ਦੌੜ ਗਈ। ਲੋਕ ਸੜਕਾਂ ਤੇ ਉਤਰ ਕੇ ਰੋਸ ਮੁਜ਼ਾਹਰਾ ਕਰ ਰਹੇ ਸਨ। ਪੰਜਾਬ ਵਿਚ ਜਲੰਧਰ, ਅੰਮ੍ਰਿਤਸਰ, ਹੁਸ਼ਿਆਰਪੁਰ, ਪਟਿਆਲਾ, ਕਪੂਰਥਲਾ, ਗੁਰਦਾਸਪੁਰ, ਪਠਾਨਕੋਟ, ਬਟਾਲਾ, ਫਿਲੌਰ, ਸੰਗਰੂਰ ਅਤੇ ਫਗਵਾੜਾ ਵਿਚ ਅਨਿਸ਼ਚਿਤ ਸਮੇਂ ਲਈ ਕਰਫਿਊ ਲਗਾ ਦਿੱਤਾ ਸੀ। ਸਾਰੇ ਭਾਰਤ ਵਿਚ ਤੇ ਵਿਦੇਸ਼ਾ ਵਿਚ ਰਵਿਦਾਸੀਆ ਧਰਮ ਦੇ ਪੈਰੋਕਾਰਾਂ ਨੇ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ। ਕਈ ਥਾਵਾਂ ਤੇ ਪੁਲਿਸ ਪ੍ਰਸ਼ਾਸ਼ਨ ਨੇ ਨਿਹੱਥੇ ਲੋਕਾਂ ਤੇ ਫਾਈਰਿੰਗ ਕੀਤੀ ਤੇ ਬਜ਼ੁਰਗ ਔਰਤਾਂ ਦੀ ਕੁੱਟਮਾਰ ਕੀਤੀ। ਇਸ ਦੌਰਾਨ (1) ਸ਼੍ਰੀ ਵਿਜੈ ਕੁਮਾਰ ਪੁੱਤਰ ਸ਼੍ਰੀ ਜਸਪਾਲ ਸਿੰਘ, ਪਿੰਡ ਢਿੱਲਵਾ, ਡਾ: ਦਕੋਹਾ ਜਲੰਧਰ (2) ਸ਼੍ਰੀ ਤੇਲੂ ਰਾਮ ਪੁੱਤਰ ਸ਼੍ਰੀ ਢੇਰੂ ਰਾਮ, ਪਿੰਡ ਹੁਸੈਨਪੁਰ, ਡਾ: ਕਲਿਆਣਪੁਰ ਜਲੰਧਰ (3)ਸ਼੍ਰੀ ਬਲਕਾਰ ਸਿੰਘ ਪੁੱਤਰ ਸ਼੍ਰੀ ਗੁਰਦਾਸ ਰਾਮ, ਪਿੰਡ ਖੋਖੜ ਦਵਾਖੜੀ, ਡਾ: ਖੁੱਡਾ, ਨੇੜੇ ਟਾਂਡਾ (4) ਸ਼੍ਰੀ ਰਜਿੰਦਰ ਕੁਮਾਰ ਪੁੱਤਰ ਸ਼੍ਰੀ ਅਨੰਤ ਰਾਮ, ਰਾਮਗੜ੍ਹ ਫਿਲੌਰ ਸ਼ਹੀਦ ਕਰ ਦਿੱਤੇ ਗਏ। ਜਿਨ੍ਹਾਂ ਨੂੰ ਸਮਾਜ ਕਦੇ ਵੀ ਨਹੀਂ ਭੁਲਾ ਸਕੇਗਾ।

ਸ਼ਹੀਦ ਸੰਤ ਰਾਮਾ ਨੰਦ ਜੀ ਤੋਂ ਬਾਅਦ ਸਤਿਗੁਰੂ ਨਿਰੰਜਨ ਦਾਸ ਜੀ ਦੇ ਅਸ਼ੀਰਵਾਦ ਸਦਕਾ ਸੰਤ ਸੁਰਿੰਦਰ ਦਾਸ ਜੀ ਬਾਵਾ ਡੇਰੇ ਵਿਖੇ ਵਿਸ਼ੇਸ਼ ਸੇਵਾਵਾਂ ਨਿਭਾ ਰਹੇ ਹਨ। ਆਪ ਜੀ ਦਾ ਜਨਮ 14 ਮਾਰਚ 1973 ਨੂੰ ਪਿਤਾ ਸ਼੍ਰੀ ਗੁਰਦਾਸ ਰਾਮ ਜੀ ਦੇ ਗ੍ਰਹਿ ਮਾਤਾ ਸ਼੍ਰੀਮਤੀ ਗੁਰਬਚਨ ਕੌਰ ਜੀ ਦੀ ਕੁੱਖੋਂ ਹੋਇਆ। ਜਦੋਂ ਬੀਬੀ ਗੁਰਬਚਨ ਕੌਰ ਜੀ ਬਿਮਾਰ ਹੋਏ ਤਾਂ ਸੰਤ ਸਰਵਣ ਦਾਸ ਜੀ ਨੇ ਬਚਨ ਕੀਤੇ ਸਨ 'ਬੀਬੀ ਗੁਰਬਚਨੋ ਤੂੰ ਜੀਵੇਗੀ ਪਰ ਤੇਰਾ ਇਹ ਬੱਚਾ ਨਹੀਂ' ਤੇ ਤੇਰੇ ਅੱਗੋ ਦੋ ਬਾਲਕ ਹੋਣਗੇ ਇਹ ਸ਼ਬਦ ਸੁਣਦਿਆਂ ਹੀ ਬੀਬੀ ਗੁਰਬਚਨ ਕੌਰ ਨੇ ਸੰਤ ਸਰਵਣ ਦਾਸ ਜੀ ਨੂੰ ਮੱਧਮ ਆਵਾਜ਼ ਵਿਚ ਬੇਨਤੀ ਕੀਤੀ ਕਿ ਐ ਮੇਰੇ ਸਤਿਗੁਰੂ ਜੀਓ ! ਵੱਡਾ ਲੜਕਾ ਆਪ ਜੀ ਦਾ ਹੋਇਆ। 5 ਸਾਲ ਦੀ ਉਮਰ ਵਿਚ ਸੰਤ ਹਰੀ ਦਾਸ ਜੀ ਭਗਵੇਂ ਕਪੜੇ ਪਾ ਕੇ ਡੇਰਾ ਸੱਚਖੰਡ ਬੱਲਾਂ ਲੈ ਆਏ ਸੰਤ ਹਰੀ ਦਾਸ ਜੀ, ਸੰਤ ਗਰੀਬ ਦਾਸ ਜੀ ਦੀ ਪ੍ਰੇਰਨਾ ਸਦਕਾ ਆਪ ਜੀ ਨੇ ਪੜ੍ਹਾਈ ਪੂਰੀ ਕੀਤੀ। ਅੱਜ ਡੇਰਾ ਸੰਤ ਸਰਵਣ ਦਾਸ ਜੀ ਸੱਚਖੰਡ ਬੱਲਾਂ ਵਿਖੇ ਸੰਤ ਨਿਰੰਜਨ ਦਾਸ ਜੀ ਦੀ ਅਗਵਾਈ ਵਿਚ ਸੇਵਾ ਨਿਭਾ ਰਹੇ ਹਨ। ਸੰਤ ਰਾਮਾ ਨੰਦ ਜੀ ਦੀ ਸ਼ਹਾਦਤ ਤੋਂ ਬਾਅਦ ਸੰਤ ਸੁਰਿੰਦਰ ਦਾਸ ਬਾਵਾ ਜੀ ਦੇ ਮੋਢਿਆਂ ਤੇ ਜਿੰਮੇਵਾਰੀਆਂ ਦਾ ਬੋਝ ਜਿਆਦਾ ਹੋਇਆ ਪਰ ਜਿੱਥੇ ਸਤਿਗੁਰੂ ਰਵਿਦਾਸ ਜੀ ਦੀ ਮਿਹਰ ਅਸ਼ੀਰਵਾਦ ਹੋਵੇ ਉਥੇ ਥਕਾਵਟ ਨਹੀਂ ਹੁੰਦੀ। ਸਤਿਗੁਰੂ ਰਵਿਦਾਸ ਅੰਮ੍ਰਿਤਬਾਣੀ ਗ੍ਰੰਥ ਵਿਚ ਉਹਨਾਂ ਨੇ ਸਤਿਗੁਰੂ ਨਿਰੰਜਣ ਦਾਸ ਜੀ ਅਗਵਾਈ ਵਿਚ ਸੰਤ ਸਮਾਜ ਦੇ ਨਾਲ ਮੋਹਰੀ ਭੂਮਿਕਾ ਨਿਭਾਈ ਹੈ ਜਿਸ ਨੂੰ ਰਵਿਦਾਸੀਆ ਧਰਮ ਦੇ ਲੋਕ ਕਦੇ ਨਹੀਂ ਭੁਲਾਉਣਗੇ।

## ਚਮਾਰ ਜਾਤੀ ਦੇ ਗੌਰਵਸ਼ਾਲੀ ਇਤਿਹਾਸ ਵਿਚ ਸਮੇਂ-ਸਮੇਂ ਜਿਹਨਾਂ ਮਹਾਂਪੁਰਸ਼ਾ ਨੇ ਜਨਮ ਲਿਆ ਉਹਨਾਂ ਮਹਾਂਪੁਰਸ਼ਾ ਤੇ ਮਹਾਨ ਸ਼ਖਸ਼ੀਅਤਾ ਦਾ ਸੰਖੇਪ ਜੀਵਨ :-

**ਤਥਾਗਤ ਗੌਤਮ ਬੁੱਧ** – 563 ਬੀ. ਸੀ. ਵਿਚ ਗੌਤਮ ਬੁੱਧ ਜੀ ਦਾ ਜਨਮ ਹੋਇਆ। ਆਪ



ਜੀ ਦੇ ਮਾਤਾ ਦਾ ਨਾਮ ਮਹਾਮਾਇਆ ਜੋ ਕੋਰੀ ਜਾਤੀ ਦੇ ਸਨ। ਆਪ ਜੀ ਦੇ ਪਿਤਾ ਸਾਕਯ ਜਾਤੀ ਨਾਲ ਸੰਬੰਧਿਤ ਸਨ। ਪ੍ਰਸਿੱਧ ਸਾਕਯ ਵੰਸ਼ ਤੋਂ ਕੋਰੀ ਜਾਤੀ ਚਮਾਰ ਜਾਤੀ ਦੀਆਂ ਹੀ ਸ਼ਾਖਾਵਾ ਹਨ। ਤਥਾਗਤ ਗੌਤਮ ਬੁੱਧ ਜੀ ਦਾ ਸੰਬੰਧ ਸਿੱਧੇ ਰੂਪ ਵਿਚ ਚੰਦਰਵੰਸ਼ ਨਾਲ ਜੁੜਦਾ ਹੈ। ਆਪ ਜੀ ਨੇ ਦੁਨੀਆਂ ਨੂੰ ਸਮਾਜਿਕ ਨਿਆਂ ਵਿਚਾਰਵਾਦੀ ਸਿਧਾਂਤ ਦਿੱਤਾ। ਆਪ ਜੀ ਦੀ ਸਿੱਖਿਆ ਮਨੁੱਖ ਦੁਖੀ ਕਿਉ ਹੈ ? ਦੁਖਾਂ ਦੇ ਕਾਰਨ ਨੂੰ ਸਮਝੋ ਤੇ ਕਾਰਨ ਦੂਰ ਕਰੋ, ਦੁੱਖਾਂ ਦੀ ਸਮਾਪਤੀ ਹੋ ਜਾਵੇਗੀ। ਆਪਣੀਆਂ ਇਛਾਵਾਂ ਨੂੰ ਆਪਣੇ ਅਧੀਨ ਰੱਖੋ ਨਾ ਕਿ ਇਛਾਵਾ ਦੇ ਅਧੀਨ ਖੁਦ ਹੋਵੋ। ਬੁੱਧ ਬਾਣੀ ਸਪੱਸ਼ਟ ਕਰਦੀ ਹੈ ਵਰਨ, ਵਰਗ, ਮਜ਼ਹਬ, ਧਰਮ, ਕਰਮ, ਦੇਵੀ ਦੇਵ ਸਭ ਕਲਪਨਾਵਾਂ ਹਨ। ਬੁੱਧ ਦੀਆਂ ਸਿੱਖਿਆਵਾ ਵਿਚ ਪੰਚਸ਼ੀਲ ਅਸ਼ਟ ਮਾਰਗ ਦੇ ਸਿੱਖਿਆਵਾ ਵਿਚ ਸ਼ੁੱਧ ਬਾਣੀ ਦਇਆ, ਬਰਾਬਰੀ, ਸਦਾਚਾਰ ਦੇ ਅਸੂਲਾਂ ਨੂੰ ਪੇਸ਼ ਕਰਦੀ ਹੈ। ਅੱਜ ਬੁੱਧ ਦੀਆਂ ਸਿੱਖਿਆਵਾਂ ਦਾ ਸਾਰ ਬੁੱਧ ਧਰਮ 26 ਦੇਸ਼ਾਂ ਵਿਚ ਲੋਕਪ੍ਰਿਯ ਹੈ। ਮਹਾਨ ਸਮਰਾਟ ਅਸ਼ੋਕ ਨੇ ਕਲਿੰਗਾ ਦੀ (ਉੜੀਸ) ਲੜਾਈ ਲੜੀ ਪਰ ਜਿੱਤ ਤੋਂ ਬਾਅਦ ਵੇਖਿਆ ਕਿ ਕਿੰਨਾ ਖੂਨ ਖਰਾਬਾ ਹੋਇਆ ਉਸ ਦਾ ਦਿਲ ਪਸੀਜ ਗਿਆ ਤੇ ਬੁੱਧ ਦੀਆਂ ਸਿਖਿਆਵਾਂ ਤੇ ਚੱਲ ਕੇ ਬੋਧੀ ਰਾਜਾ ਬਣ ਕੇ ਪ੍ਰਚਾਰ ਤੇ ਰਾਜ ਕੀਤਾ। ਅੱਜ ਸਮਰਾਟ ਅਸ਼ੋਕ ਜੀ ਦੇ ਰਾਜ ਨੂੰ ਸੁਨਹਿਰੀ ਰਾਜ ਕਿਹਾ ਜਾਂਦਾ ਹੈ। ਉਹ ਮੋਰੀਆ ਵੰਸ਼ ਵਿਚੋਂ ਸੀ ਤੇ ਉਸ ਦੇ ਪੂਰਵਜ ਚੰਵਰ (ਚਮਾਰ) ਸਨ।

**ਗੁਰੂ ਘਾਸੀ ਦਾਸ ਜੀ** – ਆਪ ਜੀ ਦਾ ਜਨਮ 18 ਦਸੰਬਰ 1756 ਈ: ਨੂੰ ਗਿਰਾਦਪੁਰੀ ਪਿੰਡ ਛੱਤੀਸਗੜ੍ਹ ਵਿਚ ਹੋਇਆ। ਸਤਿਗੁਰੂ ਘਾਸੀ ਦਾਸ ਜੀ ਦੇ ਪਿਤਾ ਗਰੀਬ ਪਰਿਵਾਰ ਵਿਚੋਂ ਸਨ। ਆਪ ਜੀ ਪ੍ਰਭੂ ਪ੍ਰੇਮ, ਮਾਨਵਵਾਦੀ ਮਹਾਂਪੁਰਸ਼ਾਂ ਦੇ ਮਿਸ਼ਨ ਦਾ ਪ੍ਰਚਾਰ ਕਰਿਆ ਕਰਦੇ ਸਨ। ਸਤਿਗੁਰੂ ਘਾਸੀ ਦਾਸ ਜੀ ਗਰੀਬ ਝੌਂਪੜੀਆਂ ਵਿਚ ਜਾ ਕੇ ਪ੍ਰਚਾਰ ਕਰਿਆ ਕਰਦੇ ਸਨ। ਆਪ ਜੀ ਦੀ ਬਾਣੀ ਅੱਜ ਵੀ ਸਮਾਜ ਦਾ ਮਾਰਗ ਦਰਸ਼ਨ ਕਰਦੀ ਹੈ 'ਪੱਥੀ ਪੱਸ' ਨਾਮ ਦੀ ਇਕ ਪ੍ਰਸਿਧ ਰਚਨਾ ਅੱਜ ਵੀ ਛਤੀਸਗੜ ਵਿਚ ਪੜੀ ਜਾਂਦੀ ਹੈ। 80 ਸਾਲ ਦੀ ਯਾਤਰਾ ਸੰਪੂਰਨ ਕਰਦਿਆ ਆਪ ਜੀ ਬ੍ਰਹਮਲੀਨ ਹੋ ਗਏ। ਕੁਝ ਵਿਦਵਾਨਾਂ ਨੇ ਲਿਖਿਆ ਹੈ ਕਿ ਉਹਨਾਂ ਦਾ ਇਕ ਬੇਟਾ ਬਾਲਕ ਦਾਸ ਉਹਨਾਂ ਦਾ ਉੱਤਰਾਧਿਕਾਰੀ ਬਣਾਇਆ ਸੀ ਤੇ ਜੋ ਗੈਰ ਮਾਨਵੀ ਵਿਰੋਧੀ ਸ਼ਕਤੀਆਂ ਨੇ ਕਤਲ ਕਰ ਦਿੱਤਾ।

**ਗੁਰੂ ਗੌਰਖ ਨਾਥ** – ਗੁਰੂ ਗੌਰਖ ਨਾਥ ਜੀ ਨੇ ਜੋਗੀਆ ਦੇ ਮੋਢੀ ਵਜੋਂ ਭੂਮਿਕਾ ਨਿਭਾਈ। ਉਹਨਾਂ ਦਾ ਸਮਾਂ ਨੌਵੀਂ ਸਦੀ ਦੇ ਮੱਧ ਦਾ ਮੰਨਿਆ ਜਾਂਦਾ ਹੈ। ਗੁਰੂ ਗੌਰਖ ਨਾਥ ਜੀ ਨਾਲ ਜੁੜੀਆ ਅਣਗਿਣਤ ਸਾਖੀਆਂ ਸੁਣਦਿਆਂ ਇਹ ਮਹਿਸੂਸ ਹੁੰਦਾ ਹੈ। ਉਹ ਬਹੁਤ ਵੱਡੇ ਅਧਿਆਤਮਕ ਅਵਸਥਾ ਦੇ ਮਾਲਿਕ ਸਨ। ਆਪ ਜੀ ਦੀ ਚਲਾਈ ਮਾਨਵਵਾਦੀ ਲਹਿਰ ਦਾ ਰੂਪ ਅੱਜ ਮੂਲ ਰੂਪ ਵਿਚ ਨਹੀਂ ਮਿਲਦਾ। ਗੁਰੂ ਗੌਰਖ ਨਾਥ ਜੀ ਨੇ ਬੜੀ ਬਾਣੀ ਦੀ ਰਚਨਾ ਕੀਤੀ। ਇੰਦਰੀਆਂ ਨੂੰ ਭੋਗਾਂ ਤੋਂ ਦੂਰ ਰਹਿਣ ਦੀ ਪ੍ਰੇਰਨਾ ਦਿੱਤੀ ਤੇ ਸਾਰੀ ਦੁਨੀਆ ਨੂੰ 'ਅਲੱਖ ਨਿਰੰਜਨ' ਦਾ ਸ਼ਬਦ ਦਿੱਤਾ। ਅੱਜ ਵੀ ਓਹਨਾਂ ਦੀ ਸੱਚੀ ਬਾਣੀ ਮਾਰਗ ਦਰਸ਼ਨ ਦੇ ਰਹੀ ਹੈ। ਮਾਨਵ ਨੂੰ ਸੱਚੇ ਜੋਗ ਦਾ ਰਾਹ ਦਿਖਾਉਂਦੀ ਹੈ।

(1) ਜੋਗੀ ਸੋ ਜੋ ਰਾਖੈ ਜੋਗ, ਜੀਅਭਾ ਚੰਦਰੀ ਨ ਕਰੈ ਭੋਗ,

ਅੰਜਨ ਛੋੜ ਨਿਰੰਜਨ ਰਹੈ, ਤਾਕੋ ਗੋਰਖ ਜੋਗੀ ਕਹੈ।।
(2) ਏਕ ਮੇਂ ਅਨੰਤ ਅਨੰਤ ਮੇਂ ਏਕੇ ਅਨੰਤ ਪਾਇਆ,
ਅੰਤਰਿ ਏਕ ਸੋ ਪਰਚਾ ਹੁਆ ਤਬ ਅਨੰਤ ਏਕ ਸੇ ਸਮਝਾਇਆ।।

## ਸਿੱਧ ਚਾਨੋ ਚਮਾਰ ਵੰਸ਼ ਦੇ ਆਦਿ ਨਾਈਕ

ਹਿਮਾਚਲ ਵਿਚ ਚਮਾਰ ਜਾਤੀ ਦੇ ਸਿੱਧ ਚਾਨੋ ਜੀ ਦੀ ਵਿਸ਼ੇਸ਼ ਮਾਨਤਾ ਹੈ। ਪੰਜਾਬ ਦੇ ਕੁਝ ਹਿੱਸਿਆਂ ਵਿਚ ਵੀ ਮਾਨਤਾ ਹੈ, ਹਰੇਕ ਪਿੰਡ ਵਿਚ ਸਿੱਧ ਥਲ ਹੁੰਦਾ ਸੀ, ਜਿਸਦਾ ਪੁਜਾਰੀ ਚਮਾਰ ਹੁੰਦਾ ਸੀ। ਜਿਹਨਾਂ ਦਾ ਮੁੱਖ ਸਥਾਨ ਹਿਮਾਚਲ ਦੇ ਹਮੀਰਪੁਰ ਜ਼ਿਲ੍ਹੇ ਦੇ ਡਾਗੜਾ ਪਿੰਡ ਵਿਚ ਹੈ ਅਤੇ ਇਹਨਾਂ ਦੀ ਪੂਜਾ ਕੀਤੀ ਜਾਂਦੀ ਹੈ।

---

* ਚੌਰਾਸੀ ਸਿੱਧਾਂ ਵਿਚ ਦੋ ਸਿੱਧ ਚਮਰੀਪਾ ਅਤੇ ਪਨਹੱਪਾ ਦੋਨੋਂ ਚਮਾਰ ਜਾਤੀ ਨਾਲ ਸਬੰਧਤ ਹਨ।

* ਸਮਰਾਟ ਚੰਦਰ ਗੁਪਤ ਮੌਰੀਆ ਅਤੇ ਸਮਰਾਟ ਅਸ਼ੋਕ ਚਮਾਰ ਵੰਸ਼ ਨਾਲ ਸੰਬੰਧਿਤ ਸਨ।

* ਲੋਨਾ ਜੀ ਚਮਾਰ ਜਾਤੀ ਨਾਲ ਸੰਬੰਧਿਤ ਸੀ, ਜਿਸਦੀ ਹਿਮਾਚਲ ਪ੍ਰਦੇਸ਼ ਵਿਚ ਪੂਜਾ ਕੀਤੀ ਜਾਂਦੀ ਹੈ।

* ਦੁਨੀਆਂ ਦੇ ਸੱਤਵੇਂ ਅਜੂਬੇ ਤਾਜ ਮਹਿਲ ਦੇ ਨਿਰਮਾਣ ਵਿਚ ਚਮਾਰ ਜਾਤੀ ਦੇ ਲੋਕਾਂ ਦਾ ਮਹੱਤਵਪੂਰਨ ਯੋਗਦਾਨ ਹੈ।

**ਬਾਬਾ ਗੱਜਣ ਸ਼ਾਹ ਜੀ** –ਸੰਤ ਬਾਬਾ ਗੱਜਣ ਸ਼ਾਹ ਜੀ ਦਾ ਜਨਮ ਚਮਾਰ ਜਾਤੀ ਵਿਚ ਪਿਤਾ ਸ੍ਰੀ ਬਸਵਾ ਦਾਸ ਦਿੱਲੀ ਨਿਵਾਸੀ ਦੇ ਗ੍ਰਿਹ ਵਿਖੇ ਹੋਇਆ। ਆਪ ਜੀ ਦੇ ਅਨੰਦਮਈ ਪ੍ਰਭੂ ਵਿਚਾਰਾਂ ਤੇ ਪ੍ਰਚਾਰ ਸਦਕਾ ਆਪ ਜੀ ਹਿੰਦੂ, ਸਿੱਖ ਵੀ ਭਾਰੀ ਗਿਣਤੀ 'ਚ ਸਿਸ਼ ਸਨ। ਬਾਬਾ ਗੱਜਣ ਸ਼ਾਹ ਜੀ ਪ੍ਰਭੂ ਪ੍ਰਤੀ ਦੀਵਾਨਗੀ ਕਰਕੇ ਆਪ ਦੇ ਸੇਵਕਾਂ ਦਾ ਗੌਤਰੀ ਦੀਵਾਨਾ ਪੈ ਗਿਆ। ਮਹਾਰਾਜਾ ਰਣਜੀਤ ਸਿੰਘ ਜੀ ਨੇ ਬਾਬਾ ਸੱਜਣ ਸ਼ਾਹ ਜੀ ਦਾ ਭਗਤੀ ਭਾਵ ਵੇਖਦਿਆ 22000 ਵਿਘੇ ਜਮੀਨ ਭੇਂਟ ਕੀਤੀ ਸੀ।

**ਬਾਬਾ ਹੈਦਰ ਦਾਸ** – ਬਾਬਾ ਹੈਦਰ ਦਾਸ ਜੀ ਦਾ ਜਨਮ ਚਮਾਰ ਜਾਤੀ ਵਿਚ ਹੋਇਆ। ਸੂਫ਼ੀ ਸੰਤਾਂ, ਮਹਾਂਪੁਰਸ਼ਾ ਦੀ ਸੰਗਤ ਕਰਨ ਤੇ ਸਾਧਨਾ ਵਿਚ ਲੱਗਣ ਕਾਰਨ ਆਪ ਜੀ ਦਾ ਨਾਮ ਹੈਦਰ ਸ਼ਾਹੇ ਨਾਲ ਮਸ਼ਹੂਰ ਹੋਇਆ। ਆਪ ਜੀ ਨੇ ਸਤਿਗੁਰੂ ਰਵਿਦਾਸ ਜੀ ਤੇ ਸਤਿਗੁਰੂ ਕਬੀਰ ਜੀ ਦੀ ਮਾਨਵਵਾਦੀ ਵਿਚਾਰਧਾਰਾ ਨੂੰ ਜਨ ਜਨ ਤੱਕ ਪਹੁੰਚਾਉਣ ਵਿਚ ਆਪਣਾ ਜੀਵਨ ਸਮਰਪਿਤ ਰੱਖਿਆ। ਆਪ ਜੀ ਦੀ ਯਾਦ ਵਿਚ ਆਪ ਜੀ ਦੀ ਸਮਾਧੀ ਸਥੱਲ ਬਣਾਇਆ ਗਿਆ। ਜੋ ਈਵਿਰਨ ਹਸਪਤਾਲ ਦਿੱਲੀ ਗੇਟ ਜਵਾਹਰ ਲਾਲ ਨਹਿਰੂ ਮਾਰਗ ਨਵੀਂ ਦਿੱਲੀ ਵਿਚ ਉਪਸਥਿਤ ਹੈ।

**ਸੰਤ ਹਰੀਦਾਸ ਜੀ** – ਆਪ ਜੀ ਦਾ ਜਨਮ ਪਿੰਡ ਕੁਰਵਾ ਮੁਜੱਫਰਪੁਰ ਉੱਤਰਪ੍ਰਦੇਸ਼ ਵਿਚ ਹੋਇਆ। ਸ਼ੁੱਕਰਤਾਲ ਵਿਚ ਅੱਜ ਵੀ ਆਪ ਜੀ ਦੀ ਸਮਾਧ ਮੌਜੂਦ ਹੈ। ਆਪ ਜੀ ਦੀ ਸਮਾਧ ਉਤੇ ਵਿਸ਼ਾਲ ਮੇਲਾ ਲੱਗਦਾ ਹੈ।

**ਬਾਬਾ ਲਾਲਗੀਰ ਜੀ** – ਸੰਤ ਬਾਬਾ ਲਾਲਗੀਰ ਜੀ ਨੇ 19 ਵੀਂ ਸਦੀ ਦੇ ਆਰੰਭ ਵਿਚ ਇਕ ਪੰਥ ਦੀ ਸਥਾਪਨਾ ਕੀਤੀ। ਜਿਸਨੂੰ ਲਾਲਗੀਰ ਪੰਥ ਜਾਂ ਅਲਖਗੀਰ ਨਾਮ



ਨਾਲ ਵੀ ਜਾਣਿਆ ਜਾਂਦਾ ਹੈ। ਉਹਨਾਂ ਦਾ ਘਰ ਬੀਕਾਨੇਰ ਵਿਚ ਸੀ।

**ਭਗਤ ਚੇਤਾ ਚਮਾਰ** – ਮਹਾਭਾਰਤ ਕਾਲ ਦੌਰਾਨ ਚੇਤਾ ਭਗਤ ਚਮਾਰ ਦੀ ਭਗਤੀ ਦਾ ਵਿਸ਼ੇਸ਼ ਜ਼ਿਕਰ ਮਿਲਦਾ ਹੈ। ਕਈ ਵਾਰ ਦਰੋਣਾਚਾਰੀਆ ਦੀ ਸ਼ਿਕਾਇਤ ਤੇ ਦੁਰਯੋਧਨ ਨੇ ਭਗਤ ਚੇਤਾ ਜੀ ਨੂੰ ਆਪਣੇ ਦਰਬਾਰ ਵਿਚ ਬੁਲਾਇਆ ਸੀ। ਭਗਤ ਚੇਤਾ ਚਮਾਰ ਜੀ ਦੀਆਂ ਗਿਆਨ ਭਰਪੂਰ ਗੱਲਾਂ ਤੇ ਸਿੱਖਿਆਵਾਂ ਵੇਖ ਕੇ ਦੁਰਯੋਧਨ ਨੇ ਚੇਤਾ ਭਗਤ ਚਮਾਰ ਨੂੰ ਸਤਿਕਾਰ ਨਾਲ ਆਪਣੇ ਦਰਬਾਰ ਵਿਚ ਮਾਣ ਬਖਸ਼ਿਆ।

**ਮਹਾਤਮਾ ਸੰਮਨ ਦਾਸ** – ਮਹਾਤਮਾ ਸੰਮਨ ਦਾਸ ਜੀ ਨੇ ਪੰਜ ਸਾਲ ਦੀ ਛੋਟੀ ਉਮਰ ਵਿਚ ਹੀ ਯੋਗ ਲੈ ਲਿਆ ਸੀ। ਆਪ ਮੁਜੱਫਰਨਗਰ ਦੇ ਰਹਿਣ ਵਾਲੇ ਸਨ। ਆਪ ਜੀ ਦੀਆਂ ਸਿੱਖਿਆਵਾਂ ਮਾਸ ਨਾ ਖਾਣਾ, ਸ਼ਰਾਬ ਨਾ ਪੀਣਾ, ਸਿੱਖਿਅਕ ਹੋਣਾ, ਪ੍ਰਭੂ ਭਗਤੀ ਆਦਿ ਅੱਜ ਉਹਨਾਂ ਦੀ ਮਹਾਨਤਾ ਨੂੰ ਦਰਸਾਉਦੀਆਂ ਹਨ। ਆਪ ਨੇ ਸਤਿਗੁਰੂ ਰਵਿਦਾਸ ਜੀ ਮੰਦਰਾਂ ਤੇ ਸਿਖਿਆ ਕੇਂਦਰਾਂ ਦੀ ਸਥਾਪਨਾ ਕੀਤੀ।

**ਦਸ਼ਨਾਥ** – 1565-70 ਦਰਮਿਆਨ ਦਸ਼ਨਾਥ ਦਾ ਮਿਲਾਪ ਅਕਬਰ ਨਾਲ ਹੋਇਆ। ਦਸ਼ਨਾਥ ਇਕ ਪਾਲਕੀ ਉਠਾਉਣ ਵਾਲੇ ਚਮਾਰ ਦਾ ਸਪੁੱਤਰ ਸੀ ਉਹ ਚਿੱਤਰਕਲਾ ਵਿਚ ਨਿਪੁੰਨ ਸੀ। ਉਸ ਨੇ ਇਕ ਔਰਤ ਦੇ ਸਤੀ ਹੋਣ ਦੀ ਘਟਨਾ ਨੂੰ ਕੰਧ ਤੇ ਚਿੱਤਰ ਦੇ ਰੂਪ ਵਿਚ ਬਣਾਇਆ ਸੀ। ਜਦੋਂ ਅਕਬਰ ਉਥੋਂ ਗੁਜਰਿਆ ਤਾਂ ਬਹੁਤ ਪ੍ਰਭਾਵਿਤ ਹੋਇਆ ਤੇ ਦਸ਼ਨਾਥ ਨੂੰ ਆਪਣੇ ਨਾਥ ਮਥਰੂ ਲੈ ਗਿਆ। ਆਪਣੀ ਦੇਖ-ਰੇਖ ਵਿਚ ਸ਼ਾਹੀ ਮਹਿਲ ਵਿਚ ਰੱਖਿਆ। ਇਸ ਤਰ੍ਹਾਂ ਦਸ਼ਨਾਥ ਇਕ ਪ੍ਰਸਿੱਧ ਚਿੱਤਰਕਾਰ ਬਣ ਗਿਆ।

**ਬਾਬਾ ਸੰਗਤ ਸਿੰਘ ਜੀ** – ਬਾਬਾ ਸੰਗਤ ਜੀ ਦੀ ਖਾਸੀ ਵਿਸ਼ੇਸ਼ਤਾ ਇਹ ਸੀ ਕਿ ਉਹਨਾਂ ਦਾ ਸਰੂਪ ਗੁਰੂ ਗੋਬਿੰਦ ਸਿੰਘ ਜੀ ਨਾਲ ਮਿਲਦਾ ਸੀ। ਆਪ ਜੀ ਦੇ ਪਿਤਾ ਜੀ ਦਾ ਨਾਮ ਰਣੀਆਂ ਤੇ ਗੋਤ ਅਹੀਰ ਸੀ। ਗੁਰੂ ਗੋਬਿੰਦ ਸਿੰਘ ਜੀ ਨੂੰ ਲੜਾਈ ਵਿਚ ਸੁਰੱਖਿਅਤ ਰੂਪ ਵਿਚ ਭੇਜ ਕੇ ਉਹਨਾਂ ਦੀ ਕਲਗੀ ਤੇ ਲਿਬਾਸ ਪਹਿਨ ਕੇ ਲੜਦੇ ਰਹੇ। ਗੁਰੂ ਗੋਬਿੰਦ ਸਿੰਘ ਸੁਰੱਖਿਅਤ ਰੂਪ ਵਿਚ ਪਟਨਾ ਪਹੁੰਚ ਗਏ ਤੇ ਬਾਬਾ ਸੰਗਤ ਸਿੰਘ ਜੀ ਉਥੇ ਸ਼ਹੀਦ ਹੋ ਗਏ। ਧੰਨ ਹੈ ਚਮਾਰ ਜਾਤੀ ਜਿਸ ਵਿਚ ਐਸੇ ਸੂਰਮੇ ਜਨਮੇਂ ਤੇ ਦੁਸ਼ਮਣਾਂ ਦੇ ਦੰਦ ਖੱਟੇ ਕੀਤੇ।

**ਭਾਈ ਧਰਮ ਦਾਸ ਜੀ** – ਸੰਮਤ 1756 ਨੂੰ ਆਨੰਦਪੁਰ ਸਾਹਿਬ ਦੀ ਧਰਤੀ ਤੇ ਜਦੋਂ ਗੁਰੂ ਗੋਬਿੰਦ ਜੀ ਨੇ ਖਾਲਸਾ ਪੰਥ ਦੀ ਸਥਾਪਨਾ ਲਈ ਪੰਜ ਸਿਰਾ ਦੀ ਮੰਗ ਕੀਤੀ ਸੀ ਸਭ ਤੋਂ ਪਹਿਲਾ ਸੀਸ ਭਾਈ ਧਰਮਦਾਸ ਜੀ ਨੇ ਭੇਂਟ ਕੀਤਾ ਸੀ। ਇਹ ਨਿਧੜਕ, ਦਲੇਰ, ਸੂਰਵੀਰ, ਅਣਖੀ ਯੋਧਾ ਚਮਾਰ ਜਾਤੀ ਵਿੱਚੋਂ ਸੀ।

108 ਸੰਤ ਬਾਬਾ ਬ੍ਰਹਮ ਦਾਸ ਜੀ—ਮਾਤਾ ਜੀਓ ਜੀ ਦੀ ਕੁੱਖੋਂ ਪਿਤਾ ਸ੍ਰੀ ਰੁਲੀਆ ਰਾਮ ਜੀ ਦੇ ਘਰ ਪਿੰਡ ਟਿੰਬਾ ਲੁਧਿਆਣਾ ਵਿਚ ਆਪ ਜੀ ਦਾ ਜਨਮ ਹੋਇਆ। ਆਪ ਜੀ ਦੀ ਸ਼ਾਦੀ ਪਿੰਡ ਪਹੀੜ ਨੇੜੇ ਮੰਡੀ ਗੋਬਿੰਦਗੜ੍ਹ (ਮਲੇਰਕੋਟਲਾ) ਵਿਖੇ ਮਾਤਾ ਘੁਨੀ ਜੀ ਨਾਲ ਹੋਈ। ਆਪ ਜੀ ਨੂੰ ਪ੍ਰਭੂ ਪ੍ਰੇਮ ਤੇ ਸਮਾਜ ਦੇ ਕਲਿਆਣ ਦੀ ਤਾਂਘ ਹਮੇਸ਼ਾ ਬਣੀ ਰਹੀ। ਆਪ ਜੀ ਦਲਿਤ ਭਾਈਚਾਰੇ ਦੀਆਂ ਸਮੱਸਿਆਵਾਂ ਨੂੰ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਤੇ ਸਿੱਖਿਆ ਦੇ ਪੱਧਰ ਤੋਂ ਵਾਚਦੇ ਸਨ। ਆਪ ਜੀ ਸੰਗਤ ਨੂੰ ਵਹਿਮਾ ਭਰਮਾਂ ਤੋਂ ਮੁਕਤ ਕਰਕੇ ਵਿਚਾਰਸ਼ੀਲ ਤੇ ਤਰਕਸ਼ੀਲ ਜੀਵਣ

ਜਿਉਣ ਦੀ ਪ੍ਰੇਰਨਾ ਦਿੰਦੇ ਸਨ। ਆਪ ਜੀ ਕੌਮ ਦੇ ਉਧਾਨ ਵਾਸਤੇ ਡਾ. ਅੰਬੇਡਕਰ ਜੀ ਨੂੰ ਡੇਰੇ ਲੁਧਿਆਣੇ ਵਿਖੇ ਲਿਆਏ ਜਿਥੇ ਆਪ ਜੀ ਨੇ ਸੰਗਤਾਂ ਨੂੰ ਪ੍ਰਵਚਨ ਕੀਤੇ। 'ਬਾਬਾ ਸਾਹਿਬ ਜੀ ਤੁਹਾਡੀ ਕਲਮ ਅੱਗੇ ਦਲਿਤ ਸਮਾਜ ਦੀ ਤਕਦੀਰ ਹੈ ਅਤੇ ਆਪ ਜੀ ਇਹਨਾਂ ਦੀ ਤਕਦੀਰ ਬਦਲ ਦਿਓ।' ਡਾ. ਅੰਬੇਡਕਰ ਜੀ ਨੇ ਸੰਤ ਬ੍ਰਹਮ ਦਾਸ ਜੀ ਤੋਂ ਪੁੱਛਿਆ ਕਿ ਹੇ ਨਾਥ ਜੀ ਕਿਸ ਨੂੰ ਮੰਨਦੇ ਹੋ ? ਸੰਤ ਬ੍ਰਹਮ ਦਾਸ ਜੀ ਨੇ ਉਤਰ ਦਿੱਤਾ ਜੋ ਮੇਰੀ ਕੌਮ ਨੂੰ ਸਹਾਰਾ ਦੇਵੇ। ਇਹ ਸੁਣਕੇ ਡਾ. ਅੰਬੇਡਕਰ ਜੀ ਬਹੁਤ ਖੁਸ਼ ਹੋਏ ਅਤੇ ਕਿਹਾ ਕਿ ਤੁਸੀਂ ਤਾਂ ਸੌ ਸਾਲ ਅੱਗੋਂ ਦੀ ਗੱਲ ਕੀਤੀ। ਇਸ ਤਰ੍ਹਾਂ ਆਪ ਜੀ ਸੰਗਤਾਂ ਨੂੰ ਧਾਰਮਿਕ, ਸਮਾਜਿਕ, ਰਾਜਨੀਤਕ ਚੇਤਨਾ ਪ੍ਰਧਾਨ ਕਰਦੇ ਸਮਾਜ ਦੇ ਭਲੇ ਹਿੱਤ ਆਪਣਾ ਜੀਵਨ ਗੁਜਾਰਿਆ ਉਹਨਾਂ ਨੂੰ ਉਹਨਾਂ ਦੀਆਂ ਸਿੱਖਿਆਵਾਂ ਤੇ ਪਰਉਪਕਾਰਾਂ ਲਈ ਸਦਾ ਯਾਦ ਰੱਖਿਆ ਜਾਵੇਗਾ। ਵਰਤਮਾਨ ਗੱਦੀਨਸ਼ੀਨ ਸੰਤ ਬਾਬਾ ਰੂੜਾ ਰਾਮ ਜੀ ਡੇਰੇ ਦੇ ਸੰਚਾਲਕ ਹਨ ਜੋ ਜਗਤਗੁਰੂ ਰਵਿਦਾਸ ਮਹਾਰਾਜ ਜੀ ਅਤੇ ਸੰਤ ਬਾਬਾ ਬ੍ਰਹਮਦਾਸ ਜੀ ਦੇ ਉਪਦੇਸ਼ਾਂ ਨੂੰ ਜਨ-ਜਨ ਤੱਕ ਪਹੁੰਚਾ ਰਹੇ ਹਨ।

**ਭਾਈ ਮਹਿਤਾਬ ਸਿੰਘ ਜੀ** – ਮੱਸਾ ਰੰਗੜ ਜਦੋਂ ਦਰਬਾਰ ਸਾਹਿਬ ਤੇ ਹੁਲਕਾ ਪੀਂਦਾ ਸੀ, ਕੰਜਰੀ ਨਚਾਉਂਦਾ ਸੀ, ਦਰਬਾਰ ਸਾਹਿਬ ਦੀ ਇਹ ਬੇਅਦਬੀ ਨੂੰ ਮਹਿਤਾਬ ਸਿੰਘ ਮੀਰ ਕੋਟੀਆ ਸਹਾਰ ਨਾ ਸਕੇ। ਉਸ ਨੇ ਭਾਈ ਸੁੱਖਾ ਸਿੰਘ ਨੂੰ ਨਾਲ ਲੈ ਕੇ ਖੱਚਰਾਂ ਦੀਆਂ ਖੁਰਜੀਆਂ ਠੀਕਰੀਆਂ ਨਾਲ ਭਰ ਕੇ ਉੱਪਰ ਚਾਂਦੀ ਦੇ ਰੁਪਏ ਪਾ ਕੇ ਕਰ ਦੇਣ ਦੇ ਬਹਾਨੇ ਦਰਬਾਰ ਸਾਹਿਬ ਅੰਦਰ ਮੱਸਾ ਰੰਗੜ ਕੋਲ ਪੁੱਜਾ। 6 ਮਈ 1740 ਨੂੰ ਭਾਈ ਮਹਿਤਾਬ ਸਿੰਘ ਨੇ ਮੱਸਾ ਰੰਗੜ ਦਾ ਸਿਰ ਧੜ ਤੋਂ ਅਲੱਗ ਕਰ ਦਿੱਤਾ ਤੇ ਬੀਕਾਨੇਰ ਲਿਜਾ ਕੇ ਸਮਾਜ ਅੱਗੇ ਜ਼ਾਲਿਮ ਦਾ ਸਿਰ ਪੇਸ਼ ਕੀਤਾ। ਅੰਤ ਜਦੋਂ ਭਾਈ ਮਹਿਤਬ ਸਿੰਘ ਫੜਿਆ ਗਿਆ ਤਾਂ ਉਸਨੂੰ ਤੇ ਉਸਦੇ ਛੋਟੇ ਜਿਹੇ ਬੱਚੇ ਨੂੰ ਚਰਖੜੀ ਤੇ ਚਾੜ ਕੇ ਸ਼ਹੀਦ ਕਰ ਦਿੱਤਾ।

**ਸ਼ਹੀਦ ਬਾਬਾ ਜੈ ਸਿੰਘ ਖਲਕਾਟ** – ਸ਼ਹੀਦ ਬਾਬਾ ਜੈ ਸਿੰਘ ਖਲਕਾਟ ਜੀ ਨੂੰ ਮੌਕੇ ਦੇ ਮੁਸਲਮਾਨ ਹਾਕਿਮ ਵਲੋਂ ਪੁੱਠੀ ਖਲ ਲਾਹ ਕੇ ਸ਼ਹੀਦ ਕਰ ਦਿੱਤਾ। ਬਾਬਾ ਜੀ ਨੂੰ ਪਿੱਪਲ ਨਾਲ ਪੁੱਠਾ ਟੰਗ ਕੇ ਪੈਰ ਦੇ ਅੰਗੂਠੇ ਤੋਂ ਲੈ ਸਿਰ ਦੇ ਵਾਲਾਂ ਤੱਕ ਖੱਲ ਉਤਾਰ ਕੇ ਸ਼ਹੀਦ ਕਰ ਦਿੱਤਾ।

**ਸੰਤ ਨੰਦਾ ਨਾਰ ਜੀ** – ਸੰਤ ਨੰਦਾ ਨਾਰ ਜੀ ਦਾ ਜਨਮ 425 ਈ: ਵਿਚ ਦੱਖਣੀ ਭਾਰਤ ਦੇ ਜਿਲ੍ਹਾ ਥਾਨਾ ਜਾਮੂਰ ਦੇ ਪਿੰਡ ਮੈਲਾ ਨਾਲੋਰ ਵਿਖੇ ਹੋਇਆ। ਆਪ ਜੀ ਦੇ ਪਿਤਾ ਚਮੜੇ ਦਾ ਵਿਉਪਾਰ ਕਰਦੇ ਸਨ। ਬਾਬਾ ਸਾਹਿਬ ਡਾ. ਅੰਬੇਡਕਰ ਜੀ ਆਪਣੀ ਪੁਸਤਕ 'The Untouchable' ਜਿਹਨਾਂ ਤਿੰਨ ਮਹਾਂਪੁਰਸ਼ਾਂ ਨੂੰ ਭੇਂਟ ਕੀਤੀ ਹੈ ਉਹਨਾਂ ਵਿਚ ਨੰਦਾਨਾਰ ਜੀ, ਗੁਰੂ ਰਵਿਦਾਸ ਜੀ, ਸੰਤਾਂ ਚੋਖਾਮੇਲਾ ਜੀ ਜ਼ਿਕਰਯੋਗ ਹੈ। ਡਾ. ਏ. ਪਦਮਾਨਬਾਨ ਸਾਬਕਾ ਮੁੱਖ ਸਕੱਤਰ ਤਾਮਿਲਨਾਡੂ ਨੇ ਸੰਤ ਨੰਦਾਨਾਰ ਜੀ ਤੇ 'The Untouchable Journey' ਕਵਿਤਾ ਲਿਖੀ ਹੈ। ਚੌਰਜਾ ਰਾਜੇ ਦੇ ਮੁੱਖ ਮੰਤਰੀ ਅਤੇ ਮਹਾਨ ਵਿਦਵਾਨ ਸੇਕੀਯਾਰ, ਵਿਦਵਾਨ ਗੋਪਾਲਾ ਕ੍ਰਿਸ਼ਨਾ ਭਾਰਥੀਅਰ ਨੇ ਆਪ ਜੀ ਬਾਰੇ ਬਹੁਤ ਕੁਝ ਲਿਖਿਆ ਹੈ।

**ਸਵਾਮੀ ਅਛੂਤਾ ਨੰਦ ਜੀ** – ਆਪ ਜੀ ਦਾ ਜਨਮ 1879 ਈ: ਵਿਚ ਵੈਸਾਖ



ਪੂਰਨਿਮਾ ਵਾਲੇ ਦਿਨ ਹੋਇਆ। ਉੱਤਰ ਪ੍ਰਦੇਸ਼ ਦੇ ਫਾਰੁਖਾਬਾਦ ਜਿਲ੍ਹੇ ਵਿਚ ਪੈਦਾ ਹੋਏ। ਗਰੀਬ ਪਰਿਵਾਰ ਵਿਚ ਜਨਮ ਹੋਣ ਕਾਰਨ ਸਿੱਖਿਆ ਤੋਂ ਵੰਚਿਤ ਰੱਖੇ ਗਏ। ਸੰਤਾਂ ਮਹਾਂਪੁਰਸ਼ਾਂ ਦੀ ਸੰਗਤ ਕਰਦਿਆਂ ਆਪ ਜੀ ਨੂੰ ਹਿੰਦੀ, ਸੰਸਕ੍ਰਿਤ, ਉਰਦੂ, ਅੰਗ੍ਰੇਜ਼ੀ, ਮਰਾਠੀ, ਬੰਗਾਲੀ ਤੇ ਗੁਰਮੁਖੀ ਦਾ ਗਿਆਨ ਹੋ ਗਿਆ ਸੀ। ਸਾਨੂੰ ਤੁਹਾਡੀ ਕ੍ਰਿਪਾ ਦੀ ਲੋੜ ਨਹੀਂ, ਸਾਨੂੰ ਆਪਣੇ ਅਧਿਕਾਰ ਚਾਹੀਦੇ ਹਨ। ਵਿਵਸਥਾ ਇਸ ਤਰ੍ਹਾਂ ਦੀ ਹੋਵੇ ਕਿ ਪੱਛੜੇ ਵਰਗ ਦੇ ਲੋਕ ਆਪਣਾ ਜੀਵਨ, ਪ੍ਰਤਿਸ਼ਠਾ ਅਤੇ ਸਨਮਾਨ ਨਾਲ ਜੀਅ ਸਕਣ। ਕੇਂਦਰ ਤੇ ਰਾਜਾਂ ਵਿਚ ਉੱਤਰਾਦਈ ਸਰਕਾਰਾਂ ਦੀ ਸਥਾਪਨਾ ਕਰਨੀ ਚਾਹੀਦੀ ਹੈ। ਜਗੀਰਦਾਰੀ ਵਿਵਸਥਾ ਖਤਮ ਕਰਨ ਲਈ ਕਾਨੂੰਨ ਬਣਾਉਣੇ ਚਾਹੀਦੇ ਹਨ। ਅੰਗਰੇਜ ਸਰਕਾਰ ਨੂੰ ਸਥਾਨਕ ਰਾਜਿਆਂ ਤੇ ਨਵਾਬਾਂ ਦੀਆਂ ਗਤੀਵਿਧੀਆਂ ਤੇ ਰੋਕ ਲਗਾਉਣੀ ਚਾਹੀਦੀ ਹੈ। ਇਹ ਗੱਲਾਂ ਸਾਈਮਨ ਕਮਿਸ਼ਨ ਸਾਹਮਣੇ ਰੱਖੀਆ ਸੀ। ਆਪ ਜੀ 1920 ਵਿਚ ਬਾਬਾ ਸਾਹਿਬ ਡਾ. ਅੰਬੇਡਕਰ ਜੀ ਨੂੰ ਵੀ ਮਿਲੇ ਸਨ। 20 ਜੁਲਾਈ 1933 ਨੂੰ ਪਰਿਨਰਵਾਣ ਪ੍ਰਾਪਤ ਹੋਏ।

**ਸ਼ਹੀਦ ਊਧਮ ਸਿੰਘ** – ਸ਼ਹੀਦ ਊਧਮ ਸਿੰਘ ਜੀ ਦਾ ਜਨਮ 26 ਦਸੰਬਰ 1899 ਨੂੰ ਪਿੰਡ ਸੁਨਾਮ ਜਿਲ੍ਹਾ ਸੰਗਰੂਰ (ਪੰਜਾਬ) ਵਿਚ ਸ੍ਰੀਮਤੀ ਨਰਾਇਣੀ ਦੇਵੀ ਤੇ ਪਿਤਾ ਸ੍ਰੀ ਚੂਹੜ ਰਾਮ ਚਮਾਰ ਜੀ ਦੇ ਘਰ ਵਿਚ ਹੋਇਆ। ਜਲ੍ਹਿਆਂ ਵਾਲੇ ਬਾਗ਼ ਦਾ ਖੂਨੀ ਕਾਂਡ ਊਧਮ ਸਿੰਘ ਦੇ ਦਿਲੋ ਦਿਮਾਗ ਉੱਪਰ ਛਾ ਗਿਆ ਸੀ। ਊਧਮ ਸਿੰਘ ਮਾਈਕਲ ਓਡਵਾਇਰ ਨੂੰ ਭੁੱਖੇ ਸ਼ੇਰ ਵਾਂਗ ਲੱਭਦਾ ਰਿਹਾ ਤੇ ਆਖਰ ਸੱਤ ਸਮੁੰਦਰ ਪਾਰ ਮਾਈਕਲ ਓਡਵਾਇਰ ਦੇ ਦਿਲ ਤੇ ਗੋਲੀ ਮਾਰ ਕੇ ਮਾਰ ਮੁਕਾਇਆ। ਸ਼ਹੀਦ ਊਧਮ ਸਿੰਘ ਜੀ ਦਾ ਭਗਤ ਸਿੰਘ ਨਾਲ ਤਾਲਮੇਲ ਸੀ। ਭਗਤ ਸਿੰਘ ਜੀ ਨੂੰ ਊਧਮ ਸਿੰਘ ਪ੍ਰਤੀ ਸ਼ਰਧਾ ਸੀ ਤੇ ਭਗਤ ਸਿੰਘ ਉਸ ਨੂੰ ਗੁਰੂ ਕਹਿ ਕੇ ਪੁਕਾਰਦਾ ਸੀ। ਭਾਰਤ ਦੀ ਆਜ਼ਾਦੀ ਦਾ ਇਹ ਪਰਵਾਨਾ ਦੇਸ਼ ਦੀ ਆਜ਼ਾਦੀ ਖਾਤਿਰ ਜੂਝਦਾ ਹੋਇਆ 31 ਜੁਲਾਈ 1948 ਨੂੰ ਫ਼ਾਂਸੀ ਦੇ ਰੱਸੇ ਚੁੰਮ ਕੇ ਸ਼ਹੀਦ ਹੋ ਗਿਆ। ਅੱਜ ਉਹਨਾਂ ਦੀ ਬਹਾਦਰੀ ਦੇ ਕਿੱਸੇ ਘਰ-ਘਰ ਵਿਚ ਸੁਣਾਏ ਜਾਂਦੇ ਹਨ।

**ਸ਼ਹੀਦ ਬਾਂਕੇ ਚਮਾਰ** – ਉੱਤਰ ਪ੍ਰਦੇਸ਼ ਦੇ ਜੈਨਪੁਰ ਜਿਲ੍ਹੇ ਦੀ ਤਹਿਸੀਲ ਮਛਲੀ ਸ਼ਹਿਰ ਦੇ ਪਿੰਡ ਕੁੰਵਰਪੁਰ ਵਿਚ ਸ਼ਹੀਦ ਬਾਂਕੇ ਦਾ ਜਨਮ ਹੋਇਆ। ਆਪ ਜੀ ਦਾ ਅੰਗਰੇਜ਼ਾਂ ਦੀ ਰੇਡ ਲਿਸਟ ਵਿਚ ਪਹਿਲੇ ਨੰਬਰ ਤੇ ਨਾਮ ਸੀ ਤੇ ਜਿੰਦਾ ਜਾਂ ਮੁਰਦਾ ਫੜਨ ਵਾਲੇ ਨੂੰ 50 ਹਜ਼ਾਰ ਰੁਪਏ ਦਾ ਇਨਾਮ ਰੱਖਿਆ ਗਿਆ ਸੀ। ਕਿਉਂਕਿ ਦੇਸ਼ ਦੀ ਆਜ਼ਾਦੀ ਲਈ ਬਾਂਕੇ ਚਮਾਰ ਦਾ 1857 ਵਿਚ ਕ੍ਰਾਂਤੀਕਾਰੀ ਸਮੂਹ ਸੀ। ਅਖੀਰ ਅੰਗਰੇਜ਼ ਸਰਕਾਰ ਨੇ ਬਾਂਕੇ ਨੂੰ ਫੜ ਕੇ ਫਾਂਸੀ ਤੇ ਲਟਕਾ ਦਿੱਤਾ।

**ਉਪੱਈਆ ਚਮਾਰ** – 1857 ਅਲੀਗੜ ਕ੍ਰਾਂਤੀ ਦੇ ਪੰਜਾਹ ਸਾਲ ਪਹਿਲਾ 1804 ਵਿਚ ਅੰਗਰੇਜ਼ਾਂ ਖਿਲਾਫ ਬਗਾਵਤ ਸ਼ੁਰੂ ਹੋਈ ਸੀ। ਇਸ ਵੀਰ ਯੋਧੇ ਨੇ ਬੇਗਿਣਤ ਅੰਗਰੇਜ਼ਾਂ ਨੂੰ ਮਾਰ ਮੁਕਾਇਆ ਸੀ। ਨਵਾਬ ਰਨਮੱਸਤ ਖਾਂ ਤੇ ਰੌਸ਼ਨ ਖਾਂ ਨੇ 1804 ਵਿਚ ਵੀ ਅੰਗਰੇਜ਼ਾਂ ਖਿਲਾਫ ਸੰਘਰਸ਼ ਆਰੰਭਿਆ ਸੀ। ਉਪੱਈਆ ਚਮਾਰ ਨੇ ਗਨੌਰੀ ਦੇ ਖਾਲੀ ਕਿਲੇ ਵਿਚ ਬਰੂਦ ਦੀ ਸੁਰੰਗ ਵਿਛਾ ਦਿੱਤੀ ਤੇ ਸੈਂਕੜੇ ਅੰਗਰੇਜ਼ ਮਾਰੇ ਗਏ ਸਨ। ਅਖੀਰ ਅੰਗਰੇਜ਼ਾਂ ਨੇ ਫੜ ਕੇ ਫਾਂਸੀ ਤੇ ਲਟਕਾ ਦਿੱਤਾ। ਅੱਜ ਵੀ ਇਸ ਵੀਰ ਸੂਰਮੇ ਦੀ ਗਾਥਾ ਦੇਸ਼ ਵਿਚ ਗੂੰਜਦੀ ਹੈ।

**ਸੈਨਾਪਤੀ ਭੱਜੂ ਸਿੰਘ ਚਮਾਰ** – ਭੱਜੂ ਸਿੰਘ ਚਮਾਰ ਰਾਜਸਥਾਨ ਦੇ ਰਾਜਾ ਗੁੱਗਾ ਜਾਹਰ

ਵੀਰ ਦਾ ਸੈਨਾਪਤੀ ਸੀ। ਸੈਨਾਪਤੀ ਦੀ ਵੀਰਤਾ ਸਦਕਾ ਹੀ ਰਾਜਾ ਜਾਹਰ ਵੀਰ ਨੇ ਕਈ ਯੁੱਧ ਜਿੱਤੇ ਸਨ। ਭੱਜੂ ਸਿੰਘ ਦੀ ਵੀਰਤਾ ਦੇ ਚਰਚੇ ਚਾਰੇ ਪਾਸੇ ਸਨ। ਉਸ ਤੋਂ ਕੁਝ ਲੋਕ ਖਾਰ ਵੀ ਖਾਂਦੇ ਸਨ ਕਿਉਂਕਿ ਉਹ ਚਮਾਰ ਜਾਤੀ ਵਿਚੋਂ ਸੀ। ਯੁੱਧ ਦੌਰਾਨ ਸੈਨਾਪਤੀ ਭੱਜੂ ਸਿੰਘ ਨਾਲ ਵਿਸ਼ਵਾਸ਼ਘਾਤ ਕਰਕੇ ਉਸ ਦੇ ਸਾਥੀ ਨੇ ਧੌਣ ਧੜ ਤੋਂ ਅਲੱਗ ਕਰ ਦਿੱਤੀ। ਜ਼ਖਮੀ ਅਵਸਥਾ ਵਿਚ ਵੀ ਉਸਨੇ ਵਿਸ਼ਵਾਸ਼ਘਾਤੀ ਨੂੰ ਮਾਰ ਮੁਕਾਇਆ। ਕੁਝ ਦੇਰ ਮਗਰੋਂ ਆਪਣੇ ਆਪ ਸ਼ਹੀਦ ਹੋ ਗਿਆ। ਉਸ ਦੀ ਸਮਾਧੀ ਰਾਜਾ ਜਾਹਰ ਵੀਰ ਦੀ ਸਮਾਧੀ ਕੋਲ ਬਣੀ ਹੋਈ ਹੈ।

**<u>ਹਰੀਆ ਮੋਚੀ</u>** – ਅੰਗਰੇਜ਼ ਸੈਨਾ ਵਿਚ ਜੁੱਤੀਆਂ ਨੂੰ ਪਾਲਿਸ਼ ਕਰਦਾ ਸੀ। ਮੇਰਠ ਵਿਚ ਕ੍ਰਾਂਤੀਕਾਰੀ ਮੰਗਲ ਪਾਂਡੇ ਦਾ ਪ੍ਰੇਰਕ ਬਣਿਆ। ਮੰਗਲ ਪਾਂਡੇ ਨੂੰ ਹਥਿਆਰਾਂ ਤੇ ਲੱਗੀ ਗਾਂ ਤੇ ਸੂਰ ਦੀ ਚਰਬੀ ਬਾਰੇ ਇਸੇ ਹਰੀਆ ਮੋਚੀ ਚਮਾਰ ਨੇ ਗਿਆਨ ਦਿੱਤਾ ਸੀ। ਜਿਸ ਕਾਰਨ ਮੰਗਲ ਪਾਂਡੇ ਨੇ ਕ੍ਰਾਂਤੀ ਦਾ ਬਿਗਲ ਵਜਾ ਦਿੱਤਾ ਸੀ। ਸੂਹ ਲੱਗਣ ਤੇ ਅੰਗਰੇਜ਼ਾਂ ਨੇ ਹਰੀਆ ਮੋਚੀ ਨੂੰ ਸ਼ਹੀਦ ਕਰ ਦਿੱਤਾ ਸੀ।

**<u>ਸ਼ਹੀਦ ਚੇਤਾ ਰਾਮ</u>** – ਅੰਗਰੇਜਾਂ ਦੇ ਖਿਲਾਫ਼ 24 ਮਈ 1857 ਨੂੰ ਬੈਰਕਪੁਰ ਛਾਉਣੀ ਵਿਚ ਕ੍ਰਾਂਤੀ ਭੜਕ ਉੱਠੀ। ਇਸ ਵਿਦਰੋਹ ਦੇ ਵੀਰ ਯੋਧੇ ਚੇਤਰਾਮ ਅਤੇ ਬੱਲੂ ਮੇਹਤਰ ਨੂੰ ਜਿੰਦਾ ਫੜ ਕੇ ਦਰਖ਼ਤ ਤੇ ਉਲਟਾ ਲਟਕਾ ਕੇ ਗੋਲੀ ਮਾਰ ਦਿੱਤੀ। ਇਹ ਦੋਵੇ ਵੀਰ ਯੋਧੇ ਸੈਰੋ ਜਿਲ੍ਹੇ ਦੇ ਚਮਾਰ ਜਾਤੀ ਦੇ ਸਨ।

**<u>ਮੰਗੂ ਰਾਮ ਮੁਗੋਵਾਲੀਆ</u>** – ਆਦਿ ਧਰਮ ਮੰਡਲ ਦੀ ਨੀਂਹ ਰੱਖਣ ਵਾਲੇ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਦਾ ਜਨਮ 14 ਫਰਵਰੀ 1886 ਨੂੰ ਪਿਤਾ ਹਰ ਰਾਮ ਦਾਸ ਜੀ ਦੇ ਘਰ ਹੋਇਆ। ਆਪ ਜੀ ਚਮੜੇ ਦੇ ਵਿਉਪਾਰੀ ਸਨ। ਆਪ ਜੀ ਗ਼ਦਰੀ ਬਾਬਿਆਂ, ਸੋਹਣ ਲਾਲ ਭਕਨਾ ਤੇ ਲਾਲਾ ਹਰਦਿਆਲ ਦੇਸ਼ ਭਗਤਾਂ ਨਾਲ ਚੱਲ ਕੇ ਦੇਸ਼ ਦੀ ਆਜ਼ਾਦੀ ਦੀ ਲੜਾਈ ਲੜੀ। ਆਪ ਜੀ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੀਆਂ ਸਰਗਰਮੀਆਂ ਵਿਚ ਵਿਸ਼ੇਸ਼ ਭੂਮਿਕਾ ਨਿਭਾਉਦੇ ਰਹੇ। ਆਪ ਜੀ ਨੇ ਬਾਅਦ ਵਿਚ ਆਦਿ ਧਰਮ ਮੰਡਲ ਬਣਾਇਆ।

**<u>ਗੁਰਦਾਸ ਰਾਮ ਆਲਮ</u>** – ਗੁਰਦਾਸ ਰਾਮ ਆਲਮ ਜੀ ਦਾ ਜਨਮ 1912 ਨੂੰ ਪਿੰਡ ਬੂੜਾਲਾ ਜਿਲ੍ਹਾ ਜਲੰਧਰ ਵਿਖੇ ਮਾਤਾ ਜੀਉਣੀ ਕੁੱਖੋਂ ਪਿਤਾ ਉਮਰਾ ਰਾਮ ਜੀ ਦੇ ਘਰ ਹੋਇਆ। ਗਰੀਬੀ ਕਾਰਨ ਆਲਮ ਜੀ ਪੜ੍ਹ ਨਹੀਂ ਪਾਏ। ਪੜ੍ਹਨ ਤੇ ਲਿਖਣ ਦੀ ਭੁੱਖ ਨੇ ਆਲਮ ਨੂੰ ਮਹਾਨ ਕਵੀ ਬਣਾ ਦਿੱਤਾ। ਆਲਮ ਆਮ ਲੋਕਾਂ ਦਾ ਕਵੀ ਸੀ। ਆਪ ਦੀਆਂ ਜੇ ਮੈਂ ਮਰ ਗਿਆ, ਅੱਲੇ ਫੱਟ, ਉਡਦੀਆਂ ਧੂੜਾਂ, ਆਪਣਾ ਘਾਸ ਤੇ ਆਲਮ ਕਾਵਿ ਆਦਿ ਦੀ ਰਚਨਾ ਵਿਸ਼ਵ ਪ੍ਰਸਿੱਧ ਰਚਨਾਵਾਂ ਹਨ। ਮਾਨਵਵਾਦੀ ਰਚਨਾ ਮੰਚ ਵਲੋਂ ਅੱਜ ਵੀ ਗੁਰਦਾਸ ਰਾਮ ਆਲਮ ਐਵਾਰਡ ਪ੍ਰਦਾਨ ਕੀਤਾ ਜਾਂਦਾ ਹੈ।

**<u>ਗਿਆਨੀ ਦਿੱਤ ਸਿੰਘ</u>** – 21 ਅਪ੍ਰੈਲ 1850 ਨੂੰ ਪਟਿਆਲਾ ਰਿਆਸਤ ਦੇ ਪਿੰਡ ਨੰਦਪੁਰ ਕਲੌਰ ਵਿਖੇ ਭਾਈ ਦੀਵਾਨ ਸਿੰਘ ਦੇ ਘਰ ਚਮਾਰ ਜਾਤੀ ਵਿਚ ਹੋਇਆ। ਉਹਨਾਂ ਨੇ ਆਰੀਆ ਸਮਾਜੀ ਦਯਾਨੰਦ ਨਾਲ ਵਿਚਾਰਧਾਰਕ ਟੱਕਰ 1889 ਵਿਚ ਲਈ। ਆਪ ਜੀ ਨੇ 52 ਸਾਲ ਦੀ ਉਮਰ ਵਿਚ 53 ਪੁਸਤਕਾਂ ਦੀ ਰਚਨਾਂ ਕੀਤੀ। 6 ਦਸੰਬਰ 1901 ਨੂੰ ਇਸ ਦੁਨੀਆਂ ਤੋਂ ਸਦਾ ਲਈ ਚਲੇ ਗਏ ਪਰ ਲਿਖਤਾਂ ਰਾਂਹੀ ਲੋਕਾਂ ਦੇ ਦਿਲਾਂ ਵਿਚ ਰਹਿਣਗੇ।

**<u>ਚਰਨਦਾਸ ਨਿਧੜਕ</u>** – ਆਪ ਦਾ ਜਨਮ ਕਪੂਰਥਲੇ ਜਿਲ੍ਹੇ ਦੇ ਇਕ ਪਿੰਡ ਚੈੜਾ ਵਿਖੇ



ਹੋਇਆ। ਆਪ ਜੀ ਦੀ ਅਗਵਾਈ ਵਿਚ 101 ਸਾਇਕਲਾਂ ਦਾ ਜਥਾ ਦਿੱਲੀ ਗਿਆ ਤੇ ਪ੍ਰਧਾਨ ਮੰਤਰੀ ਸ਼੍ਰੀ ਲਾਲ ਬਹਾਦਰ ਸ਼ਾਸ਼ਤਰੀ ਨੂੰ ਮੈਮੋਰੰਡਮ ਦਿੱਤਾ ਜਿਸ ਵਿਚ ਦਲਿਤਾਂ ਨੂੰ ਜ਼ਮੀਨਾਂ, ਬੈਕਾਂ ਕੌਮੀ ਕਰਾਉਣ, ਬਾਬਾ ਸਾਹਿਬ ਦਾ ਧਾਰਨੀ, ਮੇਟਾਂ' ਚ ਬੁੱਤ ਲਗਵਾਉਣ, ਗਰੀਬਾਂ ਨੂੰ ਰੁਜ਼ਗਾਰ ਲਈ ਬੈਂਕਾਂ ਤੋਂ ਕਰਜੇ, ਆਈ. ਏ. ਐਸ. ਟ੍ਰੇਨਿੰਗ ਸੈਂਟਰ ਖੋਲਣ ਦੀਆਂ ਮੰਗਾਂ ਸੀ। ਆਪ ਜੀ ਨੇ ਕਈ ਵਾਰ ਜੇਲ ਯਾਤਰਾਵਾਂ ਵੀ ਕੀਤੀਆਂ ਤੇ ਕਈ ਕਵਿਤਾਵਾਂ ਵੀ ਲਿਖੀਆਂ। ਆਪ ਜੀ ਦੀ ਵਿਸ਼ਵ ਪ੍ਰਸਿੱਧ ਪੁਸਤਕ 'ਜੇ ਮੈਂ ਰੱਬ ਹੁੰਦਾ ਤੂੰ ਚਮਾਰ' ਆਪਣੀ ਰਚਨਾ ਸਦਕਾ ਅੱਜ ਵੀ ਲੋਕ ਦਿਲਾਂ ਵਿਚ ਵਸਦੀ ਹੈ।

**<u>ਚਰਨ ਸਿੰਘ ਸਫਰੀ</u>** – ਚਰਨ ਸਿੰਘ ਸਫਰੀ ਜੀ ਦਾ ਜਨਮ ਪਿੰਡ ਬੋਕਲਾ (ਗਰਨਾ ਸਾਹਿਬ) ਵਿਖੇ 1919 ਨੂੰ ਪਿਤਾ ਸ਼੍ਰੀ ਲਾਭ ਸਿੰਘ ਜੀ ਤੇ ਮਾਤਾ ਸ਼੍ਰੀਮਤੀ ਇਦੀ ਜੀ ਦੇ ਗ੍ਰਹਿ ਵਿਖੇ ਹੋਇਆ। ਬਚਪਨ ਤੋਂ ਹੀ ਚਰਨ ਸਿੰਘ ਸਫਰੀ ਜੀ ਨੂੰ ਲਿਖਣ ਦਾ ਸ਼ੌਕ ਸੀ। ਇਸੇ ਸ਼ੌਕ ਨੇ ਸਮਾਜ ਨੂੰ ਉਹਨਾਂ ਦੀਆਂ ਕਈ ਪੁਸਤਕਾਂ ਦਿਵਾਈਆਂ। ਉਹਨਾਂ ਦੀਆਂ ਸੇਵਾਵਾਂ ਤੋਂ ਪ੍ਰਭਾਵਿਤ ਹੋ ਕੇ ਐਮ. ਕੇ ਚੌਧਰੀ ਗਵਰਨਰ ਪੰਜਾਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, ਖਾਲਸਾ ਐਸਟੋਰੀਓ ਦਰਬਾਰ ਕਨੇਡਾ, ਸ਼੍ਰੀ ਗੁਰੂ ਰਵਿਦਾਸ ਸੇਵਕ ਸਭਾ ਸਾਊਥਹਾਲ, ਬੇਅੰਤ ਸਿੰਘ ਮੁੱਖ ਮੰਤਰੀ ਪੰਜਾਬ, ਪ੍ਰੋ. ਮੋਹਨ ਸਿੰਘ ਯਾਦਗਾਰ ਕਮੇਟੀ ਲੁਧਿਆਣਾ, ਪੰਜਾਬੀ ਸਾਹਿਤ ਸਭਾ ਜੀਰਾ, ਰਜਬ ਅਲੀ ਐਵਾਰਡ, ਪੰਜਾਬੀ ਸਾਹਿਤ ਸਭਾ ਲਾਂਦੜਾ, ਸ਼ਹੀਦ ਭਗਤ ਸਿੰਘ ਰਾਸ਼ਟਰੀ ਏਕਤਾ ਐਵਾਰਡ ਤੇ ਡੇਰਾ ਸੰਤ ਸਰਵਣ ਦਾਸ ਜੀ ਸੱਚਖੰਡ ਬੱਲਾਂ ਦੁਆਰਾ ਆਪ ਜੀ ਨੂੰ ਸਨਮਾਨਿਤ ਕੀਤਾ ਗਿਆ। ਅੱਜ ਭਾਵੇਂ ਸਰੀਰਕ ਰੂਪ ਵਿਚ ਆਪ ਸੰਸਾਰ ਵਿਚ ਨਹੀਂ ਹੋ ਪਰ ਉਹਨਾਂ ਦੀਆਂ ਸਾਹਿਤਕ ਕਿਰਤਾ ਸਦਕਾ ਉਹ ਅੱਜ ਇੱਥੇ ਹੀ ਹਨ।

**<u>ਲਾਲ ਸਿੰਘ ਦਿਲ</u>** – 11 ਅਪ੍ਰੈਲ 1943 ਨੂੰ ਲਾਲ ਸਿੰਘ ਦਿਲ ਦਾ ਜਨਮ ਨਾਨਕੇ ਪਿੰਡ ਘੁੰਗਰਾਲੀ ਹੋਇਆ। ਪਿਤਾ ਰੌਣਕੀ ਰਾਮ ਜੀ ਤੇ ਮਾਤਾ ਸ਼੍ਰੀਮਤੀ ਚਿੰਤੀ ਜੀ ਦੇ ਘਰ ਹੋਇਆ। ਆਪ ਜੀ ਮਿਹਨਤ ਮਜ਼ਦੂਰੀ ਕਰਦਿਆਂ ਮਣਾ ਮੂੰਹੀ ਸਾਹਿਤ ਸਿਰਜਣਾ ਕਰ ਗਏ। ਸਤਲੁਜ ਦੀ ਹਵਾ, ਬਹੁਤ ਸਾਰੇ ਸੂਰਜ ਪੱਥਰ, ਨਾਗਲੋਕ, ਆਤਮ ਕਥਾ, ਦਾਸਤਾਨ ਕਿਤਾਬਾਂ ਦੀ ਰਚਨਾ ਕਰਕੇ ਆਪਣੀ ਸ਼ਾਇਰੀ ਦਾ ਲੋਹਾ ਮਨਵਾਇਆ। ਆਪ ਨੂੰ ਕਈ ਮਾਨਸਿਕ ਤੇ ਸਰੀਰਕ ਸੱਟਾਂ ਨੇ ਬੇਮਿਸਾਲ ਸ਼ਾਇਰ ਬਣਾਇਆ।

**<u>ਕਵੀ ਮੰਗੂ ਰਾਮ ਬਾਹੜੋਵਾਲੀਆ</u>** - ਆਪ ਜੀ ਦਾ ਜਨਮ 1872 ਈ: ਨੂੰ ਪਿੰਡ ਬਾਹੜੋਵਾਲ ਨਵਾਸ਼ਹਿਰ ਵਿਖੇ ਹੋਇਆ। ਕਵੀ ਮੰਗੂ ਰਾਮ ਜੀ ਨੇ ਬੜੇ ਜ਼ੋਰ ਸ਼ੋਰ ਨਾਲ ਗੁਰੂ ਰਵਿਦਾਸ ਜੀ ਦਾ ਪ੍ਰਚਾਰ ਕੀਤਾ। ਆਪ ਜੀ ਨੇ ਸਤਿਗੁਰੂ ਰਵਿਦਾਸ ਜੀ ਦਾ ਜੀਵਨ ਕਿੱਸਾ ਕਾਵਿ ਵਿਚ ਲਿਖਿਆ ਸੀ ਤੇ ਇਹ ਸਿੱਧ ਕਰ ਦਿੱਤਾ ਉਹ ਆਪਣੇ ਸਮੇਂ ਦੇ ਵੱਡੇ ਕਿੱਸਾਕਾਰ ਸਨ।

**<u>ਸਵਰਗੀ ਮੋਹਣ ਬੰਗੜ ਜੀ</u>** –

ਮੈਂ ਹਰ ਵੇਲੇ ਸਦਾ ਏਹੀ ਮੰਗਦਾ ਹਾਂ ਮੇਰੀ ਕੌਮ ਤੇ ਸਦਾ ਬਹਾਰ ਰਹੇ।
ਮੇਰੇ ਸ਼ੇਰੇ ਮੇਰੇ ਜਵਾਨਾਂ ਦਾ ਸਿਰ ਉੱਚਾ ਵਿਚ ਸੰਸਾਰ ਰਹੇ।

ਪਿੰਡ ਸ਼ਾਮ ਚੁਰਾਸੀ ਜਿਲ੍ਹਾਂ ਹੁਸ਼ਿਆਰਪੁਰ ਦੇ ਪਿੰਡ ਰਾਏਪੁਰ ਦਾ ਜੰਮਪਲ ਗਾਇਕ

ਮੋਹਣ ਬੰਗੜ ਮਿਸ਼ਨਰੀ ਗੀਤਾ ਨਾਲ ਇਸ ਖੇਤਰ ਵਿਚ ਆਏ। ਉਸ ਨੇ ਆਪਣੀ ਗਾਇਕੀ ਦਾ ਲੋਹਾ ਮਨਵਾਇਆ। ਮੋਹਣ ਬੰਗੜ ਜੀ ਨੇ ਜਗਤਗੁਰੂ ਰਵਿਦਾਸ ਜੀ ਤੇ ਪਰਮ ਪੂਜਨੀਕ ਬਾਬਾ ਸਾਹਿਬ ਦੇ ਮਿਸ਼ਨ ਨੂੰ ਲੈ ਕੇ ਤੁਰੇ। ਸਾਹਿਬ ਸ੍ਰੀ ਕਾਸ਼ੀ ਰਾਮ ਜੀ ਦੇ ਦਰਸਾਏ ਰਾਹ ਤੇ ਚੱਲ ਕੇ ਮਿਸ਼ਨ ਦਾ ਪ੍ਰਚਾਰ ਕੀਤਾ। ਮੋਹਨ ਬੰਗੜ ਜੀ ਨੂੰ ਡੇਰਾ ਸੰਤ ਸਰਵਣ ਦਾਸ ਸੱਚਖੰਡ ਬੱਲਾਂ ਦੁਆਰਾ ਆਸ਼ਰੀਵਾਦ ਦਿੱਤਾ ਤੇ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ। ਇਕ ਦਿਨ ਅਚਾਨਕ ਦਿਲ ਦਾ ਦੌਰਾ ਪੈਣ ਕਰਕੇ ਉਹ ਸਦਾ ਲਈ ਸਾਥੋਂ ਵਿਛੜ ਗਿਆ। ਸ਼ੇਰਾ ਵਰਗੀ ਗਰਜ ਜਿਸ ਨੇ ਸੁਣੀ ਹੋਵੇਗੀ ਉਸਦਾ ਲਹੂ ਤਾਂ ਖੌਲਦਾ ਰਹੇਗਾ। ਸਤਿਗੁਰੂ ਰਵਿਦਾਸ ਜੀ ਤੇ ਬਾਬਾ ਸਾਹਿਬ ਦੇ ਮਿਸ਼ਨ ਤੇ ਪਹਿਰਾ ਦਿੰਦਾ ਰਹੇਗਾ।

**ਬਾਬੂ ਜਗਜੀਵਨ ਰਾਮ** – ਆਪ ਜੀ ਦਾ ਜਨਮ 5 ਅਪ੍ਰੈਲ 1908 ਨੂੰ ਹੋਇਆ। ਆਪ ਜੀ ਨੇ ਕਲਕੱਤਾ ਵਿਸ਼ਵ ਵਿਦਿਆਲਿਆ ਤੋਂ ਬੀ. ਐਸ. ਸੀ ਤੇ ਬਨਾਰਸ ਹਿੰਦੂ ਯੂਨੀਵਰਸਿਟੀ ਤੋਂ ਐਮ. ਐਸ. ਸੀ. ਕੀਤੀ। 1936 ਵਿਚ ਬਿਹਾਰ ਵਿਧਾਨ ਸਭਾ ਤੋਂ ਚੁਣੇ ਗਏ। ਆਪ ਜੀ ਉਪ ਪ੍ਰਧਾਨ ਮੰਤਰੀ, ਰੇਲਵੇ ਮੰਤਰੀ, ਖੇਤੀਬਾੜੀ ਮੰਤਰੀ, ਰੱਖਿਆ ਮੰਤਰੀ ਅਹੁਦਿਆ ਤੇ ਰਹੇ। ਆਪ ਜੀ ਦਾ 6 ਜੁਲਾਈ 1986 ਨੂੰ ਦਿਹਾਂਤ ਹੋ ਗਿਆ।

**ਸਾਹਿਬ ਸ੍ਰੀ ਕਾਸ਼ੀ ਰਾਮ ਜੀ** – ਆਪ ਜੀ ਦਾ ਜਨਮ ਰੋਪੜ ਜਿਲ੍ਹੇ ਦੇ ਪਿੰਡ ਖਵਾਸਪੁਰੇ ਵਿਚ ਹੋਇਆ। 15 ਮਾਰਚ 1934 ਨੂੰ ਪਿਤਾ ਸ੍ਰੀ ਹਰੀ ਸਿੰਘ ਜੀ ਤੇ ਮਾਤਾ ਸ੍ਰੀਮਤੀ ਬਿਸ਼ਨ ਕੌਰ ਜੀ ਦੇ ਘਰ ਚਮਾਰ ਜਾਤੀ ਵਿਚ ਹੋਇਆ। 1956 ਵਿਚ ਆਪ ਜੀ ਨੇ ਬੀ. ਐਸ. ਸੀ ਕਰਕੇ 1957 ਵਿਚ 'ਸਰਵੇ ਆਫ ਇੰਡੀਆ' ਵਿਚ ਨੌਕਰੀ ਕੀਤੀ। ਉਹਨਾਂ ਰੱਖਿਅਕ ਵਿਗਿਆਨ ਅਤੇ ਰਿਸਰਚ ਵਿਕਾਸ ਸੰਗਠਨ ਦੀ ਪ੍ਰਤੀਯੋਗਤਾ ਵੀ ਪਾਸ ਕੀਤੀ। ਬਾਬਾ ਸਾਹਿਬ ਜੀ ਦੇ ਜਨਮ ਦਿਨ ਦੀ ਛੁੱਟੀ ਨੂੰ ਲੈ ਕੇ ਆਪ ਨੇ ਨੌਕਰੀ ਤੋਂ ਤਿਆਗ ਪੱਤਰ ਦੇ ਦਿੱਤਾ ਅਤੇ ਬਾਬਾ ਸਾਹਿਬ ਦੇ ਮਿਸ਼ਨ ਤੇ ਚੱਲ ਪਏ। ਆਪ ਜੀ ਆਰ. ਪੀ. ਆਈ ਵਿਚ ਕੰਮ ਕਰਦੇ ਰਹੇ। ਪਰ ਆਪ ਜੀ ਅੰਬੇਡਕਰ ਮਿਸ਼ਨ ਗਹਿਰਾਈ 'ਚ ਸਮਝਣ ਕਾਰਣ ਆਪਣੇ ਤਰੀਕੇ ਨਾਲ ਚਲਾਉਣਾ ਚਾਹੁੰਦੇ ਸਨ। 6 ਦਸੰਬਰ 1973 ਨੂੰ ਬਾਮਸੇਠ ਕਰਮਚਾਰੀ ਸੰਗਠਨ ਬਣਾਇਆ। ਬਾਮਸੇਫ ਦੇ ਮਾਧਿਅਮ ਤੋਂ 6 ਦਸੰਬਰ 1981 ਨੂੰ ਡੀ. ਐਸ. ਫੋਰਸ ਬਣਾ ਕੇ ਦੇਸ਼ ਭਰ ਵਿਚ ਕ੍ਰਾਂਤੀਕਾਰੀ ਜਨ ਚੇਤਨਾ ਮਾਰਚ ਕੱਢੇ। ਅੰਤ ਆਪ ਜੀ ਨੇ ਰਾਜਨੀਤਿਕ ਸਰਗਰਮੀਆਂ ਬੇਹੱਦ ਜ਼ਰੂਰੀ ਸਮਝ ਕੇ ਬਹੁਜਨ ਸਮਾਜ ਪਾਰਟੀ 14 ਅਪ੍ਰੈਲ 1984 ਨੂੰ ਬਣਾਈ। 'ਚਮਚਾ ਯੁੱਗਾਂ' ਬਾਮਸੇਫ ਨਾਮ ਦੀਆਂ ਦੋ ਕਿਤਾਬਾਂ ਵੀ ਲਿਖੀਆਂ। ਆਪ ਜੀ ਦੇ ਭਾਸ਼ਣਾ ਦੀਆਂ ਜਿਲਦਾਂ ਵੀ ਪ੍ਰਕਾਸ਼ਿਤ ਹੋਈਆ ਹਨ। ਅੰਤ ਆਪ ਜੀ ਆਪਣੀ ਰਾਜਨੀਤਿਕ ਵਾਰਿਸ ਭੈਣ ਕੁਮਾਰੀ ਮਾਇਆਵਤੀ ਜੀ ਨੂੰ ਬਣਾ ਕੇ ਘੋਰ ਤਪੱਸਿਆ ਕਰਦੇ ਹੋਏ 9 ਅਕਤੂਬਰ 2006 ਨੂੰ ਸਦਾ ਲਈ ਸਰੀਰਕ ਰੂਪ ਵਿਚ ਵਿਛੜ ਗਏ, ਪਰ ਆਪਣੇ ਵਿਚਾਰਾਂ ਰਾਹੀਂ ਸਾਡਾ ਮਾਰਗ ਦਰਸ਼ਨ ਕਰਦੇ ਰਹਿਣਗੇ।

**ਭੈਣ ਕੁਮਾਰੀ ਮਾਇਆਵਤੀ ਜੀ** – 15 ਜਨਵਰੀ 1956 ਨੂੰ ਆਪ ਦਾ ਜਨਮ ਚਮਾਰ ਜਾਤੀ ਵਿਚ ਪ੍ਰਭੂ ਦਿਆਲ ਦੇ ਘਰ ਮਾਤਾ ਸ੍ਰੀਮਤੀ ਵਿਦਿਆਵਤੀ ਦੀ ਕੁੱਖੋਂ ਹੋਇਆ। ਬੀ. ਏ. ਪਾਸ ਕਰਨ ਉਪਰੰਤ ਕਾਨੂੰਨ ਦੀ ਡਿਗਰੀ ਐਲ. ਐਲ. ਬੀ. 1980 ਵਿਚ ਪਾਸ ਕੀਤੀ। ਸਾਹਿਬ ਸ੍ਰੀ ਕਾਸ਼ੀ ਰਾਮ ਜੀ ਦੇ ਸੰਪਰਕ ਵਿਚ ਆਉਣ ਮਗਰੋਂ ਆਪ ਜੀ ਪੂਰੀ ਜ਼ਿੰਦਗੀ ਪਰਿਵਾਰਕ ਰਿਸ਼ਤਿਆਂ ਦੂਰ ਰਹਿ ਕੇ ਬਹੁਜਨ ਸਮਾਜ ਦੀ ਸੇਵਾ



ਕਰਨ ਦੀ ਸਹੁੰ ਖਾਧੀ। ਅੱਜ ਆਪ ਜੀ ਸਾਹਿਬ ਕਾਸ਼ੀ ਰਾਮ ਜੀ ਦੇ ਦਰਸਾਏ ਮਾਰਗ ਤੇ ਚੱਲਦਿਆਂ ਬਹੁਜਨ ਸਮਾਜ ਪਾਰਟੀ ਦੇ ਵਿਕਾਸ ਲਈ ਹਰ ਪਲ ਮੋਹਰੀ ਭੂਮਿਕਾ ਨਿਭਾ ਰਹੇ ਹਨ। ਯਾਦ ਰਹੇ ਸਾਹਿਬ ਸ੍ਰੀ ਕਾਸ਼ੀ ਰਾਮ ਜੀ ਨੇ ਆਪ ਜੀ ਨੂੰ ਰਾਜਨੀਤਿਕ ਵਾਰਿਸ ਐਲਾਨ ਕੀਤਾ ਸੀ। ਅੱਜ ਆਪ ਉੱਤਰ ਪ੍ਰਦੇਸ਼ ਦੀ ਮੁੱਖ ਮੰਤਰੀ ਦੀ ਕੁਰਸੀ ਤੇ ਬਿਰਾਜਮਾਨ ਹੋ ਤੇ ਸਰਬਜਨਕ ਹਿੱਤਾਂ ਦੀਆਂ ਨੀਤੀਆਂ ਤੇ ਆਪਣੀ ਸਰਕਾਰ ਚਲਾ ਰਹੀ ਹੈ। ਆਪ ਜੀ ਦੀ ਸਰਕਾਰ ਦੁਆਰਾ ਦਲਿਤਾਂ ਦੇ ਵਿਕਾਸ, ਗਰੀਬਾਂ ਦੇ ਭਲੇ ਹਿੱਤ, ਮਹਾਂਪੁਰਸ਼ਾਂ ਦੇ ਸਨਮਾਨ ਹਿਤ ਸਮੇਂ ਸਮੇਂ ਯੋਜਨਾਵਾਂ ਬਣਾਈਆਂ ਜਾਂਦੀਆਂ ਹਨ। ਡਾ. ਅੰਬੇਡਕਰ ਜੀ, ਸਤਿਗੁਰੂ ਰਵਿਦਾਸ ਜੀ, ਸਤਿਗੁਰੂ ਕਬੀਰ ਜੀ, ਸਾਹਿਬ ਸ੍ਰੀ ਕਾਸ਼ੀ ਰਾਮ ਜੀ, ਮਹਾਤਮਾ ਜੋਤੀ ਰਾਓ ਫੂਲੇ ਜੀ, ਤਥਾਗਤ ਗੌਤਮ ਜੀ ਦੇ ਯਾਦਗਾਰੀ ਸਮਾਰਕਾ ਦਾ ਨਿਰਮਾਣ ਕੀਤਾ। ਅੱਜ ਉਹ ਆਪਣੀ ਸਰਕਾਰ ਦੀਆਂ ਨੀਤੀਆਂ ਤਹਿਤ ਅਨੇਕਾਂ ਦੇਸ਼ ਭਲਾਈ ਦੇ ਕਾਰਜ ਕਰ ਰਹੀ ਹੈ। ਮਾਇਆਵਤੀ ਜੀ ਨੇ 'ਬਹੁਜਨ ਸਮਾਜ ਤੇ ਉਸ ਦੀ ਰਾਜਨੀਤੀ' ਅਤੇ ਹੋਰ ਬਹੁਤ ਸਾਰੀਆਂ ਲਿਖਤਾਂ ਲਿਖੀਆਂ ਹਨ। ਜਿਹਨਾਂ ਵਿਚੋਂ ਉਸ ਦੀ ਦੂਰ ਅੰਦੇਸ਼ੀ- ਸੋਚ ਝਲਕਦੀ ਹੈ। ਸਮਾਜ ਨੂੰ ਹੋਰ ਉਚੇਰਾ ਲਿਜਾਣ ਲਈ ਤਤਪਰ ਹੈ।

**ਪਾਲ ਬਲਕਾਰ ਬਾਲੂ** - ਪੀ ਬਾਲੂ ਦਾ ਜਨਮ 1875 ਈ: ਧੜਵਾੜ ਕਰਨਾਟਕਾ ਦੀ ਮਹਾਨ ਚਮਾਰ ਜਾਤੀ ਵਿੱਚ ਹੋਇਆ। ਪੀ ਬਾਲੂ ਭਾਰਤੀ ਕ੍ਰਿਕਟ ਟੀਮ ਦਾ ਹੋਣਹਾਰ ਖਿਡਾਰੀ ਸੀ। ਉਸਦੀ ਖੇਡ ਦੇ ਚਰਚੇ ਦੂਰ-ਦੂਰ ਤੱਕ ਸਨ। ਪਹਿਲਾਂ ਪਹਿਲ ਕ੍ਰਿਕਟ ਟੀਮ ਵਿੱਚ ਆਪ ਜੀ ਨੂੰ ਚਮਾਰ ਹੋਣ ਕਰਕੇ ਨਜ਼ਰ ਚ' ਨਹੀਂ ਸੀ ਰੱਖਿਆ ਜਾਂਦਾ ਕਿਉਂਕਿ ਪੀ ਬਾਲੂ ਬਹੁਤ ਚੰਗਾ ਗੇਂਦਬਾਜ ਸੀ। ਕਈ ਬ੍ਰਾਹਮਣ ਖਿਡਾਰੀ ਆਪ ਜੀ ਨਾਲ ਚੰਗਾ ਸਲੂਕ ਨਹੀਂ ਸਨ ਕਰਦੇ। ਮਿਹਨਤ ਅਤੇ ਯੋਗਤਾ ਦੇ ਆਧਾਰ ਤੇ ਆਪ ਜੀ ਦਾ ਕਪਤਾਨ ਬਨਣਾ ਤੈਅ ਸੀ ਪਰ ਜਾਤੀ ਆਧਾਰਿਤ ਸੋਚ ਤੇ ਇੱਕ ਬ੍ਰਾਹਮਣ ਡੀ. ਵੀ. ਦਿਓਕਰ ਨੂੰ ਟੀਮ ਦਾ ਕਪਤਾਨ ਚੁਣ ਲਿਆ ਗਿਆ। ਰੋਸ ਵਜੋਂ ਆਪ ਟੀਮ ਤੋਂ ਬਾਹਰ ਹੋ ਗਏ। ਨਤੀਜੇ ਵਜੋਂ ਖੇਡ ਪ੍ਰੇਮੀਆਂ ਨੇ ਮੁਜ਼ਾਹਰੇ ਕੀਤੇ ਜਿਸ ਦੇ ਸਿੱਟੇ ਵਜੋਂ 1920 ਈ: ਵਿੱਚ ਆਪ ਨੂੰ ਟੀਮ ਦਾ ਕਪਤਾਨ ਚੁਣ ਲਿਆਂ ਗਿਆ। 1923 ਈ: ਵਿੱਚ ਬਿੱਠਲ (ਜੋ ਪੀ. ਬਾਲੂ ਦਾ ਛੋਟਾ ਭਰਾ ਸੀ) ਨੂੰ ਕਪਤਾਨ ਚੁਣ ਲਿਆ ਗਿਆ। ਦੋਨਾਂ ਭਰਾਵਾਂ ਨੇ ਯੂਰਪੀਅਨ ਟੀਮ ਨਾਲ ਕਈ ਮੈਚ ਖੇਡੇ ਅਤੇ ਜਿੱਤੇ। ਬੰਗਲੌਰ ਦਾ ਇੱਕ ਸਮਾਜ ਸ਼ਾਸ਼ਤਰੀ ਲਿਖਦਾ ਹੈ ਕਿ 'ਪੀ. ਬਾਲੂ ਨੂੰ ਡਬਲਿਯੂ ਜੀ. ਗ੍ਰੇਸ ਦੇ ਬਰਾਬਰ ਦੱਸਿਆ ਕਿ ਜਿਸ ਨੇ ਭਾਰਤੀ ਕ੍ਰਿਕਟ ਟੀਮ ਦਾ ਵਿਕਾਸ ਕੀਤਾ। ਜਿਸਨੂੰ ਭੁਲਾਉਣਾ ਅਸੰਭਵ ਹੈ। 29 ਜਨਵਰੀ 1932 ਡਾ. ਅੰਬੇਡਕਰ ਜੀ ਅਤੇ ਮਹਾਤਮਾ ਗਾਂਧੀ ਵਿੱਚ ਵੱਖਰੀ ਚੋਣ ਪ੍ਰਣਾਲੀ ਦੀ ਲੜਾਈ ਚੱਲ ਰਹੀ ਸੀ ਉਸ ਸਮੇਂ ਪੀ. ਬਾਲੂ ਬਾਬਾ ਸਹਿਬ ਅੰਬੇਡਕਰ ਦੇ ਸਮਰਥਨ ਵਿੱਚ ਨਿਤਰੇ ਸਨ। ਪੂਨਾ ਪੈਕਟ ਉੱਤੇ ਡਾ. ਅੰਬੇਡਕਰ ਜੀ ਦੇ ਨਾਲ ਪੀ ਬਾਲੂ ਨੇ ਵੀ ਦਸਤਖ਼ਤ ਕੀਤੇ ਸਨ। 1956 ਈ: ਨੂੰ ਪੀ. ਬਾਲੂ ਸਰੀਰਕ ਰੂਪ ਵਿੱਚ ਨਹੀਂ ਰਹੇ ਪਰ ਕ੍ਰਿਕਟ ਦੇ ਵਿੱਚ ਯੋਗਦਾਨ ਤੇ ਸਦਾ ਹੀ ਖੇਡ ਪ੍ਰੇਮੀਆ ਨੂੰ ਮਾਣ ਰਹੇਗਾ।

**ਚੋਰਾ ਚੋਰੀ ਕਾਂਡ ਅਤੇ ਸ਼ਹੀਦ ਰਾਮਪਤ** – ਚੋਰਾ ਚੋਰੀ ਪਿੰਡ ਗੋਰਖਪੁਰ ਦੇ ਚੋਰਾ ਚੋਰੀ ਕਾਂਡ ਦਾ ਨਾਇਕ ਰਾਮਪਤ ਚਮਾਰ ਸੀ। 2 ਫਰਵਰੀ 1922 ਨੂੰ ਪੁਲਿਸ ਦੇ ਅਤਿਆਚਾਰਾਂ ਵਿਰੁੱਧ ਥਾਣੇ ਵਿਚ ਵਾਪਰਿਆ ਸੀ। ਪੁਲਿਸ ਨੇ ਅਹੀਰ ਭਗਵਾਨ ਦਾਸ ਨੂੰ ਗਾਲੀ ਗਲੋਚ ਕਰਕੇ ਲਾਠੀਆਂ ਨਾਲ ਕੁਟਿਆ ਸੀ। ਇਸ ਦੇ ਵਿਰੁੱਧ ਰਾਮਪਤ ਨੇ

ਇਕ ਹਫਤੇ ਦੀ ਹੜਤਾਲ ਕਰਕੇ ਬਾਜ਼ਾਰ ਬੰਦ ਕਰਵਾਏ। 5 ਫਰਵਰੀ 1922 ਨੂੰ ਐਲਾਨ ਕੀਤਾ। ਰਾਮਪਤ ਦੀ ਅਗਵਾਈ ਵਿਚ 5 ਹਜ਼ਾਰ ਚਮਾਰ ਭਾਈਚਾਰਾ ਦੇ ਲੋਕ ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਲਾਉਂਦੇ ਚੋਰਾ ਚੋਰੀ ਥਾਣੇ ਵਿਚ ਗਏ ਤੇ ਪੁਲਿਸ ਨੇ ਭੀੜ ਤੇ ਗੋਲੀ ਚਲਾ ਦਿੱਤੀ। ਅੰਦੋਲਨਕਾਰੀਆਂ ਨੇ ਕ੍ਰੋਧ ਵਿਚ ਆ ਕੇ ਥਾਣੇ ਨੂੰ ਅੱਗ ਲਾ ਦਿੱਤੀ। 23 ਅੰਗਰੇਜ਼ ਪੁਲਿਸ ਕਰਮਚਾਰੀਆਂ ਨੂੰ ਅੱਗ ਵਿਚ ਝੁਲਸਣਾ ਪਿਆ। ਮਹਾਤਮਾ ਗਾਂਧੀ ਨੇ ਪਹਿਲਾਂ ਅੰਦੋਲਨ ਦਾ ਸਾਥ ਦਿੱਤਾ ਤੇ ਜਦੋਂ ਪਤਾ ਲੱਗਿਆ ਕਿ ਇਸ ਦੀ ਅਗਵਾਈ ਇਕ ਚਮਾਰ ਕਰ ਰਿਹਾ ਹੈ ਤਾਂ ਉਸ ਨੇ ਆਪਣਾ ਅੰਦੋਲਨ ਵਾਪਿਸ ਲੈ ਲਿਆ ਤੇ ਅੰਗਰੇਜ਼ਾਂ ਦਾ ਸਾਥ ਦਿੱਤਾ। ਇਸ ਕਾਂਡ ਵਿਚ 272 ਅੰਦੋਲਨਕਾਰੀਆਂ ਦੇ ਚਲਾਣ ਹੋਏ, 19 ਨੂੰ ਫਾਂਸੀ ਦੀ ਸਜ਼ਾ, 14 ਨੂੰ ਉਮਰ ਕੈਦ ਤੇ ਬਾਕੀਆਂ ਨੂੰ 8-8, 5-5, 3-3 ਸਾਲ ਦੀ ਸਜ਼ਾ ਹੋਈ। ਰਾਮਪਤ ਨੂੰ 19 ਵਿਅਕਤੀਆਂ ਨਾਲ ਫਾਂਸੀ ਦੀ ਸਜ਼ਾ ਸੁਣਾਈ ਗਈ। 1947 ਤੋਂ ਬਾਅਦ ਇਸ ਘਟਨਾ ਦੇ ਸਬੂਤ ਮਿਟਾਉਣ ਸੀ ਨਾਪਾਕ ਕੋਸ਼ਿਸ਼ ਕੀਤੀ ਗਈ।

**ਚੋਰਾ- ਚੋਰੀ ਕਾਂਡ ਦੇ ਕੁਝ ਕ੍ਰਾਂਤੀ ਵੀਰ** - ਅਮਰ ਸ਼ਹੀਦ ਸੰਮਪਤ ਚਮਾਰ (ਫ਼ਾਂਸੀ), ਕ੍ਰਾਂਤੀਵੀਰ ਆਯੋਧਿਆ ਚਮਾਰ (ਅੱਠ ਸਾਲ ਦੀ ਸਜ਼ਾ), ਕੱਲੂ ਚਮਾਰ (ਪੰਹ ਸਾਲ ਦੀ ਸਖ਼ਤ ਸਜ਼ਾ), ਕ੍ਰਾਂਤੀਵੀਰ ਸ਼੍ਰੀ ਗਰੀਬ ਚਮਾਰ (ਪੰਜ ਸਾਲ ਦੀ ਕਰੜੀ ਸਜ਼ਾ), ਕ੍ਰਾਂਤੀਵੀਰ ਨੋਹਰ ਚਮਾਰ (ਛੇ ਸਾਲ ਦੀ ਕਰੜੀ ਸਜ਼ਾ), ਕ੍ਰਾਂਤੀਵੀਰ ਫਲਈ ਚਮਾਰ (ਪੰਜ ਸਾਲ ਦੀ ਸਜ਼ਾ), ਕ੍ਰਾਂਤੀਵੀਰ ਬਿਰਜਾ ਚਮਾਰ (ਪੰਜ ਸਾਲ ਦੀ ਕੈਦ), ਕ੍ਰਾਂਤੀਵੀਰ ਮੰਡੀ ਚਮਾਰ (ਪੰਜ ਸਾਲ ਦੀ ਕੈਦ), ਕ੍ਰਾਂਤੀਵੀਰ ਮੇੜਈ ਚਮਾਰ (ਪੰਜ ਸਾਲ ਦੀ ਕੈਦ), ਕ੍ਰਾਂਤੀਵੀਰ ਮਿਠਾਈ ਚਮਾਰ (ਤਿੰਨ ਸਾਲ ਦੀ ਕੈਦ), ਕ੍ਰਾਂਤੀਵੀਰ ਮੱਖੂ ਚਮਾਰ (ਤਿੰਨ ਸਾਲ ਦੀ ਕੈਦ), ਕ੍ਰਾਂਤੀਵੀਰ ਦੁਰਜਨ ਚਮਾਰ (ਸੱਤ ਸਾਲ ਦੀ ਕੈਦ), ਕ੍ਰਾਂਤੀਵੀਰ ਰਾਮ ਪ੍ਰਸਾਦ ਚਮਾਰ (ਦੋ ਮਹੀਨੇ ਦੀ ਕੈਦ), ਕ੍ਰਾਂਤੀਵੀਰ ਸੂਰਜ ਨਰਾਇਣ ਚਮਾਰ (ਇੱਕ ਸਾਲ ਦੀ ਕੈਦ ਤੇ 100 ਰੁਪਏ ਜੁਰਮਾਨਾ), ਕ੍ਰਾਂਤੀਵੀਰ ਸੀਤਾ ਰਾਮ ਚਮਾਰ (ਨੋ ਮਹੀਨੇ ਦੀ ਕੈਦ ਤੇ 100 ਰੁਪਏ ਜੁਰਮਾਨਾ), ਕ੍ਰਾਂਤੀਵੀਰ ਸੀਤਾ ਰਾਮ ਚਮਾਰ (ਨੋ ਮਹੀਨੇ ਦੀ ਕੈਦ ਤੇ 150 ਰੁਪਏ ਜੁਰਮਾਨਾ), ਕ੍ਰਾਂਤੀਵੀਰ ਯੋਧਾ ਸਿੰਘ ਚਮਾਰ (ਤਿੰਨ ਮਹੀਨੇ ਦੀ ਸਖ਼ਤ ਸਜ਼ਾ), ਕ੍ਰਾਂਤੀਵੀਰ ਰਘੂਬਰ ਚਮਾਰ (ਚਾਰ ਮਹੀਨੇ ਦੀ ਕੈਦ), ਕ੍ਰਾਂਤੀਵੀਰ ਰਾਮ ਦੁਲਾਰੇ ਚਮਾਰ (ਇੱਕ ਮਹੀਨੇ ਦੀ ਕੈਦ ਤੇ 20 ਰੁਪਏ ਜੁਰਮਾਨਾ), ਕ੍ਰਾਂਤੀਵੀਰ ਪੂਰਨ ਮੱਲ ਜਾਦਵ (ਛੇ ਮਹੀਨੇ ਦੀ ਕੈਦ ਤੇ 200 ਰੁਪਏ ਜੁਰਮਾਨਾ), ਕ੍ਰਾਂਤੀਵੀਰ ਚਿਲੂ ਚਮਾਰ (ਤਿੰਨ ਮਹੀਨੇ ਦੀ ਸਜ਼ਾ ਤੇ 50 ਰੁਪਏ ਜੁਰਮਾਨਾ), ਕ੍ਰਾਂਤੀਵੀਰ ਡੱਬਲ ਰੇਦਾਸੀ (ਇੱਕ ਸਾਲ ਦੀ ਕੈਦ), ਕ੍ਰਾਂਤੀਵੀਰ ਭਭੂਤ ਚਮਾਰ (ਛੇ ਮਹੀਨੇ ਦੀ ਸਜ਼ਾ ਤੇ 50 ਰੁਪਏ ਜੁਰਮਾਨਾ), ਕ੍ਰਾਂਤੀਵੀਰ ਆਯੋਧਿਆ ਚਮਾਰ (ਨੋ ਮਹੀਨੇ ਦੀ ਸਜ਼ਾ ਤੇ 50 ਰੁਪਏ ਜੁਰਮਾਨਾ), ਕ੍ਰਾਂਤੀਵੀਰ ਕਮਲੇ ਚਮਾਰ (ਅੱਠ ਮਹੀਨੇ ਦੀ ਸਜ਼ਾ), ਕ੍ਰਾਂਤੀਵੀਰ ਧੂਮੱਲ ਚਮਾਰ (ਛੇ ਮਹੀਨੇ ਦੀ ਕੈਦ ਤੇ 5 ਰੁਪਏ ਜੁਰਮਾਨਾ), ਕ੍ਰਾਂਤੀਵੀਰ ਧਨਪੱਤ ਚਮਾਰ (ਇੱਕ ਸਾਲ ਦੀ ਕੈਦ ਤੇ 50 ਰੁਪਏ ਜੁਰਮਾਨਾ), ਕ੍ਰਾਂਤੀਵੀਰ ਬਨਵਾਰੀ ਲਾਲ (ਛੇ ਸਾਲ ਦੀ ਕੈਦ ਤੇ 10 ਰੁਪਏ ਜੁਰਮਾਨਾ), ਕ੍ਰਾਂਤੀਵੀਰ ਹਰਦਿਆਲ ਚਮਾਰ (ਇੱਕ ਸਾਲ ਦੀ ਕੈਦ ਤੇ 50 ਰੁਪਏ ਜੁਰਮਾਨਾ), ਕ੍ਰਾਂਤੀਵੀਰ ਰਾਮ ਲਾਲ ਚਮਾਰ (ਛੇ ਮਹੀਨੇ ਦੀ ਕੈਦ ਤੇ 35 ਰੁਪਏ ਜੁਰਮਾਨਾ), ਕ੍ਰਾਂਤੀਵੀਰ ਸ਼ਿਵ ਰਤਨ ਚਮਾਰ (ਛੇ ਮਹੀਨੇ ਦੀ ਕੈਦ), ਕ੍ਰਾਂਤੀਵੀਰ ਘਾਸੀ ਚਮਾਰ (ਛੇ ਮਹੀਨੇ ਦੀ ਕੈਦ), ਕ੍ਰਾਂਤੀਵੀਰ ਦਰਸ਼ਨ ਚਮਾਰ (ਛੇ



ਮਹੀਨੇ ਦੀ ਕੈਦ ਤੇ 10 ਰੁਪਏ ਜੁਰਮਾਨਾ)

## ਰਵਿਦਾਸੀਆ ਧਰਮ ਤੇ ਹਰਿ ਦਾ ਨਿਸ਼ਾਨ

ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਕਿਸੇ ਕੌਮ ਦੇ ਜਿੰਦਾ ਰਹਿਣ ਲਈ ਉਸ ਕੌਮ ਦਾ, ਉਸ ਧਰਮ ਦਾ ਇਤਿਹਾਸ ਹੋਣਾ ਜ਼ਰੂਰੀ ਹੈ। ਇਤਿਹਾਸ ਬਣਾਉਣ ਲਈ ਇਤਿਹਾਸ ਲਿਖਣ ਲਈ ਆਪਣੇ ਪੁਰਖਿਆਂ ਦੀ ਵਿਰਾਸਤ ਨਾਲ ਜੁੜਨਾ ਪੈਂਦਾ ਹੈ। ਆਪਣੇ ਧਰਮ ਦਾ ਨਿਸ਼ਾਨ ਦੁਨੀਆਂ ਤੇ ਰੱਖਣ ਅਤੇ ਦੱਸਣ ਲਈ ਆਪਣੇ ਧਰਮ ਦੇ ਨਿਸ਼ਾਨ ਸਾਹਿਬ ਨੂੰ ਝੁਲਾਉਣਾ ਪੈਂਦਾ ਹੈ। ਵਿਖਰੇ ਪਏ ਸਮਾਜ ਨੂੰ ਇਕ ਮਾਲਾ ਵਾਂਗੂ ਇਕ ਲੜੀ ਵਿਚ ਪਰੋਣ ਲਈ ਇਕ ਨਿਸ਼ਾਨ ਸਾਹਿਬ ਦਾ ਹੋਣਾ ਜ਼ਰੂਰੀ ਹੈ। ਨਿਸ਼ਾਨ ਸਾਹਿਬ ਆਪਣੀ ਕੌਮੀ ਪਹਿਚਾਣ ਤੇ ਧਾਰਮਿਕ ਸਵੈਮਾਨ ਹੁੰਦਾ ਹੈ। ਨਿਸ਼ਾਨ ਸਾਹਿਬ ਦਾ ਅਰਥ ਵਿਖਰੇ ਪਏ ਸਮਾਜ ਨੂੰ ਇਕ ਕਰਕੇ ਆਪਣੇ ਗੁਰਦੇਵ ਜੀ ਦੀ ਵਿਚਾਰਧਾਰਾ ਨਾਲ ਜੋੜ ਕੇ ਸੱਚੇ ਮਾਰਗ ਵੱਲ ਤੋਰਨਾ ਤੇ ਸਹੀ ਦਿਸ਼ਾ ਵੱਲ ਮੋੜਨਾ ਹੈ ਸੋ ਰਵਿਦਾਸੀਆ ਧਰਮ ਦਾ ਨਿਸ਼ਾਨ ਸਾਹਿਬ "ਹਰਿ" ਹੈ। ਹਰਿ ਦਾ ਨਿਸ਼ਾਨ ਸਾਹਿਬ ਸਤਿਗੁਰੂ ਰਵਿਦਾਸ ਜੀ ਨਾਮਲੇਵਾ (ਰਵਿਦਾਸੀਆ ਕੌਮ) ਸੰਗਤਾਂ ਦੀ ਜ਼ੋਰਦਾਰ ਮੰਗ ਤੇ ਸ਼੍ਰੀ ਗੁਰੂ ਰਵਿਦਾਸ ਸਾਧੂ ਸੰਪ੍ਰਦਾਇ ਦੁਆਰਾ ਹਰਿ ਦੇ ਨਿਸ਼ਾਨ ਨੂੰ ਇਕ ਮਤੇ ਤਹਿਤ ਪਾਸ ਕੀਤਾ ਗਿਆ। ਹਰਿ ਦੇ ਨਿਸ਼ਾਨ ਸਾਹਿਬ ਨੂੰ ਇੰਗਲੈਂਡ ਨਿਵਾਸੀ ਸੰਗਤਾਂ ਵਲੋਂ ਰਜ਼ਿਸਟਰਡ ਕਰਵਾਇਆ ਗਿਆ। ਜੋ ਅੱਜ ਵਿਸ਼ਵ ਦੇ ਕੋਨੇ-ਕੋਨੇ ਵਿਚ ਸ਼੍ਰੀ ਗੁਰੂ ਰਵਿਦਾਸ ਧਾਰਮਿਕ ਸਥਾਨਾਂ ਤੇ ਝੂਲ ਰਿਹਾ ਹੈ।

The Copyright Act 1957 ਦੇ ਐਕਟ ਅਧੀਨ ਮਿਤੀ 6-3-1987 ਨੂੰ ਰਜਿ. ਨੰ: A48-807/87-Co ਦੇ ਤਹਿਤ ਰਜਿਸਟਰਡ ਕਰਵਾਇਆ ਗਿਆ ਹੈ। ਸਤਿਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਨੂੰ ਸਮਰਪਿਤ ਸੰਗਤ ਪੂਰੇ ਵਿਸ਼ਵ ਵਿਚ ਫੈਲੀ ਹੋਈ ਹੈ। "ਰਵਿਦਾਸੀਆ ਧਰਮ" ਦੇ ਪੈਰੋਕਾਰਾਂ ਦੀ ਗਿਣਤੀ ਕਰੀਬ 20 ਕਰੋੜ ਦੇ ਲੱਗਭਗ ਹੈ। ਸਾਡੇ ਸਮਾਜ ਨੂੰ ਇਸ ਨਿਸ਼ਾਨ ਸਾਹਿਬ ਦੀ ਜ਼ਰੂਰਤ ਕਿਉ ਪਈ ? ਕਿਉਂਕਿ 20 ਕਰੋੜ ਦੀ ਆਬਾਦੀ ਵਾਲੇ ਸਮਾਜ ਨੂੰ ਇਕ ਸਹੀ ਪਲੇਟਫਾਰਮ ਤੇ ਇਕੱਠਾ ਕਰਨ ਲਈ, ਦਰ ਬ ਦਰ ਘੁੰਮਦੇ ਸਮਾਜ ਨੂੰ ਇਕ ਨਿਸ਼ਾਨ ਹੇਠਾਂ ਇਕੱਠਾ ਕਰਨ ਲਈ, ਹਜ਼ਾਰਾਂ ਸਾਲਾਂ ਤੋਂ ਗੁਲਾਮੀ ਭਰਿਆ ਜੀਵਨ ਬਤੀਤ ਕਰਦੇ ਸਮਾਜ ਨੂੰ ਸਵੈਮਾਨ ਭਰਿਆ ਜੀਵਨ ਦੀ ਸੇਧ ਦਿੰਦੇ ਗੁਰੂ ਰਵਿਦਾਸ ਜੀ ਦੇ ਚਰਨਾਂ ਨਾਲ ਜੋੜਨ ਲਈ, ਵਿਸ਼ਵ ਵਿਚ ਸਵੈ ਕੌਮੀ ਵਿਚਾਰਧਾਰਾਵਾਂ ਸਾਹਮਣੇ ਆਪਣੇ ਸਤਿਗੁਰੂ ਰਹਿਬਰ ਦੀ ਵਿਚਾਰਧਾਰਾ ਨੂੰ ਰੱਖਣ ਹਿੱਤ ਇਹ ਅਤੀ ਜ਼ਰੂਰੀ ਸੀ ਸਾਡੀ ਪਹਿਚਾਨ ਦਿਖਾਉਦਾ ਆਪਣਾ ਨਿਸ਼ਾਨ ਸਾਹਿਬ। ਨਿਸ਼ਾਨ ਸਾਹਿਬ ਹਰਿ ਦਾ ਹੀ ਕਿਉਂ ਕੋਈ ਹੋਰ ਕਿਉਂ ਨਹੀਂ ? ਸਤਿਗੁਰੂ ਰਵਿਦਾਸ ਮਹਾਰਾਜ ਜੀ ਅੰਮ੍ਰਿਤਬਾਣੀ ਦਾ ਸਮੁੱਚਾ ਅਧਿਐਨ ਕਰਨ ਤੋਂ ਬਾਅਦ ਸਿੱਟਾ ਨਿਕਲਦਾ ਹੈ ਕਿ ਹਰਿ ਸਮਾਜ ਦੀ ਸੰਪੂਰਨ ਮੁਕਤੀ, ਏਕਤਾ ਤੇ ਤਰੱਕੀ ਦਾ ਪ੍ਰਤੀਕ ਹੈ, ਹਰਿ ਦੇ ਤੁਲ ਕੋਈ ਵਿਸ਼ਵ ਦਾ ਜੀਵ ਨਹੀਂ ਹੈ। ਹਰਿ ਪੂਰਨ ਪਾਰਬ੍ਰਹਮ ਪਰਮੇਸ਼ਵਰ ਦਾ ਸੱਚਾ ਨਾਮ ਹੈ। ਸਤਿਗੁਰੂ ਰਵਿਦਾਸ ਜੀ ਆਪਣੀ ਅੰਮ੍ਰਿਤਬਾਣੀ ਵਿਚ ਉਚਾਰਦੇ ਹਨ "ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ" ਸੋ ਸਤਿਗੁਰੂ ਰਵਿਦਾਸ ਜੀ ਦੀ ਅੰਮ੍ਰਿਤਬਾਣੀ ਨੂੰ ਧਿਆਨ ਕੇਂਦਰਿਤ ਹੋ ਕੇ ਐਸੇ ਸੱਚੇ

ਪਰਮੇਸ਼ਵਰ ਨੂੰ ਆਪਣੀ ਕੌਮ ਦਾ ਆਪਣੇ ਧਰਮ ਦਾ ਨਿਸ਼ਾਨ ਸਾਹਿਬ ਬਣਾਉਣਾ ਬੜੇ ਮਾਣ ਵਾਲੀ ਗੱਲ ਹੈ। 'ਹਰਿ' ਦਾ ਅਰਥ ਇੰਨਾ ਸਮਝ ਲੈਣਾ ਕਾਫ਼ੀ ਹੈ। ਹਰਿ ਤੋਂ ਭਾਵ ਆਜ਼ਾਦੀ ਹੈ। ਆਪਣੀ ਕੌਮ ਧਰਮ ਦਾ ਨਿਸ਼ਾਨ ਉੱਚਾ ਰੱਖਣ ਹਿੱਤ ਅੱਜ ਡੇਰਾ ਸੱਚਖੰਡ ਬੱਲਾਂ ਦੇ ਮਹਾਂਪੁਰਸ਼ਾਂ ਤੇ ਸਾਧੂ ਸਮਾਜ ਦੇ ਪਰਉਪਕਾਰਾਂ ਸਦਕਾ ਸਾਡੇ ਸਮਾਜ ਨੂੰ ਇੱਕ ਹੋਣ ਲਈ ਇਕ ਹਰਿ ਦਾ ਨਿਸ਼ਾਨ ਸਾਹਿਬ ਮਿਲਿਆ ਹੈ। ਸੰਗਤਾਂ ਦੇ ਧਿਆਨ ਹਿੱਤ ਡੇਰਾ ਸੱਚਖੰਡ ਬੱਲਾਂ ਦੇ ਮਹਾਂਪੁਰਸ਼ਾਂ ਵਲੋਂ 2004 ਵਿਚ ਇਕ ਸੈਵੀਨਾਰ ਜਿਸ ਵਿਚ ਹਰਿ ਦੇ ਨਿਸ਼ਾਨ ਸਾਹਿਬ ਦੇ ਰਜਿਸਟਰਡ ਫ਼ੋਟੋ ਕਾਪੀਆਂ ਛਾਪੀਆਂ ਗਈਆਂ ਸਨ। ਸਤਿਗੁਰੂ ਰਵਿਦਾਸ ਜੀ ਦੀ ਅੰਮ੍ਰਿਤਬਾਣੀ ਸਾਨੂੰ ਹਰ ਪਲ ਯਾਦ ਕਰਾਉਂਦੀ ਹੈ "ਸਤਿ ਸੰਗਤ ਮਿਲਿ ਰਹੀਐ ਮਾਧੋ ਜੈਸੇ ਮਧੁਪ ਮਖੀਰਾ"। ਸਤਿਗੁਰੂ ਰਵਿਦਾਸ ਜੀ ਸਮੁੱਚੀ ਕੌਮ ਨੂੰ ਏਕਤਾ ਦਾ ਸੰਦੇਸ਼ ਦੇ ਰਹੇ ਨੇ ਕਿਉਂਕਿ ਜਿਸ ਕੌਮ ਵਿਚ ਏਕਤਾ ਹੁੰਦੀ ਹੈ ਉਸ ਕੌਮ ਦਾ ਵਿਕਾਸ ਹੁੰਦਾ ਹੈ। ਜਿਸ ਕੌਮ ਦੇ ਲੋਕਾਂ ਵਿਚ ਆਪਸੀ ਵਿਰੋਧਤਾ ਹੁੰਦੀ ਹੈ ਉਸ ਕੌਮ ਦਾ ਨਾਸ਼ ਹੁੰਦਾ ਹੈ, ਵਿਨਾਸ਼ ਹੁੰਦਾ ਹੈ। ਅੱਜ ਸਤਿਗੁਰੂ ਰਵਿਦਾਸ ਜੀ ਦੀ ਅਪਾਰ ਬਖਸ਼ਿਸ਼ ਸਦਕਾ ਵਿਚਾਰਧਾਰਾ ਨਾਲ ਜੁੜ ਰਹੀ ਹੈ। ਰਵਿਦਾਸੀਆ ਧਰਮ ਦੇ ਅਕੀਦਿਆਂ ਨੂੰ ਮੰਨ ਰਹੀ ਹੈ, ਅਪਨਾ ਰਹੀ ਹੈ। ਆਪਣੇ ਜੀਵਨ ਵਿਚ ਢਾਲ ਰਹੀ ਹੈ। ਇਹ ਕੌਮ ਦੀ ਏਕਤਾ ਹੀ ਹੈ ਜੋ ਦੇਸ਼ ਵਿਦੇਸ਼ ਵਿਚ ਸਤਿਗੁਰੂ ਰਵਿਦਾਸ ਜੀ ਦੇ ਗੁਰੂ ਧਾਮਾਂ ਤੇ ਹਰਿ ਦਾ ਨਿਸ਼ਾਨ ਸਾਹਿਬ ਝੂਲ ਰਿਹਾ ਹੈ। ਇਹ ਏਕਤਾ ਦੀ ਹੀ ਗੱਲ ਹੈ ਅੱਜ ਕੌਮ ਧਰਮ ਦੇਸ਼ ਦਾ ਭਵਿੱਖ ਛੋਟੇ-ਛੋਟੇ ਬੱਚੇ ਆਪਣੀ ਕੌਮ ਦੇ ਨਿਸ਼ਾਨ ਸਾਹਿਬ ਹਰਿ ਦੇ ਨਿਸ਼ਾਨ ਸਾਹਿਬ ਵਾਲੇ ਛੋਟੇ-ਛੋਟੇ ਲੋਕਿਟ ਆਪਣੇ ਗਲ ਵਿਚ ਪਾ ਕੇ ਸਤਿਗੁਰੂ ਨਾਲ ਸੱਚੀਆਂ ਪ੍ਰੀਤਾਂ ਪਾ ਰਹੇ ਹਨ।

ਇਹ ਰਵਿਦਾਸੀਆਂ ਧਰਮ ਦੇ ਪੈਰੋਕਾਰਾਂ ਦੀ ਏਕਤਾ ਹੀ ਹੈ "ਸ਼੍ਰੀ ਗੁਰੂ ਰਵਿਦਾਸ ਜਨਮ ਅਸਥਾਮ ਮੰਦਿਰ ਸੀਰ ਗੋਵਰਧਨਪੁਰ ਬਨਾਰਸ (ਉੱਤਰ ਪ੍ਰਦੇਸ਼) ਵਿਖੇ ਇਕ ਆਲੀਸ਼ਾਨ ਮੰਦਿਰ ਜੋ ਅੱਜ ਸੋਨੇ ਵਿਚ ਮੜ੍ਹਨ ਜਾ ਰਿਹਾ ਹੈ, ਉਸ ਮੰਦਿਰ ਤੇ ਹਰਿ ਦਾ ਨਿਸ਼ਾਨ ਸਾਹਿਬ ਅਸਮਾਨ ਨੂੰ ਛੂਹਦਾ ਹਵਾ ਵਿਚ ਲਹਿਰਾਉਦਾ ਮਜੀਠੇ ਰੰਗ ਵਿਚ ਰੰਗਿਆ ਹਰਿ ਦਾ ਨਿਸ਼ਾਨ ਸਾਹਿਬ ਉਕਰਿਆ ਇਹ ਯਾਦ ਦਿਲਾਉਂਦਾ ਸਮੁੱਚੇ ਵਿਸ਼ਵ ਨੂੰ

ਬੇਗਮਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੰ ਨਹੀ ਤਿਹਿ ਠਾਉ॥
ਨਾ ਤਸਵੀਸ ਖਿਰਾਜੁ ਨਮਾਲੁ॥ ਖਉਫੁ ਨਾਖਤਾ ਨਾ ਤਰਸੁਜਵਾਲ॥

ਇਹ ਸਾਡੇ ਸਮਾਜ ਦੀ ਖੁਸ਼ਕਿਸਮਤੀ ਹੈ ਸਮੁੰਦਰ ਤੋਂ ਗਹਿਰਾ ਹਰਿ, ਸਭ ਤੋਂ ਵਿਸ਼ਾਲ ਹਰਿ ਜੋ ਸਾਨੂੰ ਸਾਡੇ ਸੰਤ ਸਮਾਜ ਨੇ ਰਜਿਸਟਰਡ ਕਰਵਾ ਕੇ ਸਾਡੇ ਗੁਰੂ ਘਰਾਂ ਤੇ ਸ਼ੁਸ਼ੋਭਿਤ ਕੀਤਾ ਹੈ ਤੇ ਭਟਕੇ ਸਮਾਜ ਨੂੰ ਮੰਜਿਲ ਵੱਲ ਸੇਧ ਦਿੱਤੀ ਹੈ। ਜਿਸ ਹਰਿ ਪਾਰਬ੍ਰਹਮ ਪਰਮੇਸ਼ਵਰ ਸਦਕਾ ਸਮੁੱਚੇ ਵਿਸ਼ਵ ਦੇ ਕਾਰਜ ਸੰਪੂਰਨ ਹੁੰਦੇ ਹਨ। ਐਸੇ ਪਾਰਬ੍ਰਹਮ ਪਰਮੇਸ਼ਵਰ ਦੀ ਛਤਰ ਛਾਇਆ ਵਿਚ ਜਿਸ ਕੌਮ ਦੇ ਲੋਕ ਇਕ ਮੁੱਠ ਹੋ ਕੇ ਜੁੜ ਬੈਠ ਜਾਣ ਉਸ ਕੌਮ ਦਾ ਵਾਲ ਵੀ ਵਿੰਗਾ ਨਹੀਂ ਹੋ ਸਕਦਾ।

ਕਈ ਵਾਰ ਦੁੱਖ ਇਸ ਗੱਲ ਦਾ ਹੁੰਦਾ ਹੈ ਕਿ ਕੁਝ ਸਵਾਰਥੀ ਕਿਸਮ ਦੇ ਲੋਕ ਕੁਝ ਸ਼ਰਾਰਤੀ ਕਿਸਮ ਦੇ ਲੋਕ ਆਪਣੇ ਛੋਟੇ-ਛੋਟੇ ਸਵਾਰਥਾਂ ਪਿੱਛੇ ਸਮੁੱਚੀ ਕੌਮ ਦਾ ਬਹੁਤ ਵੱਡਾ ਨੁਕਸਾਨ ਕਰ ਜਾਂਦੇ ਹਨ। ਸਾਡੀ ਸਭਨਾਂ ਨੂੰ ਅਰਜੋਈ ਹੈ, ਪਿਆਰ



ਸਤਿਕਾਰ ਨਾਲ ਕਹਿਣਾ ਹੈ ਕਿ ਸਤਿਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਨਾਲ ਜੁੜ ਜਾਵੋ। ਆਪਸੀ ਤਕਰਾਰਾਂ ਛੱਡ ਕੇ ਆਪਸੀ ਸਾਂਝ ਪਾ ਕੇ ਰਵਿਦਾਸੀਆ ਧਰਮ ਦੇ ਪਹਿਰੇਦਾਰ ਬਣ ਜਾਵੋ। ਆਉਣ ਵਾਲਾ ਸਮਾਂ ਇਹਨਾਂ ਪਹਿਰੇਦਾਰਾਂ ਤੇ ਮਾਣ ਕਰੇਗਾ ਤੇ ਗੱਦਾਰਾਂ ਤੇ ਲਾਹਨਤਾਂ ਪਾਵੇਗਾ।

ਸਤਿਗੁਰੂ ਰਵਿਦਾਸ ਜੀ ਕੇ ਲੋਏ ਤੁਰੇ ਡੇਰਾ ਸੱਚਖੰਡ ਬੱਲਾਂ ਦੀ ਯੋਗ ਅਗਵਾਈ ਵਿਚ ਤੁਰ ਪਵੋ ਤਾਂ ਮੰਜਿਲਾਂ ਦੇ ਮੂੰਹ ਵੇਖ ਸਕਦੇ ਹੋ। ਹਰਿ ਹਰਿ ਦੇ ਜੈਕਾਰਿਆਂ ਵਿਚ ਹਰਿ ਹਰਿ ਵਿਚ ਸਮੁੱਚਾ ਵਿਸ਼ਵ ਰੰਗ ਦਿਉ, ਹਰਿ ਹਰਿ ਦੇ ਝੰਡੇ ਹਰ ਪਾਸੇ ਝੁਲਾ ਦਿਓ ਕਿਉਂਕਿ ਮੁਕਤੀ ਦਾ ਇਕੋ ਹੀ ਰਾਹ ਹੈ "ਹਰਿ" ਏਕਤਾ ਦਾ ਇਕੋ ਹੀ ਪ੍ਰਤੀਕ ਹੈ "ਹਰਿ" ਸਦਾ ਯਾਦ ਰਹੇ ਭੁਲਾ ਨਾ ਬੈਠਿਓ। ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ ਦੀ ਜੋ ਪਲ-ਪਲ ਹਰ ਪਲ ਇਹ ਸਮਝਾ ਰਹੀ ਹੈ :-

ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ ॥ ਰਹਾਉ॥

***********

## "ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ"

ਰਵਿਦਾਸ ਜਿਹ ਗ੍ਰੰਥ ਹੈ ਪੜ੍ਹੈ ਸੁਣੈ ਮਨ ਲਾਇ
ਸਭ ਹੀ ਪਦਾਰਥ ਮਿਲੇਗੇ ਇਸਸੇ ਸਭ ਬਰ ਪਾਇ॥

ਸਤਿਗੁਰੂ ਰਵਿਦਾਸ ਜੀ ਦੀ ਪਵਿੱਤਰ 'ਅੰਮ੍ਰਿਤ ਬਾਣੀ' ਗ੍ਰੰਥ ਜਿਸ ਵਿੱਚ ਸਤਿਗੁਰੂ ਰਵਿਦਾਸ ਜੀ ਦੁਆਰਾ ਉਚਾਰਨ ਕੀਤੀ ਹੋਈ ਅੰਮ੍ਰਿਤ ਬਾਣੀ ਦਰਜ਼ ਹੈ। ਇਹ ਸਮੁੱਚੇ ਰਵਿਦਾਸੀਆ ਧਰਮ ਦੇ ਪੈਰੋਕਾਰਾਂ ਦਾ ਧਾਰਮਿਕ ਗ੍ਰੰਥ ਹੈ। ਇਸ ਪਾਵਨ ਗ੍ਰੰਥ ਵਿੱਚ ਸਤਿਗੁਰੂ ਰਵਿਦਾਸ ਜੀ ਦੇ 140 ਸ਼ਬਦ, 40 ਪਦੇ, ਪੈਂਤੀ ਅੱਖਰੀ, ਬਾਣੀ ਹਫਤਾਵਾਰ, ਪੰਦਰਾ ਤਿਥੀ, ਬਾਰਾ ਮਾਸ ਉਪਦੇਸ਼, ਸਾਂਦ ਬਾਣੀ, ਅਨਮੋਲ ਬਚਨ, ਸ਼ਾਦੀ ਉਪਦੇਸ਼, ਸੁਹਾਗ ਉਸਤਤਿ, ਮੰਗਲਚਾਰ, 231 ਸਲੋਕ ਗ੍ਰੰਥ ਵਿੱਚ ਦਰਜ਼ ਹਨ। ਸਤਿਗੁਰੂ ਜੀ ਦੇ ਸੱਚੇ ਉਪਦੇਸ਼ ਸਾਰੀ ਮਾਨਵ ਜਾਤੀ ਦਾ ਕਲਿਆਣ ਕਰ ਰਹੇ ਹਨ। ਇਸ ਪਾਵਨ ਧਾਰਮਿਕ ਗ੍ਰੰਥ ਦੀ ਵਿਸ਼ੇਸ਼ਤਾ ਇਹ ਹੈ ਕਿ ਸਤਿਗੁਰੂ ਰਵਿਦਾਸ ਜੀ ਦੀ ਉਚਾਰਨ ਕੀਤੀ ਸਾਰੀ ਅੰਮ੍ਰਿਤ ਬਾਣੀ ਜਿਸ ਵਿੱਚੋਂ ਉਹਨਾਂ ਦੀ ਵਿਸ਼ਵ ਕਲਿਆਣਕਾਰੀ ਵਿਚਾਰਧਾਰਾ ਝਲਕਦੀ ਹੈ, ਉਹ ਸਾਰੀ ਅੰਮ੍ਰਿਤ ਬਾਣੀ ਜੋ ਪ੍ਰਮਾਣਿਤ ਹੈ ਇਸ ਵਿੱਚ ਦਰਜ਼ ਹੈ। ਸਤਿਗੁਰੂ ਰਵਿਦਾਸ ਜੀ ਦੀ 'ਅੰਮ੍ਰਿਤ ਬਾਣੀ' ਪਾਵਨ ਗ੍ਰੰਥ, ਅੱਜ ਵਿਸ਼ਵ ਜੋ ਨਫ਼ਰਤ, ਵਿਸ਼ੇ ਵਿਕਾਰਾਂ ਵਿੱਚ ਸੜ ਰਿਹਾ ਹੈ, ਅਗਿਆਨਤਾ ਦੀ ਅਗਨੀ ਵਿੱਚ ਤੜਫ ਰਿਹਾ ਹੈ, ਇਹ ਅੰਮ੍ਰਿਤ ਬਾਣੀ ਗ੍ਰੰਥ ਸਤਿਗੁਰੂ ਰਵਿਦਾਸ ਜੀ ਦੇ ਸੱਚੇ ਉਪਦੇਸ਼ਾਂ ਰਾਹੀਂ ਇਸ ਸੰਸਾਰ ਤੇ ਪ੍ਰੇਮ ਪਿਆਰ ਦੀ ਠੰਡੀ- ਠਾਰ ਵਰਖਾ ਕਰਕੇ ਸਮੁੱਚੇ ਵਿਸ਼ਵ ਦੇ ਲੋਕਾਂ ਨੂੰ ਕਲਿਆਣਕਾਰੀ ਮਾਰਗ ਦਿਖਾ ਰਿਹਾ ਹੈ। ਅੱਜ ਸਤਿਗੁਰੂ ਰਵਿਦਾਸ ਜੀ ਦਾ ਜਨਮ ਅਸਥਾਨ ਮੰਦਿਰ ਸੀਰ ਗੋਵਰਧਨਪੁਰ ਵਾਰਾਨਸੀ ਵਿਖੇ ਸਥਾਪਿਤ ਸਾਰੇ ਸੰਸਾਰ

ਨੂੰ ਪ੍ਰਕਾਸ਼ਵਾਨ ਕਰ ਰਿਹਾ ਹੈ। ਸਤਿਗੁਰੂ ਰਵਿਦਾਸ ਜੀ ਦੀ ਅੰਮ੍ਰਿਤ ਬਾਣੀ ਨੂੰ ਇੱਕ ਗ੍ਰੰਥ ਦੇ ਰੂਪ ਵਿੱਚ ਇਕੱਠਾ ਕਰਕੇ ਪ੍ਰਕਾਸ਼ਮਾਨ ਕਰਨ ਦਾ ਇਤਿਹਾਸਿਕ ਕਾਰਜ ਡੇਰਾ 108 ਸੰਤ ਸਰਵਣ ਦਾਸ ਜੀ, ਸੱਚਖੰਡ ਬੱਲਾਂ ਦੇ ਮਹਾਂਪੁਰਸ਼ਾ ਦੀ ਯੋਗ ਅਗਵਾਈ ਵਿੱਚ ਕੀਤਾ ਗਿਆ। ਮੌਜੂਦਾ ਗੱਦੀ ਨਸ਼ੀਨ ਸ਼੍ਰੀ 108 ਸੰਤ ਨਿਰੰਜਨ ਦਾਸ ਜੀ ਦੀ ਪਾਵਨ ਅਗਵਾਈ ਵਿੱਚ ਸੰਤ ਸੁਰਿੰਦਰ ਦਾਸ ਬਾਵਾ ਜੀ ਨੇ ਭਗਵਾਨ ਮਹਾਰਿਸ਼ੀ ਬਾਲਮੀਕ ਜੀ ਦੇ ਪਾਵਨ ਅਸਥਾਨ ਭਗਵਾਨ ਬਾਲਮੀਕ ਤੀਰਥ ਅੰਮ੍ਰਿਤਸਰ ਦੇ ਗੱਦੀ ਨਸ਼ੀਨ ਸ਼੍ਰੀ 108 ਸੰਤ ਪੂਰਨ ਨਾਥ ਜੀ ਅਤੇ ਸੰਤ ਸਮਾਜ ਨੂੰ ਨਾਲ ਲੈ ਕੇ ਸਤਿਗੁਰੂ ਰਵਿਦਾਸ ਜੀ ਦੇ 633ਵੇਂ ਪ੍ਰਕਾਸ਼ ਉਸਤਵ ਤੇ 30 ਜਨਵਰੀ 2010 ਨੂੰ ਸਤਿਗੁਰੂ ਰਵਿਦਾਸ ਜੀ ਦੇ ਜਨਮ ਅਸਥਾਨ ਮੰਦਿਰ ਸੀਰ ਗੋਵਰਧਨਪੁਰ, ਵਾਰਾਨਸੀ (ਯੂ. ਪੀ.) ਵਿਖੇ ਲੱਖਾਂ ਦੀ ਗਿਣਤੀ ਵਿੱਚ ਸੰਗਤਾਂ ਨੂੰ 'ਅੰਮ੍ਰਿਤ ਬਾਣੀ ਸਤਿਗੁਰੂ ਰਵਿਦਾਸ ਜੀ' ਗ੍ਰੰਥ ਨੇ ਵਿਸ਼ਵ ਦੀ ਸਭ ਤੋਂ ਅਮੀਰ ਵਿਰਾਸਤ ਅਤੇ ਵਿਸ਼ਵ ਦੀ ਸਭ ਤੋਂ ਮਹਾਨ ਵਿਚਾਰਧਾਰਾ ਨਾਲ ਜੋੜ ਦਿੱਤਾ। ਇਸਦੇ ਨਾਲ ਹੀ 'ਰਵਿਦਾਸੀਆ ਧਰਮ' ਦੀ ਪਹਿਚਾਣ ਅਤੇ ਰਵਿਦਾਸੀਆ ਧਰਮ ਦੇ ਹਰਿ ਦੇ ਨਿਸ਼ਾਨ ਹੇਠ ਇਕੱਠੇ ਹੋਣ ਦਾ ਸਮੁੱਚੀ ਸੰਗਤ ਨੂੰ ਸੰਦੇਸ਼ ਦਿੱਤਾ। ਸਤਿਗੁਰੂ ਰਵਿਦਾਸ ਜੀ ਦੀ ਅੰਮ੍ਰਿਤ ਬਾਣੀ ਜਿਸ ਨੂੰ ਸੰਤ ਸਮਾਜ ਨੇ ਪੂਰੀ ਤਰ੍ਹਾਂ ਪ੍ਰਮਾਣਿਤ ਕਰਕੇ ਸਤਿਗੁਰੂ ਰਵਿਦਾਸ ਧਰਮ ਅਸਥਾਨਾ ਤੇ ਪ੍ਰਕਾਸ਼ ਕਰਕੇ ਸੰਗਤ ਨੂੰ ਅੰਮ੍ਰਿਤ ਬਾਣੀ ਦੇ ਉਪਦੇਸ਼ਾਂ ਤੇ ਅਮਲ ਕਰਨ ਦਾ ਉਪਦੇਸ਼ ਦਿੱਤਾ। ਇਸ ਪਵਿੱਤਰ ਅੰਮ੍ਰਿਤ ਬਾਣੀ ਨੂੰ ਵੇਖ- ਸੁਣ ਕੇ ਇਕੱਤਰ 10 ਲੱਖ ਤੋਂ ਵੱਧ ਸੰਗਤਾਂ ਦੇ ਮਨ ਵਿੱਚ ਅਥਾਹ ਖੁਸ਼ੀ, ਵੱਖਰਾ ਚਾਅ, ਆਨੰਦ ਹੀ ਆਨੰਦ ਮਹਿਸੂਸ ਹੋ ਰਿਹਾ ਸੀ। ਚਾਰੇ ਪਾਸੇ ਸਤਿਗੁਰੂ ਰਵਿਦਾਸ ਜੀ ਦੇ ਜੈ- ਜੈਕਾਰਿਆ ਰਾਹੀ ਸੰਗਤਾਂ ਆਪਣੀ ਖੁਸ਼ੀ ਦਾ ਇਜ਼ਹਾਰ ਕਰ ਰਹੀਆਂ ਸਨ। ਸਭ ਸੰਗਤਾਂ ਰਵਿਦਾਸੀਆਂ ਧਰਮ ਦੇ ਇਤਿਹਾਸਿਕ ਐਲਾਨ ਦੇ ਨਾਲ ਬੇਹੱਦ ਪ੍ਰਸੰਨ ਨਜ਼ਰ ਆ ਰਹੀਆਂ ਸਨ ਕਿਉਂਕਿ ਸਮੁੱਚੀ ਸੰਗਤ ਰਵਿਦਾਸੀਆ ਧਰਮ ਦੀ ਗੋਦੀ ਵਿੱਚ ਬੈਠ ਕੇ "ਅੰਮ੍ਰਿਤ ਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ" ਗ੍ਰੰਥ ਦਾ ਪਾਵਨ ਨਿੱਘ ਮਾਨਣ ਦਾ ਹੱਕ ਪ੍ਰਾਪਤ ਹੋ ਗਿਆ ਸੀ। ਅੱਜ ਸਮੁੱਚੇ ਵਿਸ਼ਵ ਵਿੱਚ ਰਵਿਦਾਸੀਆ ਧਰਮ ਦੇ ਪੈਰੋਕਾਰਾਂ ਨੇ ਆਪਣੀ ਹੋਂਦ ਦਾ ਅਜਿਹਾ ਅਹਿਸਾਸ ਕਰਵਾ ਦਿੱਤਾ ਕਿ ਸਾਰੀ ਦੁਨੀਆਂ ਹੈਰਾਨ ਰਹਿ ਗਈ ਕਿ ਐਨੇ ਘੱਟ ਸਮੇਂ ਵਿੱਚ ਪੂਰੇ ਵਿਸ਼ਵ ਵਿੱਚ ਸਤਿਗੁਰੂ ਰਵਿਦਾਸ ਜੀ ਦੀ ਰੂਹਾਨੀ ਅੰਮ੍ਰਿਤ ਬਾਣੀ 20 ਤੋਂ 25 ਹਜ਼ਾਰ ਦੇ ਕਰੀਬ ਗੁਰੂ ਘਰਾਂ ਵਿੱਚ ਪ੍ਰਕਾਸ਼ ਹੋ ਗਈ ਹੈ। ਸੰਗਤਾਂ ਆਪਣੇ ਇਸ਼ਟ ਨੂੰ ਯਾਦ ਕਰ ਰਹੀਆਂ ਹਨ। ਸਤਿਗੁਰੂ ਰਵਿਦਾਸ ਜੀ ਨੇ ਆਪਣੀ ਅੰਮ੍ਰਿਤ ਬਾਣੀ ਵਿੱਚ ਮਹਾਨ ਗ੍ਰੰਥ ਦਾ ਜ਼ਿਕਰ ਕਰਦਿਆ ਫਰਮਾਇਆ ਹੈ।

ਰਵਿਦਾਸ ਜਿਹ ਗ੍ਰੰਥ ਹੈ ਪੜ੍ਹੈ ਸੁਣੈ ਮਨ ਲਾਇ
ਸਭ ਹੀ ਪਦਾਰਥ ਮਿਲੇਗੇ ਇਸਸੇ ਸਭ ਬਰ ਪਾਇ।।



ਸਤਿਗੁਰੂ ਰਵਿਦਾਸ ਜੀ ਅੰਮ੍ਰਿਤ ਬਾਣੀ ਵਿੱਚ ਉਚਾਰਨ ਕਰਦੇ ਫਰਮਾਉਂਦੇ ਹਨ ਕਿ ਇਹ ਗ੍ਰੰਥ ਜੋ ਵੀ ਜੀਵ ਮਨ ਚਿਤ ਲਾ ਕੇ ਪੜ੍ਹੇਗਾ, ਇਕਾਗਰ ਚਿਤ ਹੋ ਕੇ ਸੁਣੇਗਾ, ਇਸ ਦੀਆਂ ਸਿੱਖਿਆਵਾਂ ਨੂੰ ਨਿੱਜ ਜੀਵਨ ਵਿੱਚ ਧਾਰਨ ਕਰੇਗਾ, ਉਸ ਜੀਵ ਨੂੰ ਸਾਰੇ ਪਦਾਰਥ ਪ੍ਰਾਪਤ ਹੋਣਗੇ। ਇਸ ਤੋਂ ਸਾਰੇ ਵਰ ਉਸ ਨੂੰ ਮਿਲਣਗੇ।

ਅੱਜ ਜਗਤਗੁਰੂ ਰਵਿਦਾਸ ਜੀ ਦੀ ਪਾਵਨ ਅੰਮ੍ਰਿਤ ਬਾਣੀ ਗ੍ਰੰਥ ਰਵਿਦਾਸੀਆ ਧਰਮ ਦੇ ਪੈਰੋਕਾਰਾ ਦਾ ਮਹਾਨ ਪਾਵਨ ਗ੍ਰੰਥ ਹੈ। ਜਿਸ ਦੀ ਮਾਨਵਮਈ ਅੰਮ੍ਰਿਤ ਬਾਣੀ ਨਾਲ ਜੁੜ ਕੇ, ਅੰਮ੍ਰਿਤ ਬਾਣੀ ਦੇ ਸੱਚੇ ਉਪਦੇਸ਼ਾਂ ਤੇ ਅਮਲ ਕਰ ਕੇ ਸਤਿਗੁਰੂ ਰਵਿਦਾਸ ਜੀ ਦੀ ਅਪਾਰ ਬਖਸ਼ਿਸ਼ ਹਰਿ ਦੇ ਨਿਸਾਨ ਸਾਹਿਬ ਤਹਿਤ ਇਕੱਠੇ ਹੋ ਕੇ ਵਿਸਵ ਦੇ ਭਲੇ ਹਿਤ, ਸਰਵਜਨ ਕਲਿਆਣ ਹਿਤ, ਸੱਚ ਦੇ ਰਾਹ ਤੇ ਧਰਮ ਦੇ ਪ੍ਰਚਾਰ ਤੇ ਚਲਦੇ ਜਾਣਾ ਹੈ।

ਸਤਿਗੁਰੂ ਰਵਿਦਾਸ ਜੀ ਅੰਮ੍ਰਿਤ ਬਾਣੀ ਜੋ ਤੋਹੀ ਮੋਹੀ ਫਰਕ ਮਿਟਾ ਕੇ ਇਕੋ ਮਿੱਟੀ ਦੇ ਸਭੇ ਬਰਤਨ ਦਾ ਅਹਿਸਾਸ ਕਰਵਾਉਂਦੀ ਹੈ ਅਤੇ ਸਦਾ ਯਾਦ ਦਿਲਾਉਂਦੀ ਹੈ "ਸਰਬੈ ਏਕ ਅਨੇਕ ਸੁਆਮੀ ਸਭ ਘਟ ਭੋਗਵੇ ਸੋਈ" ਜੀਵਨ ਨੂੰ ਹੱਕ ਹਲਾਲ ਦੀ ਕਮਾਈ ਕਰਨ ਦਾ "ਜਿਹਵਾ ਤੋਂ ਉਕਾਂਰ ਜਪ, ਹਾਥ ਸੇ ਕਰ ਕਾਰ" ਸੱਚੇ ਮਾਰਗ ਤੇ ਚੱਲਣ ਅਤੇ ਬੇਗਮਪੁਰੇ ਦੇ ਬਸਨੀਕ ਬਨਣ ਦਾ ਅਮਰ ਸੰਦੇਸ਼ ਦੇ ਰਹੀ ਹੈ।

ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ ਗ੍ਰੰਥ ਅੱਜ ਸਮੁੱਚੀ ਰਵਿਦਾਸੀਆ ਕੌਮ ਦਾ ਮਾਰਗ ਦਰਸਨ ਕਰ ਰਿਹਾ ਹੈ। ਰਵਿਦਾਸੀਆ ਕੌਮ ਜਿਸ ਨੂੰ ਸੰਤ ਸਰਵਣ ਦਾਸ ਜੀ ਨੇ ਪਹਿਚਾਣ ਦੇ ਦਿੱਤੀ ਹੈ। ਉਹਨਾਂ ਪਿੰਡ ਬੱਲਾਂ ਵਿਖੇ 26 ਫਰਬਰੀ 1964 ਈ: ਨੂੰ ਡੇਰਾ ਰਵਿਦਾਸੀਆ ਦਾ ਲਿਖ ਕੇ ਰਵਿਦਾਸੀਆ ਧਰਮ ਦੇ ਅਗੰਮੀ ਸੰਦੇਸ਼ ਦੇ ਦਿੱਤੇ ਸਨ।

ਅੱਜ ਸਾਡੀ ਹੋਂਦ ਰਵਿਦਾਸੀਆ ਧਰਮ , ਸਾਡਾ ਮਿਸ਼ਨ ਅੰਮ੍ਰਿਤ ਬਾਣੀ ਸਤਿਗੁਰੂ ਰਵਿਦਾਸ ਜੀ ਦਾ ਪ੍ਰਸਾਰ ਅਤੇ ਪ੍ਰਚਾਰ ਕਰਨਾ ਹੈ। ਕਿਉਂਕਿ ਇਸ ਮਿਸ਼ਨ ਤੋਂ ਵੱਡਾ ਵਿਸ਼ਵ ਦਾ ਹੋਰ ਕੋਈ ਮਿਸ਼ਨ ਨਹੀਂ ਹੈ। ਅੱਜ ਸਤਿਗੁਰੂ ਰਵਿਦਾਸ ਜੀ ਦੇ ਮਿਸ਼ਨ ਤੇ ਅਡੋਲ ਖੜ੍ਹਨਾ ਹੈ। ਡਾਵਾਂਡੋਲ ਕਰਦੀ ਵਿਚਾਰਧਾਰਾ ਨੂੰ ਸਮਾਪਤ ਕਰ ਅੰਮ੍ਰਿਤ ਬਾਣੀ ਦੇ ਲੜ ਲੱਗ ਰਵਿਦਾਸੀਆ ਧਰਮ ਦੇ ਪੈਰੋਕਾਰ ਕਹਾਉਣਾ ਹੈ। ਐਲਾਨ ਕਰਨਾ ਹੈ ਬੇਖੌਫ ਹੋ ਕੇ ਜੋ ਅੰਮ੍ਰਿਤ ਬਾਣੀ ਕਹਿ ਰਹੀ ਹੈ।

' ਕਹਿ ਰਵਿਦਾਸ ਖਲਾਸ ਚਮਾਰਾ ਜੋ ਹਮ ਸਹਰੀ ਸੋ ਮੀਤ ਹਮਾਰਾ'

********

## "ਰਵਿਦਾਸੀਆ ਧਰਮ"

ਸਤਿਗੁਰੂ ਰਵਿਦਾਸ ਜੀ ਦੀ ਅੰਮ੍ਰਿਤਬਾਣੀ ਸਭਨਾਂ ਨੂੰ ਪ੍ਰਭੂ-ਪ੍ਰੇਮ, ਭਗਤੀ ਤੇ

ਸੱਚ ਦਾ ਰਸਤਾ ਦਿਖਾਉਂਦੀ ਹੈ। ਇੱਜ਼ਤ ਅਣਖ ਤੇ ਸਵੈਮਾਨ ਵਾਲਾ ਜੀਵਨ ਜਿਉਣ ਦਾ ਸਬਕ ਪੜ੍ਹਾਉਂਦੀ ਹੈ। ਅੰਮ੍ਰਿਤਬਾਣੀ ਜਗਤਗੁਰੂ ਰਵਿਦਾਸ ਜੀ ਇੱਜਤ ਭਰੀ ਜ਼ਿੰਦਗੀ ਜਿਉਣ ਦਾ ਮਾਰਗ ਪ੍ਰਦਾਨ ਕਰਦੀ ਹੈ। ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਨੇ ਆਪਣੀ ਅੰਮ੍ਰਿਤਬਾਣੀ ਵਿਚ ਜਿਸ ਪਾਰਬ੍ਰਹਮ ਪਰਮੇਸ਼ਵਰ ਪ੍ਰਭੂ ਹਰਿ ਨੂੰ ਸਿਮਰਿਆ ਹੈ, ਯਾਦ ਕੀਤਾ ਹੈ, ਉਸ ਪ੍ਰਭੂ ਦੇ ਅਜਰ-ਅਮਰ ਗੁਣਾਂ ਨੂੰ ਵੀ ਧਾਰਨ ਕਰਨ ਦਾ ਸੱਚਾ ਉਪਦੇਸ਼ ਦਿੱਤਾ ਹੈ। ਪ੍ਰਮਾਤਮਾ ਜੀ ਦੇ ਗੁਣਾਂ ਦਾ ਹਿਸਾਬ ਜੀਵਾਂ ਦੇ ਕਰਨ ਦੀ ਵੱਸ ਦੀ ਗੱਲ ਨਹੀਂ। ਉਸ ਪ੍ਰਭੂ ਦਾ ਸਭ ਤੋਂ ਵੱਡਾ ਮਹਾਨ ਗੁਣ ਸਾਨੂੰ ਸਭ ਨੂੰ ਨਜ਼ਰ ਆਉਂਦਾ ਕਿ ਉਹ ਆਜ਼ਾਦ ਹਸਤੀ ਹੈ, ਉਸ ਦੀ ਬਣਾਈ ਸ੍ਰਿਸ਼ਟੀ ਵੀ ਆਜ਼ਾਦ ਹੀ ਹੈ। ਹਰਿ ਪ੍ਰਭੂ ਆਜ਼ਾਦੀ ਦਾ ਪ੍ਰਤੀਕ ਹੈ। ਜੋ ਆਪ ਕਿਸੇ ਸ਼ਕਤੀ ਦੇ ਤਹਿਤ ਗੁਲਾਮ ਨਹੀਂ ਹੈ ਅਤੇ ਆਪਣੇ ਬਣਾਏ ਜੀਵਾਂ ਨੂੰ ਵੀ ਗੁਲਾਮੀ ਭਰਿਆ ਜੀਵਨ ਜਿਉਣ ਤੋਂ ਰੋਕਦਾ ਹੈ। ਇੱਜ਼ਤ ਮਾਣ ਸਨਮਾਣ ਭਰਿਆ ਜੀਵਨ ਜਿਉਣ ਦਾ ਸੱਚਾ ਉਪਦੇਸ਼ ਦਿੰਦਾ ਹੈ। ਸਾਡਾ ਸਮਾਜ ਜੋ ਸ਼ੈਤਾਨੀ ਲੋਕਾਂ ਦੁਆਰਾ ਹਜ਼ਾਰਾਂ ਸਾਲ ਗੁਲਾਮੀ ਦੇ ਹਨੇਰੇ ਵਿਚ ਰੱਖਿਆ ਹੈ। ਸਤਿਗੁਰੂ ਰਵਿਦਾਸ ਜੀ ਅੰਮ੍ਰਿਤਬਾਣੀ ਵਿਚ ਫ਼ਰਮਾਉਂਦੇ ਹਨ ਕਿ ਗੁਲਾਮੀ ਭਰਿਆ ਜੀਵਨ ਜਿਉਣਾ ਪਪ ਹੈ।

"ਪਰਾਧੀਨਤਾ ਪਾਪ ਹੈ ਜਾਨ ਲੇਹੁ ਰੇ ਮੀਤੁ
ਰਵਿਦਾਸ ਦਾਸ ਪਰਾਧੀਨ ਸੋ ਕੌਣ ਕਰੈ ਹੈ ਪ੍ਰੀਤੁ।।
ਪਰਾਧੀਨ ਕੌ ਦੀਨ ਕਯਾ ਪਰਾਧੀਨ ਬੇਦੀਨ।।
ਰਵਿਦਾਸ ਦਾਸ ਪਰਾਧੀਨ ਕੋ ਸਭ ਹੀ ਸਮਝੇ ਹੀਨ"।।

ਪਰਾਧੀਨਤਾ ਵਾਲਾ ਜੀਵਨ ਜਿਉਣਾ ਪਾਪ ਦੇ ਸਮਾਨ ਹੈ। ਇਸ ਵਾਸਤੇ ਪਰਾਧੀਨਤਾ ਤੋਂ ਮੁਕਤ ਹੋ ਕੇ ਜੀਵ ਨੂੰ ਇੱਜ਼ਤ ਅਣਖ ਭਰਿਆ ਜੀਵਨ ਜਿਉਣਾ ਚਾਹੀਦਾ ਹੈ। ਪਰਾਏ ਦੇ ਅਧੀਨ ਰਹਿ ਕੇ ਜ਼ੁਲਮ ਸਹਿਣ ਕਰਨਾ ਪਾਪ ਹੈ। ਇਸ ਗੱਲ ਨੂੰ ਚੰਗੀ ਤਰ੍ਹਾਂ ਜਾਣ ਲਓ ਸਮਝ ਲਓ, ਗੁਲਾਮੀ ਵਾਲਾ ਜੀਵਨ ਪਾਪ ਹੈ, ਕਿਉਂਕਿ ਗੁਲਾਮ ਨੂੰ ਸਭ ਹੀ ਦੁਰਕਾਰਦੇ ਹਨ। ਉਸ ਨਾਲ ਕੋਈ ਪ੍ਰੀਤ ਨਹੀਂ ਕਰਦਾ। ਜੋ ਪਰਾਏ ਦੇ ਅਧੀਨ ਹੈ ਉਸ ਦਾ ਆਪਣਾ ਕੋਈ ਧਰਮ ਨਹੀਂ ਹੈ। ਜਿਸ ਦਾ ਕੋਈ ਧਰਮ ਨਹੀਂ ਹੁੰਦਾ ਉਸ ਨੂੰ ਸਭ ਹੀ ਹੀਣ ਸਮਝਦੇ ਹਨ। ਸਤਿਗੁਰੂ ਰਵਿਦਾਸ ਜੀ ਸਮੁੱਚੀ ਅੰਮ੍ਰਿਤਬਾਣੀ ਰਾਹੀਂ ਸਮਾਜ ਨੂੰ ਇੱਜ਼ਤ ਸਵੈਮਾਨ ਤੇ ਅਣਖ ਭਰਿਆ ਜੀਵਨ ਬਤੀਤ ਕਰਨ ਦਾ ਮਹਾਨ ਉਪਦੇਸ਼ ਬਖ਼ਸ਼ਿਸ਼ ਅਤੇ ਗੁਲਾਮੀ ਭਰਿਆ ਜੀਵਨ ਤਿਆਗ ਦੇਣ ਦਾ ਉਪਦੇਸ਼ ਦਿੰਦੇ ਹਨ। ਸਤਿਗੁਰੂ ਰਵਿਦਾਸ ਜੀ ਨੂੰ ਮੰਨਣ ਵਾਲਾ ਸਮਾਜ ਦਲਿਤ ਸਮਾਜ ਜੋ ਹਜ਼ਾਰਾਂ ਸਾਲਾਂ ਤੋਂ ਗੁਲਾਮੀ ਭਰਿਆ ਜੀਵਨ ਬਤੀਤ ਕਰਦਾ ਆ ਰਿਹਾ ਹੈ। ਸਤਿਗੁਰੂ ਰਵਿਦਾਸ ਜੀ ਮਹਾਰਾਜ, ਸਤਿਗੁਰੂ ਨਾਮਦੇਵ ਜੀ, ਸਤਿਗੁਰੂ ਕਬੀਰ ਜੀ, ਸਤਿਗੁਰੂ ਤ੍ਰਿਲੋਚਨ ਜੀ, ਸਤਿਗੁਰੂ ਸੈਨ ਜੀ, ਸਤਿਗੁਰੂ ਸਧਨਾ ਜੀ ਅਤੇ ਡੇਰਾ ਸੱਚਖੰਡ ਬੱਲਾਂ ਦੇ



ਮਹਾਨ ਮਹਾਂਪੁਰਸ਼ਾਂ ਨੇ ਜਾਗ੍ਰਿਤੀ ਪੈਦਾ ਕੀਤੀ ਹੈ। ਬਾਬਾ ਸਾਹਿਬ ਡਾ. ਅੰਬੇਡਕਰ ਜੀ, ਸਾਹਿਬ ਸ਼੍ਰੀ ਕਾਸ਼ੀ ਰਾਮ ਜੀ, ਬਾਬੂ ਮੰਗੂ ਰਾਮ ਜੀ ਦੇ ਮਿਸ਼ਨ ਪ੍ਰਚਾਰ ਦੁਆਰਾ ਲਿਆਂਦੀ ਜਾਗ੍ਰਿਤੀ ਸਦਕਾ ਅੱਜ ਇਹ ਸਮਾਜ ਆਪਣੇ ਮਾਨ ਸਨਮਾਨ ਦੀ ਖਾਤਿਰ ਸਿਰ ਧੜ ਦੀ ਬਾਜੀ ਲਾਉਣ ਲਈ ਤਿਆਰ ਹੈ। ਜੋ ਅੱਜ ਤੱਕ ਕਿਸੇ ਦੂਸਰੇ ਦੇ ਧਰਮਾਂ ਵਿਚ ਆਪਣੀਆਂ ਕੁਰਬਾਨੀ ਦੀਆਂ ਕਹਾਣੀਆਂ ਬਣਾਉਦਾ ਆ ਰਿਹਾ ਸੀ। ਅੱਜ ਉਹ ਸਮਾਜ ਅਮਰ ਸ਼ਹੀਦ ਸੰਤ ਰਾਮਾ ਨੰਦ ਜੀ ਦੀ ਸ਼ਹਾਦਤ ਤੋਂ ਪ੍ਰੇਰਨਾ ਲੈ ਕੇ ਆਪਣਾ ਵਜੂਦ ਦੁਨੀਆਂ ਨੂੰ ਦਿਖਾਉਣ ਲਈ ਮੈਦਾਨ ਵਿਚ ਨਿਤਰਿਆ ਹੈ। 30 ਜਨਵਰੀ 2010 ਨੂੰ ਸਤਿਗੁਰੂ ਰਵਿਦਾਸ ਜੀ ਦੀ ਜਨਮ ਭੂਮੀ ਕਾਸ਼ੀ ਬਨਾਰਸ ਤੋਂ ਸੰਤ ਨਿਰੰਜਨ ਦਾਸ ਜੀ ਤੇ ਹੋਰ ਸੰਤ ਮਹਾਂਪੁਰਸ਼ਾਂ ਦੀ ਅਗਵਾਈ ਵਿਚ ਕਰੋੜਾਂ ਦੇ ਜਨ-ਸਮੂਹ ਸੰਗਤਾਂ ਦੇ ਇਕੱਠ ਵਿਚ ਮਾਣ-ਸਨਮਾਨ ਦੀ ਰਾਹ ਤੇ ਚਲਦਿਆਂ "ਰਵਿਦਾਸੀਆ ਧਰਮ" ਐਲਾਨ ਕਰ ਦਿੱਤਾ। ਜ਼ਬਰ ਜ਼ੁਲਮ ਕੱਟੜਤਾ ਸ਼ੈਤਾਨੀ ਤਾਕਤਾਂ ਵਿਰੁੱਧ ਸਮੁੱਚੀ ਦੁਨੀਆਂ ਨੂੰ ਅਮਨ ਦਾ ਪੈਗਾਮ ਦੇਣ ਨੂੰ ਮੈਦਾਨ ਵਿਚ ਉਤਰੀ ਸੋਚ ਦਾ ਨਾਮ ਹੈ "ਰਵਿਦਾਸੀਆ ਧਰਮ"। ਸਤਿਗੁਰੂ ਰਵਿਦਾਸ ਜੀ ਦੇ ਸਮੁੱਚੇ ਵਿਸ਼ਵ ਵਿਚ ਫੈਲੇ ਪੈਰੋਕਾਰਾਂ ਨੇ ਸਤਿਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ "ਬੇਗਮਪੁਰਾ ਸਹਿਰ ਕੋ ਨਾਉ" ਪੂਰੇ ਵਿਸ਼ਵ ਵਿਚ ਫੈਲਾਉਣ ਲਈ, ਜਨ ਜਾਗ੍ਰਿਤੀ ਲਈ, ਸਤਿਗੁਰਾਂ ਦੇ ਮਿਸ਼ਨ ਨੂੰ ਘਰ- ਘਰ ਪਹੁੰਚਾਉਣ ਲਈ ਰਵਿਦਾਸੀਆਂ ਧਰਮ ਦਾ ਝੰਡਾ ਗੱਡਿਆ ਹੈ। ਸਾਰੇ ਵਿਸ਼ਵ ਵਿਚ ਸੁਖਮਈ ਸ਼ਾਂਤੀ ਦਾ ਹੋਕਾ ਦਿੰਦਾ ਰਵਿਦਾਸੀਆਂ ਧਰਮ ਸਾਰੀ ਮਾਨਵਤਾ ਨੂੰ ਅਮਨ ਦਾ ਪਾਠ ਗੁਰੂ ਰਵਿਦਾਸ ਜੀ ਦੀ ਛਤਰ ਛਾਇਆ ਵਿਚ ਰਹਿ ਕੇ ਪੜ੍ਹਾ ਰਿਹਾ ਹੈ। ਸਤਿਗੁਰੂ ਰਵਿਦਾਸ ਜੀ ਨੇ ਜੀਵਨ ਭਰ ਸੰਘਰਸ਼ ਭਰੇ ਰਾਹਾਂ ਤੋਂ ਗੁਜ਼ਰਦਿਆਂ ਸਮਾਜ ਨੂੰ ਮਾਣ, ਸਨਮਾਨ, ਇੱਜਤ, ਮਾਨਵੀ ਹੱਕ, ਹਰ ਸੁੱਖ ਸਹੂਲਤ ਮੁਹੱਈਆ ਕਰਵਾਈ। ਜੋ ਸਮਾਜ ਅੱਜ ਸੁੱਖ ਸਹੂਲਤਾਂ ਭਰਿਆਂ ਜੀਵਨ ਬਤੀਤ ਕਰ ਰਿਹਾ ਹੈ ਇਹ ਸਤਿਗੁਰੂ ਰਵਿਦਾਸ ਜੀ ਦੀ ਬਦੌਲਤ ਹੈ। ਅੱਜ ਇਹ ਸ਼ਬਦ ਸਮਾਜ ਨੂੰ ਸੋਚਾਂ ਵਿਚ ਬਿਠਾ ਲੈਣੇ ਚਾਹੀਦੇ ਹਨ ਕਿ ਜੇਕਰ ਸਤਿਗੁਰੂ ਰਵਿਦਾਸ ਜੀ ਦੁਨੀਆਂ ਵਿਚ ਨਾ ਆਉਂਦੇ ਤੇ ਅੰਮ੍ਰਿਤਬਾਣੀ ਨਾ ਉਚਾਰਦੇ ਤਾਂ ਇਹ ਸਮਾਜ ਲੱਭਿਆ ਨਹੀਂ ਲੱਭਣਾ ਸੀ। ਅੱਜ ਸਮੁੱਚੇ ਵਿਸ਼ਵ ਵਿਚ ਸਤਿਗੁਰੂ ਰਵਿਦਾਸ ਜੀ ਦੇ ਪੈਰੋਕਾਰ ਸਤਿਗੁਰੂ ਰਵਿਦਾਸ ਜੀ ਦੇ ਮਿਸ਼ਨ ਦਾ ਪ੍ਰਚਾਰ ਕਰਕੇ ਸੇਵਾਵਾਂ ਨਿਭਾ ਰਹੇ ਹਨ। ਅੱਜ ਸਮੁੱਚੇ ਪੈਰੋਕਾਰਾਂ ਦਾ ਫਰਜ ਬਣਦਾ ਹੈ ਕਿ ਆਪਣੇ ਇਸ਼ਟ ਸਤਿਗੁਰੂ ਰਵਿਦਾਸ ਜੀ ਦੀ ਮਾਨਵਵਾਦੀ ਵਿਚਾਰਾਧਾਰਾ ਦਾ ਪ੍ਰਚਾਰ ਕਰਨ ਹਿੱਤ ਰਵਿਦਾਸੀਆ ਧਰਮ ਦਾ ਵੱਧ ਤੋਂ ਵੱਧ ਪ੍ਰਚਾਰ ਕੀਤਾ ਜਾਵੇ। ਜੋ ਐਲਾਨ ਹੋਇਆ ਹੈ ਸਾਡਾ ਰਹਿਬਰ – ਸਤਿਗੁਰੂ ਰਵਿਦਾਸ ਜੀ, ਸਾਡਾ ਕੌਮੀ ਨਿਸ਼ਾਨ – 'ਹਰਿ', ਸਾਡਾ ਸੰਬੋਧਨ – ਜੈ ਗੁਰਦੇਵ, ਸਾਡਾ ਤੀਰਥ ਅਸਥਾਨ – ਸ਼੍ਰੀ ਗੁਰੂ ਰਵਿਦਾਸ ਜਨਮ ਅਸਥਾਨ ਮੰਦਿਰ ਸੀਰ ਗੋਵਰਧਨਪੁਰ ਵਾਰਾਨਸੀ (ਯੂ.ਪੀ), ਸਾਡਾ ਉਦੇਸ਼ – ਸਤਿਗੁਰੂ

ਰਵਿਦਾਸ ਜੀ ਮਹਾਰਾਜ ਜੀ ਦੀ ਮਾਨਵਵਾਦੀ ਵਿਚਾਰਧਾਰਾ ਦੇ ਨਾਲ-ਨਾਲ ਮਹਾਰਿਸ਼ੀ ਭਗਵਾਨ ਬਾਲਮੀਕ ਜੀ, ਸਤਿਗੁਰੂ ਨਾਮਦੇਵ ਜੀ, ਸਤਿਗੁਰੂ ਕਬੀਰ ਜੀ, ਸਤਿਗੁਰੂ ਸਧਨਾ ਜੀ, ਸਤਿਗੁਰੂ ਸੈਨ ਜੀ ਦੀ ਮਾਨਵਵਾਦੀ ਵਿਚਾਰਧਾਰਾ ਦਾ ਪ੍ਰਚਾਰ ਕਰਨਾ। ਸਾਰੇ ਧਰਮਾਂ ਦਾ ਸਤਿਕਾਰ ਕਰਨਾ, ਮਾਨਵਤਾ ਨਾਲ ਪਿਆਰ ਕਰਨਾ ਤੇ ਸਦਾਚਾਰੀ ਜੀਵਨ ਬਤੀਤ ਕਰਨਾ। ਸਤਿਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਨੂੰ ਪ੍ਰਚਾਰਦਿਆਂ ਡੇਰਾ ਸੱਚਖੰਡ ਬੱਲਾਂ ਦੇ ਮਹਾਨ ਸੰਤ ਨਿਰੰਜਨ ਦਾਸ ਜੀ ਤੇ ਸੰਤ ਰਾਮਾ ਨੰਦ ਜੀ ਵਿਆਨਾ (ਆਸਟਰੀਆ) ਦੇ ਗੁਰੂ ਰਵਿਦਾਸ ਮੰਦਿਰ ਵਿਚ ਗਏ ਤੇ ਉਥੇ ਉਹਨਾਂ ਤੇ ਹਮਲਾ ਕੀਤਾ ਗਿਆ ਜਿਸ ਵਿਚ ਸੰਤ ਨਿਰੰਜਨ ਦਾਸ ਜੀ ਜ਼ਖਮੀ ਹੋ ਗਏ ਤੇ ਸੰਤ ਰਾਮਾ ਨੰਦ ਜੀ ਸ਼ਹੀਦ ਹੋ ਗਏ। ਸਤਿਗੁਰੂ ਰਵਿਦਾਸ ਜੀ ਦੀ ਵਿਚਾਰਾਧਾਰ ਤੇ ਹਮਲਾ ਹੋਇਆ ਇਸ ਹਮਲੇ ਦਾ ਜਵਾਬ ਦੇਣ ਹਿੱਤ ਸੰਤ ਰਾਮਾ ਨੰਦ ਜੀ ਦੀ ਸ਼ਹਾਦਤ ਨੂੰ ਨਤਮਸਤਕ ਹੁੰਦਿਆਂ 30 ਜਨਵਰੀ 2010 ਨੂੰ 'ਰਵਿਦਾਸੀਆ ਧਰਮ' ਦਾ ਐਲਾਨ ਕਰਕੇ ਸੰਗਤ ਨੂੰ ਆਪਣਾ ਘਰ, ਆਪਣੀ ਵਿਰਾਸਤ ਦਿੱਤੀ। ਅੱਜ ਸਮੁੱਚੀ ਕੌਮ ਦਾ ਫਰਜ਼ ਬਣਦਾ ਹੈ ਆਪਣੇ ਬਾਪ ਦੀ ਵਿਰਾਸਤ ਨੂੰ ਸਾਂਭਣ ਦਾ, ਅੱਜ ਅਸੀਂ ਸਤਿਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਨੂੰ ਵਿਸ਼ਵ ਵਿਚ ਮਹਾਨ ਬੇਗਮਪੁਰਾ ਸ਼ਹਿਰ ਦੀ ਸੋਚ ਦੇਣੀ ਚਾਹੁੰਦੇ ਹਾਂ ਤਾਂ ਸਪੱਸ਼ਟ ਸੋਚ ਰਵਿਦਾਸੀਆ ਧਰਮ ਐਲਾਨ ਕਰਨਾ ਹੋਵੇਗਾ। ਆਪਣੇ ਗੁਰੂ ਰਵਿਦਾਸ ਦੀ ਸਿੱਖਿਆ ਤੇ ਅਮਲ ਕਰਕੇ ਆਪਣੇ ਧਰਮ ਦਾ ਹਰਿ ਦਾ ਨਿਸ਼ਾਨ ਸਾਹਿਬ ਝੁਲਾਉਣਾ ਹੈ। "ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ" ਧਾਰਮਿਕ ਪੁਸਤਕ ਦਾ ਜਾਪ ਕਰਨਾ ਤੇ ਸਮੁੱਚੀ ਸੰਗਤ ਨੂੰ ਕਰਾਉਣਾ।

ਜਗਤਗਰੂ ਰਵਿਦਾਸ ਜੀ ਦੇ ਸਮਾਜ ਨੇ ਭਾਰਤ ਦੇ ਵੱਖ-ਵੱਖ ਪ੍ਰਾਂਤਾ ਵਿੱਚ ਅੰਦੋਲਨ ਚਲਾਏ ਜੋ ਅਲੱਗ-ਅਲੱਗ ਨਾਂਵਾ ਵਾਲ ਪ੍ਰਸਿੱਧ ਹਨ। ਉੱਤਰ ਪ੍ਰਦੇਸ਼ ਵਿੱਚ ਜਾਟਵ ਅੰਦੋਲਨ, ਮੱਧ ਪ੍ਰਦੇਸ਼ ਵਿੱਚ ਅਹਿਰਵਾਲ ਅੰਦੋਲਨ, ਛੱਤੀਸਗੜ੍ਹ ਵਿੱਚ ਸਤਨਾਮ ਅੰਦੋਲਨ, ਆਂਧਰਾ ਪ੍ਰਦੇਸ਼ ਅਤੇ ਕਰਨਾਟਕਾ ਵਿੱਚ ਮਾਦੀਗਾ ਅੰਦੋਲਨ ਅਤੇ ਪੰਜਾਬ ਵਿੱਚ ਆਦਿ ਧਰਮ ਅੰਦੋਲਨ ਚਲਾਏ ਗਏ। ਭਾਰਤ ਦੇ ਹੋਰ ਭਾਗਾਂ ਵਿੱਚ ਵੀ ਵੱਖ-ਵੱਖ ਨਾਂਵਾ ਤੇ ਅੰਦੋਲਨ ਚਲਾਏ ਗਏ। ਰਵਿਦਾਸੀਆ ਧਰਮ ਬਣਨ ਨਾਲ ਸਾਰੇ ਅੰਦੋਲਨਾਂ ਦੀ ਮਿਹਨਤ ਸਾਰਥਕ ਹੋ ਗਈ।

ਜੈ ਗੁਰੂਦੇਵ ਧੰਨ ਗੁਰੂਦੇਵ

## "ਹਰਿ ਸੋ ਹੀਰਾ ਛਾਡਿ ਕੇ"

ਵਿਸ਼ਵ ਦਾ ਸਿਰਜਕ, ਪਾਲਕ ਤੇ ਵਿਸ਼ਵ ਦੇ ਵਿਨਾਸ਼ਕ (ਜੋ ਚੀਜ਼ ਬਣੀ ਹੈ ਜਾ ਜੀਵ ਬਣਿਆ ਉਸ ਨੂੰ ਆਪਣੀ ਸੀਮਤ ਉਮਰ ਗੁਜ਼ਾਰਦਿਆਂ ਖ਼ਤਮ ਹੋਣਾ ਪੈਂਦਾ ਹੈ ਇਹੀ ਹਰਿ ਦਾ ਸਿਧਾਂਤ ਹੈ। ਉਹ ਪਾਰਬ੍ਰਹਮ ਪਰਮੇਸ਼ਵਰ ਸਰੂਪ ਹਰਿ ਹੈ। ਜਿਸ ਦੀ ਬਣਾਈ ਇਹ ਸ੍ਰਿਸ਼ਟੀ ਨਜ਼ਰ ਆਉਂਦੀ ਹੈ। ਹਰਿ ਦੀ ਬਣਾਈ ਸ੍ਰਿਸ਼ਟੀ ਵਿਚ ਅਜੋਕੇ ਸਮੇਂ ਵਿਚ ਅਸੀਂ ਵਿਚਰ ਰਹੇ ਹਾਂ। ਹਰਿ ਜੋ ਪ੍ਰਮਾਤਮਾ ਹੈ ਉਹ ਆਪੇ ਤੋਂ ਹੈ। ਇਸ ਸੰਸਾਰ ਦੇ ਬਜੂਦ ਤੋਂ ਪਹਿਲਾਂ ਵੀ ਹਰਿ ਸੀ,ਅੱਜ ਵੀ ਉਹੀ ਹੈ, ਅਖੀਰ ਵੀ ਉਹੀ ਰਹੇਗਾ। ਹਰਿ



ਇਕ ਬੇਅੰਤ ਸ਼ਕਤੀ ਦਾ ਨਾਮ ਹੈ ਜਿਸ ਦੇ ਇਕ ਇਸ਼ਾਰੇ ਤੇ ਕਾਇਨਾਤ ਦਾ ਪਸਾਰਾ ਹੁੰਦਾ ਹੈ ਜਿਸ ਦੀ ਮਿਹਰ ਸਭ ਜੀਵਾਂ ਤੇ ਹੋ ਰਹੀ ਹੈ। ਮਾਲਿਕ ਹਰਿ ਜੋ ਸੰਸਾਰ ਦੇ ਕਣ-ਕਣ ਵਿਚ ਬਿਰਾਜਿਆ ਹੋਇਆ ਹੈ ਜਿਸ ਦੇ ਇਕ ਇਸ਼ਾਰੇ ਤੇ ਆਮ ਸਾਧਾਰਨ ਮਾਨਵ ਤਾਂ ਕੀ ਕਹਿੰਦੀਆਂ ਕਹਾਉਂਦੀਆਂ ਹਸਤੀਆਂ ਨੂੰ ਕੂਚ ਕਰਨਾ ਪਿਆ। ਹਰਿ ਜਿਸ ਦੇ ਇਸ਼ਾਰੇ ਤੋਂ ਬਿਨਾਂ ਪੱਤਾ ਵੀ ਨਹੀਂ ਹਿਲ ਸਕਦਾ। ਹਰਿ ਇਕ ਅਨੰਤ ਬੇਅੰਤ ਸ਼ਕਤੀ ਦਾ ਨਾਮ ਹੈ ਜਿਸ ਨੇ ਅਨੇਕਾਂ ਬਲਸ਼ਾਲੀ ਰਾਜਿਆਂ ਨੂੰ ਬਣਾਇਆ ਤੇ ਮਿਟਾ ਦਿੱਤਾ। ਹਰਿ ਜ਼ਰੇ ਜ਼ਰੇ ਵਿਚ ਮੌਜੂਦ ਹੈ। ਹਰ ਮਾਨਵ ਵਿਚ ਹਰਿ ਦੀ ਜੋਤ ਜਗਦੀ ਹੈ। ਹਰ ਦਿਲ ਵਿਚ ਹਰਿ ਦੀ ਜੋਤ ਜਗਦੀ ਹੈ। ਹਰ ਦਿਲ ਵਿਚ ਹਰਿ ਜੀ ਸਮਾਏ ਬੈਠੇ ਹਨ। ਹਰਿ ਦੀ ਅਸੀਮ ਸ਼ਕਤੀ ਸਦਕਾ ਮਾਨਵ ਪੰਜ ਤੱਤਾਂ 'ਚ ਮਿਲ ਕੇ ਇਸ ਸੰਸਾਰ ਵਿਚ ਆਉਦਾਂ ਹੈ। ਬਚਪਨ, ਜਵਾਨੀ ਅਤੇ ਬੁਢੇਪੇ ਤੋਂ ਹੁੰਦਿਆਂ ਅੰਤ ਮੌਤ ਦੇ ਦਰਵਾਜ਼ਿਆਂ ਚੋ ਨਿਕਲ ਕੇ ਫਿਰ ਉਸੇ ਹਰਿ ਦੀਆਂ ਅਸੀਮ ਸ਼ਕਤੀਆਂ ਵਿਚ ਜਿਨ੍ਹਾਂ ਵਿਚ ਨਿਕਲ ਕੇ ਬਣਿਆਂ ਹੁੰਦਾ ਹੈ ਉਹਨਾਂ ਵਿਚ ਹੀ ਮਿਲ ਜਾਂਦਾ ਹੈ। ਸੰਸਾਰ ਵਿਚ ਹੁਣ ਤੱਕ ਅਰਬਾਂ ਖਰਬਾਂ ਲੋਕ ਆਏ ਆਪਣੀ ਜਿੰਦਗੀ ਗੁਜ਼ਾਰੀ ਸਾਰੀ ਜ਼ਿੰਦਗੀ ਮਾਇਆ ਪਿੱਛੇ ਨੱਸਦੇ ਰਹੇ ਤੇ ਅੰਤ ਸਮੇਂ ਜਦੋਂ ਸੰਸਾਰ ਤੋਂ ਜਾਣ ਦਾ ਸਮਾਂ ਆਇਆ ਤਾਂ ਹੱਥ ਖਾਲੀ ਦਿਖਾ ਕੇ ਚਲੇ ਗਏ। ਅਰਬਾਂ ਖਰਬਾਂ ਨੂੰ ਬਣਾ ਕੇ ਮਿਟਾਉਣ ਵਾਲੀ ਸ਼ਕਤੀ ਦਾ ਨਾਮ ਹੈ "ਹਰਿ" ਜੋ ਆਦਿ ਤੋਂ ਅੰਤ ਤੱਕ ਰਹੇਗੀ। ਇਸ ਬੇਅੰਤ ਸ਼ਕਤੀ ਦਾ ਅੰਤ ਪਾ ਸਕਣਾ ਅਸੰਭਵ ਹੈ। ਇਸ ਦਾ ਅੰਤ ਪਾ ਸਕਣਾ ਸੰਸਾਰੀ ਜੀਵਾਂ ਦੀ ਸੋਚ ਤੇ ਪਹੁੰਚ ਤੋਂ ਬਾਹਰ ਹੈ। ਹਰਿ ਦੀ ਮਹਿਮਾ ਹਰਿ ਦੀ ਮਹਾਨਤਾ ਨੂੰ ਜਾਨਣਾ ਸਮਝਣਾ ਸੰਭਵ ਹੈ ਜੇਕਰ ਜੀਵ ਮਹਾਂਪੁਰਸ਼ਾਂ ਦੀ ਸੰਗਤ ਕਰੇ। ਹਰਿ ਨਾਮ ਦਾ ਅਨਮੋਲ ਖਜ਼ਾਨਾ ਮਿਲ ਜਾਂਦਾ ਹੈ ਜੇਕਰ ਇਹ ਜੀਵ ਮਹਾਂਪੁਰਸ਼ਾਂ ਦੀ ਸੰਗਤ ਕਰੇ ਬਚਨਾਂ ਤੇ ਅਮਲ ਕਰੇ। ਸਤਿਗੁਰੂ ਰਵਿਦਾਸ ਜੋ ਰਵਿਦਾਸੀਆ ਧਰਮ ਦੇ ਰਹਿਬਰ ਹਨ ਉਹਨਾਂ ਨੇ ਜੋ ਅੰਮ੍ਰਿਤਬਾਣੀ ਉਚਾਰੀ ਉਹ ਅੱਜ "ਸਤਿਗੁਰੂ ਰਵਿਦਾਸ ਅੰਮ੍ਰਿਤਬਾਣੀ" ਧਾਰਮਿਕ ਪੁਸਤਕ ਦੇ ਰੂਪ ਵਿਚ ਸਤਿਗੁਰੂ ਰਵਿਦਾਸ ਜਨਮ ਅਸਥਾਨ ਮੰਦਿਰ ਸੀਰ ਗੋਵਰਧਨਪੁਰ ਵਾਰਾਨਸੀ (ਯੂ.ਪੀ) ਵਿਖੇ ਪ੍ਰਕਾਸ਼ਵਾਨ ਹੈ। ਜੋ ਅੱਜ ਭੁਲੇ ਭਟਕੇ ਸਮਾਜ ਨੂੰ ਸਤਿ ਸਰੂਪ ਪ੍ਰਮਾਤਮਾ ਦਾ ਰਾਹ ਦਿਖਾ ਰਹੀ ਹੈ। ਆਪਣੀ ਅੰਮ੍ਰਿਤਬਾਣੀ ਵਿਚ ਸਤਿਗੁਰੂ ਰਵਿਦਾਸ ਜੀ ਫ਼ਰਮਾਉਦੇ ਹਨ ਕਿ :-

ਹਰਿ ਸੋ ਹੀਰਾ ਛਾਡਿ ਕੇ ਕਰਹਿ ਆਨ ਕੀ ਆਸ॥
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ॥

ਸਤਿਗੁਰੂ ਰਵਿਦਾਸ ਜੀ ਆਪਣੀ ਅੰਮ੍ਰਿਤਬਾਣੀ ਵਿਚ ਜੋ ਅੱਜ ਸੰਗਤਾਂ ਪਾਸ ਮੌਜੂਦ ਹੈ ਵਿਚ ਫ਼ਰਮਾ ਰਹੇ ਹਨ। ਹੇ ਜੀਵ! ਹੇ ਮਾਨਵ! ਤੂੰ ਪ੍ਰਮਾਤਮਾ ਦੇ ਹਰਿ ਰੂਪੀ ਹੀਰੇ ਨੂੰ ਛੱਡ ਕੇ ਕਿਸੇ ਹੋਰ (ਆਨ) ਦੀ ਆਸ ਲਗਾਈ ਬੈਠਾ ਹੈ। ਹਰਿ ਪ੍ਰਮਾਤਮਾ ਤੋਂ ਦੂਰੀ ਤੈਨੂੰ ਨਰਕਾਂ ਵਿਚ ਲੈ ਜਾਵੇਗੀ। ਸਤਿਗੁਰੂ ਰਵਿਦਾਸ ਜੀ ਇਨਸਾਨ ਨੂੰ ਸੁਚੇਤ ਕਰਦਿਆਂ ਸਮਝਾ ਰਹੇ ਹਨ ਹੇ ਜੀਵ! ਅਜੇ ਵੀ ਵਕਤ ਹੈ ਸੰਭਲ ਜਾ, ਪਛਾਣ ਕਰ ਲੈ

ਹਰਿ ਪਰਮਾਤਮਾ ਦੀ ਇਸ ਮਾਰਗ ਵਿਰੋਧੀ ਆਨ ਦੀ ਤੇਰੇ ਪਾਸ ਸਮਾਂ ਕੋਈ ਜ਼ਿਆਦਾ ਨਹੀਂ ਹੈ। ਇਸ ਥੋੜੇ ਜਿਹੇ ਸਮੇਂ ਵਿਚ ਤੇ ਪਛਾਣ ਕਰਨੀ ਹੈ ਹਰਿ ਰੂਪੀ ਹੀਰੇ ਦੀ। ਇਹ ਹਰਿ ਦਾ ਨਾਮ ਸਾਂਭ ਲੈ ਜੋ ਤੈਨੂੰ ਨਰਕਾਂ ਤੋਂ ਬਚਾ ਲਵੇਗਾ ਤੇ ਆਪਣੇ ਵਿਚ ਸਮਾ ਲਵੇਗਾ। ਹੀਰਿਆਂ ਵਰਗਾ ਜਨਮ ਹੈ ਤੂੰ ਕੋਡੀਆਂ ਵਿਚ ਨਾ ਰੋਲ। ਹਰਿ ਨੂੰ ਛਡ ਕੇ ਜੋ ਵੀ ਜੀਵ ਹੋਰ ਕਿਤੇ ਮੁਕਤੀ ਦੀ ਆਸ ਲਗਾਉਂਦਾ ਹੈ ਇਹ ਅਟੱਲ ਸਚਾਈ ਹੈ ਕਿ ਉਹ ਜੀਵ ਨਰਕਾਂ ਦਾ ਵਾਸੀ ਹੁੰਦਾ ਹੈ ਤੇ ਜੋ ਹਰਿ ਨੂੰ ਸਿਮਰਦਾ ਹੈ ਉਹ ਬੇਗ਼ਮਪੁਰੇ ਦਾ ਵਸਨੀਕ ਬਣਦਾ ਹੈ। ਹੀਰਿਆਂ ਰੂਪੀ ਖਾਨ ਵਿਚੋਂ ਹੀ ਅਣਮੁੱਲਾ ਜੀਵਨ ਦਾ ਹੀਰਾ ਪ੍ਰਾਪਤ ਹੋਇਆ ਹੈ ਇਹ ਹੀਰਾ ਸਾਂਭ ਲੈ। ਇਹ ਮਨੁੱਖਾ ਜਨਮ ਵਾਰ-ਵਾਰ ਨਹੀਂ ਆਉਣਾ। ਇਹ ਸਵਾਸਾਂ ਦੀ ਡੋਰੀ ਤੇ ਹਰਿ ਨਾਮ ਦੇ ਮਣਕੇ ਪਰੋਅ ਲੈ। ਸਤਿਗੁਰੂ ਜੀ ਸਾਨੂੰ ਵਾਰ-ਵਾਰ ਹਰਿ ਨਾਲ ਜੁੜਨ ਦਾ ਰਾਹ ਦੇ ਰਹੇ ਹਨ ਤੇ ਕਿਸੇ ਹੋਰ (ਆਨ) ਨਾਲੋਂ ਤੋੜ ਕੇ ਹਰਿ ਹਰਿ ਨਾਮ ਨਾਲ ਜੋੜ ਰਹੇ ਹਨ। ਅੰਮ੍ਰਿਤਬਾਣੀ ਵਿਚ ਫ਼ਰਮਾ ਰਹੇ ਹਨ:-

ਤੁਮਹਾਰੇ ਨਾਂਵ ਬਿਸਾਸ ਛਾਡੀ ਹੈ ਆਨ ਕੀ ਆਸ
ਸੰਸਾਰ ਧਰਮ ਮੇਰੇ ਮਨ ਨ ਧੀਜੈ।।

ਹਰਿ ਨਾਮ ਤੋਂ ਬਿਨਾ ਹੋਰ ਸਾਰੀਆਂ ਇੱਛਾਵਾ ਛੱਡ ਦਿੱਤੀਆਂ ਹਨ। ਕਿਉਂਕਿ ਇਸ ਸੱਚੇ ਨਾਮ ਬਿਨਾ ਸੰਸਾਰ ਦੇ ਝੂਠੇ ਧਰਮ ਕਰਮ ਕਰਨ ਵਿਚ ਮੇਰਾ ਮਨ ਨਹੀਂ ਲਗਦਾ।

ਸਤਿਗੁਰੂ ਰਵਿਦਾਸ ਜੀ ਪਰਮਾਤਮਾ ਹਰਿ ਦੀ ਤੁਲਨਾ ਸ਼੍ਰਿਸ਼ਟੀ ਦੇ ਕਿਸੇ ਜੀਵ ਨਾਲ ਨਹੀਂ ਕਰਦੇ ਨਾ ਹੀ ਹਰਿ ਰੂਪੀ ਹੀਰੇ ਬਰਾਬਰ ਕੋਈ ਖਜ਼ਾਨਾ ਹੈ। ਹਰਿ ਜੀ ਨਾਲ ਸੱਚੀ ਪ੍ਰੀਤ ਪਾਉਣੀ ਤੇ ਦੂਜਿਆਂ ਨਾਲੋਂ (ਜੋ ਹਰਿ ਦੇ ਤੁਲ ਨਹੀਂ) ਸਦਾ ਲਈ ਟੁੱਟ ਜਾਣ ਦਾ ਉਪਦੇਸ਼ ਦੇ ਰਹੇ ਹੈ ਕਿਉਂਕਿ ਹਰਿ ਤੋਂ ਬਿਨਾਂ ਕਿਸੇ ਹੋਰ (ਆਨ) ਦੀ ਆਸ ਡੁਬੋ ਦਿੰਦੀ ਹੈ। ਜੋ ਆਪਣੇ ਖਸਮ ਨੂੰ ਛਡ ਕੇ ਦਰ ਬ- ਦਰ ਘੁੰਮਦੇ ਹਨ ਅੰਤ ਬਾਜੀ ਹਾਰ ਜਾਂਦੇ ਹਨ। ਸਿਰਫ ਹਰਿ ਜੀ ਦੇ ਲੜ ਲੱਗਣ ਵਾਲੇ ਹੀ ਇਸ ਸੰਸਾਰ ਨਗਰ ਨੂੰ ਪਾਰ ਕਰਨਗੇ। ਉਹ ਭਵ ਸਾਗਰ ਰੂਪੀ ਦਰਿਆ ਪਾਰ ਕਰਨਗੇ। ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ ਦੀ ਪਲ-ਪਲ ਸਮਝਾ ਰਹੀ ਹੈ।

ਤੁਮ ਕਹੀਅਤ ਹੌ ਜਗਤ ਗੁਰ ਸੁਆਮੀ।।
ਹਮ ਕਹੀਅਤ ਕਲਿਯੁਗ ਕੇ ਕਾਮੀ।।

ਇਹ ਸੰਸਾਰੀ ਜੀਵ ਨੂੰ ਸਤਿਗੁਰੂ ਰਵਿਦਾਸ ਜੀ ਫ਼ਰਮਾ ਰਹੇ ਹਨ ਅਤੇ ਸਮਝਾ ਰਹੇ ਹਨ ਕਿ ਪ੍ਰਭੂ ਆਪ ਸਾਰੇ ਸੰਸਾਰ ਦੇ ਮਾਲਕ ਹੋ ਆਪ ਜੀ ਨੂੰ ਭੁੱਲੇ ਹੋਏ ਜੀਵ ਕਾਮੀ, ਮੋਹ ਮਾਇਆ ਵਿਚ ਫਸੇ ਪਏ। ਜਿਹਨਾਂ ਨੇ ਹਰਿ ਹੀਰੇ ਦੀ ਪਛਾਣ ਨਹੀਂ ਕੀਤੀ ਉਹ ਪੰਜੇ ਵਿਕਾਰਾਂ ਹੇਠ ਲੁੱਟੇ ਜਾਂਦੇ ਹਨ। ਇਸੇ ਕਰਕੇ ਸਤਿਗੁਰੂ ਰਵਿਦਾਸ ਜੀ ਹੀਰੇ ਦੀ ਪਛਾਣ ਕਰਕੇ ਹਰਿ ਦੇ ਨਾਲ ਸੱਚੀ ਪ੍ਰੀਤ ਬਣਾਉਣ ਲਈ ਕਹਿ ਰਹੇ ਹਨ। ਹਰਿ ਰੂਪੀ ਹੀਰੇ ਨੂੰ ਛੱਡ ਕੇ ਨਰਕਾਂ ਦਾ ਵਾਸੀ ਬਣੇਗਾ। ਹਰਿ ਨੂੰ ਵਿਸਾਰ ਕੇ ਕਾਲਪਨਿਕ ਦੇਵੀ ਦੇਵਤਿਆਂ ਦੇ ਅਵਤਾਰਾਂ ਦੀ ਪੂਜਾ ਕਰਨੀ ਭਾਵ ਆਨ ਦੀ ਆਸ ਕਰਨੀ ਬੇ-



ਅਰਥ ਹੈ ਤੈਨੂੰ ਨਰਕਾਂ ਦਾ ਭਾਗੀ ਬਣਾਏਗੀ। ਇੱਕ ਸਚਾਈ ਕਿ ਹਰਿ ਦੇ ਸਮਾਨ ਵਿਸ਼ਵ ਵਿਚ ਕੁਝ ਵੀ ਨਹੀਂ ਹੈ। ਕਾਲਪਨਿਕ ਅਵਤਾਰਾਂ ਦੀ ਪੂਜਾ, ਦੇਵੀ ਦੇਵਤਿਆਂ ਦੀ ਅਰਾਧਨਾ ਕਰਨੀ, ਕਰਮ-ਕਾਡਾਂ ਵਿਚ ਜ਼ਿੰਦਗੀ ਬੇਅਰਥ ਕਰਨੀ ਸਭ ਕੁਝ ਫਜ਼ੂਲ ਹੈ। ਇਸ ਸਭ ਪਾਰਬ੍ਰਹਮ ਪਰਮੇਸ਼ਵਰ ਦੀ ਰਚਨਾ ਦੇ ਅਨੁਕੂਲ ਨਹੀਂ ਹੈ ਇਹ ਸਾਰੀ ਮਾਨਵਤਾ ਵਿਰੋਧੀ ਪ੍ਰਕਿਰਿਆ ਹੈ। ਹਰਿ ਜੀ ਵਿਰੋਧੀ ਪ੍ਰਕਿਰਿਆ ਹੈ। ਇਨਸਾਨ ਪਾਸ ਆਪਣੀ ਮੁਕਤੀ ਲਈ ਕੇਵਲ ਪ੍ਰਭੂ ਬੰਦਗੀ ਦਾ ਹੀ ਸਹੀ ਰਸਤਾ ਹੈ। ਹਰਿ ਨੂੰ ਛਡ ਕੇ ਜੀਵ ਦੇ ਪੱਲੇ ਭਟਕਣਾ ਹੀ ਪੈਂਦੀ ਹੈ ਤੇ ਇਹੀ ਭਟਕਣਾ ਜੀਵ ਨੂੰ ਨਰਕਾਂ ਦੇ ਦਰਵਾਜ਼ੇ ਤੱਕ ਲੈ ਜਾਂਦੀ ਹੈ। ਇਸੇ ਸ਼ਰਮਿੰਦਗੀ ਕਾਰਨ ਜੀਵ ਆਤਮਾ ਪ੍ਰਭੂ ਮਾਲਿਕ ਹਰਿ ਨਾਲ ਨਜ਼ਰ ਨਹੀਂ ਮਿਲਾ ਪਾਉਂਦੀ। ਇਨਸਾਨ ਇਸੇ ਪਾਪ ਸਦਕਾ ਨਰਕਾਂ ਦੀ ਅੱਗ ਵਿਚ ਸੜਦਾ ਹੈ, ਤੜਫਦਾ ਹੈ, ਰਿਹਾਈ ਭਾਲਦਾ ਹੈ, ਜੋ ਰਿਹਾਈ ਦਾ ਰਾਸਤਾ ਸਤਿਗੁਰੂ ਰਵਿਦਾਸ ਜੀ ਜਿਉਂਦੇ ਜੀਅ ਨੂੰ ਦਿਖਾ ਰਹੇ ਹਨ ਪਰ ਅਕਲ ਤੇ ਪਰਦਿਆਂ ਕਾਰਨ ਬੇਸਮਝੀਆਂ, ਨਾ-ਸਮਝੀਆਂ ਕਾਰਨ ਸਤਿਗੁਰਾਂ ਦੇ ਦੱਸੇ ਰਾਹ ਤੇ ਪੈਰ ਨਹੀਂ ਧਰਦਾ। ਕਿ

ਹਰਿ ਸੋ ਹੀਰਾ ਛਾਡਿ ਕੇ ਕਰਹਿ ਆਨ ਕੀ ਆਸ।।
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ।।

ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ ਪਾਵਨ ਪਵਿੱਤਰ ਧਾਰਮਿਕ ਪੁਸਤਕ ਵਿੱਚ ਇਸ ਤਰ੍ਹਾਂ ਹਰਿ ਦੀ ਮਹਿਮਾ ਸਮਾਈ ਪਈ ਹੈ। ਜਿਵੇਂ ਸਮੁੰਦਰ ਵਿਚ ਨੀਰ ਹੁੰਦਾ ਹੈ। ਇਸ ਦਾ ਹਰਫ਼ ਹਰਫ਼ ਹਰਿ ਨਾਲ ਜੁੜ ਬੈਠਣ ਦਾ ਸੱਚਾ ਉਪਦੇਸ਼ ਦੇ ਰਿਹਾ ਹੈ। ਹਰਿ ਨਾਮ ਤੋਂ ਬਿਨਾਂ ਕਿਸੇ ਹੋਰ (ਆਨ) ਦੀ ਆਸ ਛੱਡਣ ਦਾ ਮਾਰਗ ਦਿਖਾ ਰਿਹਾ ਜਿਵੇਂ :-

ਗੌਤਮ ਨਾਰਿ ਉਮਾਪਤਿ ਸਵਾਮੀ
ਸੀਸ ਧਾਰਨਿ ਸਹਜ ਭਗ ਕਾਮੀ।।

ਸਤਿਗੁਰੂ ਰਵਿਦਾਸ ਜੀ ਮਾਇਆ ਪਿੱਛੇ ਨੰਗੇ ਪੈਰੀ ਭੱਜਦੇ ਜੀਵ ਨੂੰ ਸਮਝਾਉਂਦੇ ਫ਼ਰਮਾ ਰਹੇ ਹਨ ਵੇਖ ਕਿਵੇਂ ਮਾਇਆ ਦੇ ਪ੍ਰਭਾਵ ਵਿਚ ਗੌਤਮ ਰਿਸ਼ੀ ਉਸ ਦੀ ਪਤਨੀ ਅਹੱਲਿਆ, ਪਾਰਬਤੀ ਦੇ ਪਤੀ ਸ਼ਿਵਜੀ, ਸਵਾਮੀ ਬ੍ਰਹਮਾ ਸਾਰੇ ਹੀ ਮਾਇਆ ਦੇ ਪ੍ਰਭਾਵ ਵਿੱਚ ਸਨ। ਇੰਦਰੀਆਂ ਦੇ ਨਚਾਏ ਨੱਚਦੇ ਰਹੇ। ਇਹ ਮਾਇਆ ਦੇ ਦੂਤ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਵਿਚ ਡੁੱਬ ਗਏ। ਵਿਸ਼ਿਆ ਵਿਕਾਰਾਂ ਵਿਚ ਡੁੱਬ ਗਏ ਤਰ ਨਹੀਂ ਪਾਏ।

ਬ੍ਰਹਮਾ ਖੋਜਤ ਜਨਮ ਗੰਵਾਇਆ

ਬ੍ਰਹਮਾ ਜੀ ਨੇ ਵੀ ਪ੍ਰਭੂ ਹਰਿ ਨੂੰ ਖੋਜਿਆ ਨਹੀਂ ਪਰ ਆਪਣਾ ਜਨਮ ਗਵਾਇਆ। ਜਿਹਨਾਂ ਦੇ ਨਾਮ ਦੀ ਚਰਚਾ ਚਾਰੇ ਪਾਸੇ ਫੈਲੀ ਪਈ ਹੈ। ਉਹ ਵੀ ਪ੍ਰਭੂ ਹਰਿ ਦੀ ਬੰਦਗੀ ਬਿਨਾਂ ਕਿਨਾਰੇ ਨਹੀਂ ਲੱਗ ਸਕੇ। ਉਹ ਵੀ ਆਨ ਦੀ ਆਸ ਵਿਚ ਰਹੇ ਤੇ ਅੰਤ ਭਵਸਾਗਰ ਰੂਪੀ ਬੇੜੀ ਵਿਚ ਡੁੱਬ ਗਏ। ਹਰਿ ਜੀ ਦੀ ਲੋਅ, ਜੋਤ ਦਾ ਚਾਨਣ

ਐਸਾ ਹੈ ਜਿਸ ਵੀ ਮਨ ਤੇ ਪੈਂਦਾ ਹੈ ਉਹ ਪ੍ਰਕਾਸ਼ਵਾਨ ਹੋ ਜਾਂਦਾ ਹੈ। ਇਸੇ ਸੱਚੀ ਜੋਤ ਨਾਲ ਅਸੀਂ ਸਾਂਝ ਪਾਉਣੀ ਹੈ। ਹਰਿ ਦਾ ਸਿਮਰਨ ਸਵਾਸ-ਸਵਾਸ ਕਰਨਾ ਹੈ, ਹਰ ਪਲ ਲੇਖੇ ਵਿਚ ਲਾਉਣਾ ਹੈ। ਸਾਡੀ ਮੁਕਤੀ ਕੇਵਲ ਤੇ ਕੇਵਲ ਹਰਿ ਦੇ ਦੁਆਰੇ ਹੈ। ਸਤਿਗੁਰੂ ਰਵਿਦਾਸ ਜੀ ਵਾਰ-ਵਾਰ ਯਾਦ ਦਿਲਾ ਰਹੇ ਹਨ ਤੇਰੇ ਕੋਲ ਸਮਾਂ ਬਹੁਤ ਥੋੜਾ ਹੈ ਇਹ ਸਵਾਸਾਂ ਦੀ ਕਿਸ਼ਤੀ ਪਤਾ ਨਹੀਂ ਕਦੋਂ ਮੌਤ ਦੇ ਡੂੰਘੇ ਸਾਗਰਾਂ ਵਿਚ ਡੁੱਬ ਜਾਵੇਗੀ। ਇਸ ਤੋਂ ਪਹਿਲਾਂ ਸਮਾਂ ਸੰਭਾਲ ਲੈ, ਇਹ ਸਾਹਾਂ ਦੀ ਕਿਸ਼ਤੀ ਨੂੰ ਹਰਿ ਨਾਮ ਦਾ ਚੱਪੂ ਲਾ ਜੇ ਪਾਰ ਹੋਣਾ ਜੇ ਮੁਕਤ ਹੋਣਾ, ਹਰਿ ਨਾਮ ਦੀ ਮਹਿਮਾ ਸਮਝ ਜੇ ਭਵ ਸਾਗਰ ਪਾਰ ਕਰਨਾ ਹੈ। ਹਰਿ ਤੇ ਆਨ ਵਿਚਲਾ ਫ਼ਰਕ ਪਛਾਣ ਲੈ। ਉਸ ਨੂੰ ਯਾਦ ਕਰ ਜੋ ਤੇਰੇ ਅੰਗ ਸੰਗ ਹੈ। ਬੇਕਾਰ ਦੀਆਂ ਪੂਜਾ ਅਰਾਧਨਾਵਾਂ ਵਿਚ ਐਵੇਂ ਸਮਾਂ ਗੁਜ਼ਾਰ ਰਿਹਾ ਹੈ। ਮਾਇਆ ਪਿੱਛੇ ਭੱਜ ਰਿਹਾ ਹੈ। ਇਸ ਝੂਠੀ ਮਾਇਆ ਪਿਛੇ ਤੂੰ ਸੱਚੀ ਮਾਇਆ ਨੂੰ ਗਵਾ ਰਿਹਾ ਹੈ। ਆਪਣਾ ਹੀਰਿਆਂ ਵਰਗਾ ਜਨਮ ਕੋਡੀਆਂ ਵਿਚ ਨਾ ਰੋਲ। ਹੀਰੇ ਵਰਗਾ ਜਨਮ ਹੀਰੇ ਵਰਗੇ ਹਰਿ ਦੇ ਚਰਨਾਂ ਵਿਚ ਸਮਰਪਿਤ ਕਰ ਦੇ ਤਾਂ ਜੋ ਇਹ ਜੀਵਨ ਸਫ਼ਲ ਹੋ ਜਾਵੇ ਕਿਉਂਕਿ ਸਮਾਂ ਗੁਜ਼ਰਦਾ ਜਾ ਰਿਹਾ ਹੈ। ਸਤਿਗੁਰੂ ਰਵਿਦਾਸ ਅੰਮ੍ਰਿਤਬਾਣੀ ਵਿਚ ਫ਼ਰਮਾ ਰਹੇ ਹਨ।

ਜੋ ਦਿਨ ਆਵਹਿ ਸੋ ਦਿਨ ਜਾਹੀ
ਕਰਨਾ ਕੂਚ ਰਹਨੁ ਥਿਰੁ ਨਾਹੀ॥
ਸੰਗੁ ਚਲਤ ਹੈ ਹਮ ਵੀ ਚਲਣਾ
ਦੂਰ ਗਵਨੁ ਸਿਰ ਉਪਰਿ ਮਰਨਾ॥
ਕਿਆ ਤੂੰ ਸੋਇਆ ਜਾਗੁ ਇਆਨਾ
ਤੈ ਜੀਵਨ ਜਗਿ ਸਚਿ ਕਰਿ ਜਾਨਾ॥

ਸਤਿਗੁਰੂ ਰਵਿਦਾਸ ਜੀ ਜੀਵ ਨੂੰ ਜੋ ਪ੍ਰਭੂ ਤੋਂ ਕੋਹਾਂ ਮੀਲਾਂ ਦੀ ਦੂਰੀ ਬਣਾਈ ਬੈਠਾ ਹੈ ਨੂੰ ਆਪਣੀ ਅੰਮ੍ਰਿਤਬਾਣੀ ਰਾਹੀ ਅਮਰ ਸੰਦੇਸ਼ ਦੇ ਰਹੇ ਹਨ, ਸਮਝਾ ਰਹੇ ਹਨ ਕਿ ਜੋ ਦਿਨ ਚੜ੍ਹਦਾ ਹੈ ਉਹ ਦਿਨ ਡੁੱਬਦਾ ਜਾ ਰਿਹਾ ਹੈ। ਤੇਰੀ ਸਵਾਸਾਂ ਦੀ ਪੂੰਜੀ ਆਏ ਦਿਨ ਖ਼ਤਮ ਹੋ ਰਹੀ ਹੈ ਤੇ ਇਕ ਦਿਨ ਖ਼ਤਮ ਹੋ ਜਾਏਗੀ। ਇਹ ਹੀਰਿਆਂ ਵਰਗਾ ਜਨਮ ਇਹ ਦੁਰਲਭ ਜਨਮ ਕੌਡੀਆਂ ਵਿਚ ਨਾ ਰੋਲ। ਅਗਿਆਨਤਾ ਦੀ ਨੀਂਦ ਵਿਚ ਸੌਂ ਕੇ ਜੀਵਨ ਨਾ ਗਵਾ, ਜਾਗ ਜਾ ਤੇਰੇ ਸੰਗੀ ਸਾਥੀ ਜਾ ਰਹੇ ਹਨ ਤੂੰ ਵੀ ਨਹੀਂ ਰਹਿਣਾ, ਇਕ ਦਿਨ ਤੈ ਵੀ ਚਲੇ ਜਾਣਾ ਹੈ। ਇਹ ਹੱਸਦੀ ਵਸਦੀ ਦੁਨੀਆਂ ਨੂੰ ਛੱਡ ਜਾਣਾ ਹੈ। ਤੇਰੇ ਸਾਰੇ ਭਰਮ ਪਲ ਵਿਚ ਦੂਰ ਹੋ ਜਾਣੇ ਹਨ। ਹਰਿ ਹਰਿ ਦੇ ਨਾਮ ਦਾ ਜਾਪ ਕਰ ਲੈ, ਆਨ ਦੀ ਆਸ ਛੱਡ ਦੇ। ਇਹ ਥੋੜ੍ਹੇ ਜਿਹੇ ਸਾਹ ਜੋ ਮਿਲੇ ਨੇ ਇਹਨਾਂ ਨੂੰ ਲੇਖੇ ਵਿਚ ਲਾ ਦੇ।

"ਸੁ ਕੁਝ ਵਿਚਾਰਿਓ ਤਾਬੇ ਮੇਰੋ ਮਨ ਥਿਰੁ ਹੈ ਰਹਿਓ।
ਹਰਿ ਰੰਗੁ ਲਾਗੋ ਤਾਬੈ ਮੇਰੋ ਬਰਨ ਪਲਟਿ ਭਾਯੋ"॥

ਜਦੋਂ ਹਰਿ ਦੇ ਸੱਚੇ ਨਾਮ ਦੀ ਵਿਚਾਰ ਕਰੀਏ, ਜਦੋਂ ਹਰਿ ਜੀ ਦਾ ਧਿਆਨ ਕਰੀਏ ਤਾਂ



ਮਨ ਦੀ ਅਸਥਿਰਤਾ ਖ਼ਤਮ ਹੋ ਜਾਂਦੀ ਹੈ, ਭਟਕਣਾ ਖ਼ਤਮ ਹੋ ਜਾਂਦੀ ਹੈ, ਮਨ ਸਥਿਰ ਹੋ ਜਾਂਦਾ ਹੈ, ਸਥਿਰ ਰੂਪ ਵਿਚ ਆ ਜਾਂਦਾ ਹੈ ਜੋ ਇੱਧਰ ਉੱਧਰ ਭਟਕਦਾ ਫਿਰਦਾ ਹੈ ਉਹ ਸ਼ਾਂਤ ਚਿਤ ਹੋ ਜਾਂਦਾ ਹੈ। ਜਦੋਂ ਹਰਿ ਦਾ ਮਜੀਠਾ ਰੰਗ ਮਨ ਤੇ ਚੜ੍ਹ ਜਾਂਦਾ ਹੈ ਤਾਂ ਫਿਰ ਸਭ ਫੋਕੇ ਰੰਗ ਭਾਵ ਆਨ ਲਈ ਕੋਈ ਜਗ੍ਹਾ ਨਹੀਂ ਬਚਦੀ। ਜਦੋਂ ਹਰਿ ਦੀ ਜੋਤ ਜਗਦੀ ਹੈ ਤਾਂ ਸਾਰੇ ਫੋਕੇ ਵਿਖਾਵੇ, ਅੰਧ ਵਿਸ਼ਵਾਸ਼, ਮਨ ਦੇ ਹਨੇਰੇ ਮਿਟ ਜਾਂਦੇ ਹਨ। ਹਰਿ ਦਾ ਜਾਪ ਹੀ ਐਸਾ ਸੱਚਾ ਹੈ ਜੋ ਸਭ ਕੁਝ ਨਿਖਾਰ ਨਿਤਾਰ ਦਿੰਦਾ ਹੈ :-

ਅਬਰਨ ਬਰਨ ਕਥੈ ਜਿਨ ਕੋਈ
ਘਟ ਘਟ ਬਿਆਸਿਓ ਰਹਿਓ ਹਰਿ ਸੋਇ॥

ਸੰਸਾਰੀ ਜੀਵ ਅਬਰਨ ਬਰਨ ਊਚ-ਨੀਚ ਆਦਿ ਬੇਕਾਰ ਦੀਆਂ ਮਾਨਤਾਵਾਂ ਵਿਚ ਜੀਵਨ ਬੇਅਰਥ ਕਰ ਰਹੇ ਹਨ। ਕਣ-ਕਣ ਵਿਚ ਵਸਦਾ ਹਰਿ ਯਾਦ ਨਹੀਂ ਕਰਦੇ ਜਦ ਹਰਿ ਰੂਪੀ ਪ੍ਰਮਾਤਮਾ ਜੀ ਨੇ ਸ੍ਰਿਸ਼ਟੀ ਦੀ ਸਿਰਜਨਾ ਵਿਚ ਕੋਈ ਫ਼ਰਕ ਨਹੀਂ ਪਾਇਆ ਇਹ ਜੀਵ ਕਿਹੋ ਜਿਹੇ ਫ਼ਰਕ ਵਿਚ ਫਸੇ ਪਏ ਹਨ।

ਮੈ ਆਪਨੋ ਮਨ ਹਰਿ ਸੋ ਜੋਰਿਓ
ਹਰਿ ਸੋ ਜੋਰਿ ਸਭਨ ਸੇ ਤੋਰਿਓ॥

ਜੀਵ ਨੂੰ ਸਤਿਗੁਰੂ ਰਵਿਦਾਸ ਜੀ ਅੰਮ੍ਰਿਤਬਾਣੀ ਵਿਚ ਸਮਝਾ ਰਹੇ ਹਨ ਆਪਣਾ ਮਨ ਹਰਿ ਨਾਲ ਜੋੜ ਲੈ ਬਾਕੀ ਸਾਰੇ ਹੀ ਵਿਸ਼ੇ ਵਿਕਾਰਾਂ ਨਾਲੋਂ ਤੋੜ ਲੈ। ਪ੍ਰਭੂ ਹਰਿ ਬਿਨਾਂ ਸੰਸਾਰ ਦੇ ਸਭ ਪਸਾਰੇ ਝੂਠ ਹਨ। ਮਨ ਨੂੰ ਹਰਿ ਦੀ ਮਹਿਮਾ ਵਿਚ ਡੁਬੋ ਦੇ ਉਸ ਦਾ ਗੁਨਗਾਣ ਕਰ ਜੇ ਮੁਕਤ ਹੋਣਾ ਹੈ। ਹਰਿ ਨੂੰ ਸਮਝ ਕੇ ਹਰਿ ਨੂੰ ਅਮਲ ਵਿਚ ਲਿਆ ਤੇ ਜੀਵਨ ਸਫ਼ਲ ਕਰ।

ਕਹਿ ਰਵਿਦਾਸ ਵਿਚਾਰ ਕੇ ਰਾਖੋ ਹਰਿ ਸੇ ਪ੍ਰੀਤ॥

**********

## "ਇਕ ਬੇਨਤੀ ਹਰਿ ਸਿਉ"

'' ਸਰਬ ਕਰਮ ਕੋ ਤਿਆਗ ਕਰ, ਹਰਿ ਗੁਰ ਜਪ ਦਿਨ ਰੈਨ
ਬਾਂਝ ਨੀਰ ਜਿਮ ਮੀਨ ਕੋ, ਆਵਤ ਨਾਂਹੀ ਚੈਨ॥

"ਸਤਿਗੁਰੂ ਰਵਿਦਾਸ ਜੀ ਅੰਮ੍ਰਿਤ ਬਾਣੀ" ਪਾਵਨ ਪਵਿੱਤਰ ਗ੍ਰੰਥ ਵਿੱਚ ਸਤਿਗੁਰੂ ਰਵਿਦਾਸ ਜੀ ਉਪਦੇਸ਼ ਦੇ ਰਹੇ ਹਨ ਹੇ ਜੀਵ! ਤੂੰ ਸੰਸਾਰ ਦੇ ਫੋਕੇ ਕਰਮ ਕਾਂਡ ਵਿਖਾਵੇ ਤਿਆਗ ਦੇ ਅਤੇ ਦਿਨ ਰਾਤ ਅੱਠੇ ਪਹਿਰ ਪ੍ਰਭੂ ਨੂੰ ਯਾਦ ਕਰ, ਉੱਠਦਾ ਬਹਿੰਦਾ ਹਰਿ ਦਾ ਸਿਮਰਨ ਕਰਿਆ ਕਰ, ਤੂੰ ਹਰਿ ਦੀ ਸ਼ਰਨ ਵਿੱਚ ਜਾ ਕੇ ਹਰਿ ਨਾਲ ਐਸੀ ਪ੍ਰੀਤੀ ਬਣਾ ਲੈ ਜਿਸ ਤਰ੍ਹਾਂ ਦੀ ਪ੍ਰੀਤ ਮਛਲੀ ਦੀ ਪਾਣੀ ਨਾਲ ਹੁੰਦੀ ਹੈ। ਜਿਵੇਂ ਪਾਣੀ ਤੋਂ ਬਗੈਰ ਮਛਲੀ ਨਹੀਂ ਰਹਿ ਪਾਉਂਦੀ ਤੂੰ ਵੀ ਇਸ ਤਰ੍ਹਾਂ ਦੀ ਪ੍ਰੀਤ ਪ੍ਰਮਾਤਮਾ ਨਾਲ ਬਣਾ ਕਿ ਤੇਰਾ ਜੀਵਨ ਵੀ ਪ੍ਰਭੂ ਹਰਿ ਤੋਂ ਬਿਨਾਂ ਅਸੰਭਵ ਹੋਵੇ। ਹਰਿ ਦਾ ਸਿਮਰਨ ਭਵ ਸਾਗਰ ਤੋਂ ਪਾਰ ਕਰਦਾ ਹੈ।

"ਹਰਿ ਕਾ ਸਿਮਰਣ ਕੀਜੈ, ਕਹੇ ਰਵਿਦਾਸ ਅਮੀ ਰਸ ਪੀਜੈ॥"

ਹਰਿ ਦਾ ਸਿਮਰਨ ਕਰਕੇ ਹੀ ਬ੍ਰਹਮ ਰਸ ਪੀਤਾ ਜਾ ਸਕਦਾ ਹੈ। ਹਰਿ ਦੀ ਬੰਦਗੀ ਕਰਨ ਨਾਲ ਹੀ ਸਭ ਸੁੱਖਾਂ ਦੀ ਪ੍ਰਾਪਤੀ ਹੁੰਦੀ ਹੈ। ਹਰਿ ਦੀ ਬਖਸ਼ਿਸ਼ ਸਦਕਾ ਹੀ ਜੀਵ ਨੂੰ ਬ੍ਰਹਮ ਗਿਆਨ ਪ੍ਰਾਪਤ ਹੁੰਦਾ ਹੈ। ਹਰਿ ਨੂੰ ਜੋ ਜੀਵ ਸਿਮਰਦਾ ਹੈ, ਹਰਿ ਦੀ ਜੋ ਜੀਵ ਬੰਦਗੀ ਕਰਦਾ ਹੈ ਉਹ ਜੀਵ ਜਿਉਂਦੇ ਜੀਅ ਮੁਕਤ ਹੋ ਜਾਂਦਾ ਹੈ। ਇਹ ਸਤਿਗੁਰੂ ਰਵਿਦਾਸ ਜੀ ਦੀ ਅੰਮ੍ਰਿਤ ਬਾਣੀ ਕਹਿ ਰਹੀ ਹੈ।

"ਜੀਵਤ ਮੁਕੰਦੇ ਮਰਤ ਮੁਕੰਦੇ
ਤਾਂ ਕੈ ਸੇਵਕ ਕਉ ਸਦਾ ਅਨੰਦੇ"।।ਰਹਾਉ।।

ਜੋ ਜੀਵ ਆਪਣੇ ਆਖਰੀ ਸਾਹਾਂ ਤੱਕ ਹਰਿ ਨੂੰ ਯਾਦ ਕਰਦਾ ਹੈ। ਹਰਿ ਦੀ ਬੰਦਗੀ ਕਰਦਾ ਹੈ। ਜੋ ਜੀਵ ਹਰਿ ਨੂੰ ਵਿਚਾਰ ਕੇ ਚਲਦਾ ਹੈ ਵਿਸਾਰਦਾ ਨਹੀਂ ਹੈ ਹਰ ਪਲ ਹਰ ਘੜੀ ਹਰਿ ਨੂੰ ਯਾਦ ਰੱਖਦਾ ਹੈ। ਉਸ ਜੀਵ ਤੇ ਹਰਿ ਦੀ ਬਖਸ਼ਿਸ਼ ਹੋ ਜਾਂਦੀ ਹੈ, ਜੀਵ ਨੂੰ ਸਦਾ ਹੀ ਆਨੰਦ ਦੀ ਪ੍ਰਾਪਤੀ ਹੁੰਦੀ ਰਹਿੰਦੀ ਹੈ। ਉਹ ਜੀਵ ਜਿਉਂਦੇ ਜੀਅ ਮੁਕਤੀ ਹਾਸਲ ਕਰ ਲੈਂਦਾ ਹੈ। ਜਨਮ ਮਰਨ ਦੇ ਚੱਕਰ ਤੋਂ ਰਹਿਤ ਹੋ ਜਾਂਦਾ ਹੈ। ਸਤਿਗੁਰੂ ਰਵਿਦਾਸ ਜੀ ਅੰਮ੍ਰਿਤ ਬਾਣੀ ਵਿੱਚ ਉਪਦੇਸ਼ ਦੇ ਰਹੇ ਹਨ।

"ਹਰਿ ਹਰਿ ਤੁਲ ਨਾ ਪ੍ਰਾਣੀਆ ਕਹਿ ਰਵਿਦਾਸ ਬਿਚਾਰ"।।

ਹੇ ਹਨੇਰਿਆ ਦੀ ਰਾਹੇ ਗੁਆਚੇ ਹੋਏ ਜੀਵ! ਹਰਿ ਦੇ ਤੁਲ ਕੋਈ ਵਿਸ਼ਵ ਵਿੱਚ ਵਸਤ ਨਹੀਂ ਹੈ। ਕੋਈ ਸ਼ਕਤੀ ਉਸ ਪ੍ਰਭੂ ਦੀ ਬਰਾਬਰੀ ਨਹੀਂ ਕਰ ਸਕਦੀ। ਹਰਿ ਦੇ ਤੁਲ ਕੋਈ ਜੀਵ ਨਹੀਂ ਹੈ। ਇਹੀ ਇੱਕ ਮਹਾਨ ਸਚਾਈ ਹੈ ਜੋ ਸਤਿਗੁਰੂ ਰਵਿਦਾਸ ਜੀ ਘੋਖ ਕੇ ਵਿਚਾਰ ਕੇ ਸਮਾਜ ਨੂੰ ਸਮਝਾ ਰਹੇ ਹਨ।

"ਕਹੇ ਰਵਿਦਾਸ ਭਜ ਹਰਿ ਨਾਮ
ਪ੍ਰਭੂ ਸੋ ਧਿਆਨ ਸਫਲ ਸਭ ਕਾਮ"।।

ਸ੍ਰਿਸ਼ਟੀ ਦੇ ਮਾਲਕ ਪ੍ਰਭੂ ਹਰਿ ਦਾ ਨਾਮ ਦੁੱਖ ਤੇ ਚਿੰਤਾਵਾਂ ਮਿਟਾ ਦਿੰਦਾ ਹੈ, ਸੁਖਮਈ ਅੰਮ੍ਰਿਤ ਦੀ ਵਰਖਾ ਕਰਦਾ ਹੈ। ਹਰਿ ਪ੍ਰਭੂ ਦਾ ਨਾਮ ਜਪਣ ਵਾਲਿਆਂ ਦੇ ਸਾਰੇ ਕਾਰਜ ਸਫਲ ਹੋ ਜਾਂਦੇ ਹਨ। ਜੋ ਸਾਰੇ ਸੰਸਾਰ ਦੇ ਜੀਵਾਂ ਦੇ ਕਾਰਜ ਸਫਲ ਕਰ ਦਿੰਦਾ ਹੈ ਉਹ ਕੇਵਲ ਹਰਿ ਹੈ ਜਿਸਦਾ ਧਿਆਨ ਇਕਾਗਰ ਚਿਤ ਹੋ ਕੇ ਕਰਨਾ ਚਾਹੀਦਾ ਹੈ। ਸਤਿਗੁਰੂ ਰਵਿਦਾਸ ਜੀ ਅੰਮ੍ਰਿਤ ਬਾਣੀ ਵਿੱਚ ਫ਼ਰਮਾਉਂਦੇ ਹਨ ਕਿ

" ਹਰਿ ਜਪਤ ਤੇਉ ਜਨਾ ਪਦਮ ਕਵਲਾਸਪਤਿ
ਤਾਸ ਸਮ ਤੁਲਿ ਨਹੀ ਆਨ ਕੋਊ।।
ਏਕ ਹੀ ਏਕ ਅਨੇਕ ਹੋਇ ਬਿਸਥਰਿਓ
ਆਨ ਰੇ ਆਨ ਭਰਪੂਰਿ ਸੋਊ।।ਰਹਾਉ।।

ਸਤਿਗੁਰੂ ਰਵਿਦਾਸ ਜੀ ਆਪਣੀ ਪਾਵਨ ਪਵਿੱਤਰ ਅੰਮ੍ਰਿਤ ਬਾਣੀ ਵਿੱਚ ਫਰਮਾ ਰਹੇ ਹਨ ਕਿ ਪ੍ਰਭੂ ਪ੍ਰਮਾਤਮਾ ਹਰਿ ਦਾ ਨਾਮ ਜੱਪ। ਉਸਦਾ ਨਾਮ ਜੱਪ ਜਿਸਦੀ ਬਰਾਬਰੀ ਸੰਸਾਰ ਦਾ ਕੋਈ ਵੀ ਜੀਵ ਨਹੀਂ ਕਰ ਸਕਦਾ। ਹਰਿ ਦਾ ਨਾਮ ਸਿਮਰਨ ਕਰ ਜਿਸ ਦੀ ਬਰਾਬਰੀ ਵਿਸ਼ਨੂੰ, ਸ਼ਿਵ, ਬ੍ਰਹਮਾ ਆਦਿ ਵੀ ਨਹੀਂ ਕਰ ਪਾਉਂਦੇ। ਇੱਕ ਹਰਿ ਹੀ ਹੈ ਜੋ ਕਿ ਸੰਸਾਰ ਦੇ ਕਣ-ਕਣ ਵਿੱਚ ਵਸਦਾ ਹੈ, ਜ਼ਰੇ- ਜ਼ਰੇ ਵਿੱਚ ਜੋ ਵਿਚਰ ਰਿਹਾ ਹੈ ਉਸ ਹਰਿ ਦਾ ਸੱਚਾ ਵਿਚਾਰ ਕਰ। ਤੂੰ ਪ੍ਰਮਾਤਮਾ ਵਿੱਚ ਆਨ ਕੀ ਆਸ ਛੱਡ ਕੇ ਆ ਜੋ ਇੱਕ ਜੋਤ ਸਭ ਜੀਵਾਂ ਵਿੱਚ ਜਗਦੀ ਹੈ ਉਸਨੂੰ ਵੇਖ ਉਸਦੇ ਚਾਨਣ ਵਿੱਚ ਆ। ਜੀਵਨ ਵਿੱਚ ਮੁਕਤੀ ਦਾ ਮਹਿਜ ਇੱਕੋ ਰਾਸਤਾ ਹੈ ਕਰਮ ਕਾਂਡਾ ਦਾ ਤਿਆਗ ਕਰਕੇ ਹਰਿ ਦੀ ਸੱਚੀ



ਬੰਦਗੀ ਕਰਨੀ।

"ਆਪਨ ਬਾਪੈ ਨਾਹਿ ਕਿਸੀ ਕੋ ਭਵਨ ਕੋ ਹਰਿ ਰਾਜਾ।।"

ਉਹ ਹਰਿ ਰੂਪੀ ਪ੍ਰਮਾਤਮਾ ਕਿਸੇ ਵੀ ਇਨਸਾਨ ਤੋਂ ਵੱਖ ਨਹੀਂ ਹੈ। ਸਭਨਾ ਵਿੱਚ ਹਰਿ ਬਰਾਬਰ ਰੂਪ ਵਿੱਚ ਸਮਾਇਆ ਹੋਇਆ ਹੈ। ਹਰ ਇਨਸਾਨ ਪ੍ਰੇਮ ਭਗਤੀ ਕਰਕੇ ਪ੍ਰੀਤ ਬਣਾ ਕੇ ਪ੍ਰਮਾਤਮਾ (ਹਰਿ) ਨੂੰ ਪ੍ਰਾਪਤ ਕਰ ਸਕਦਾ ਹੈ। ਉਹ ਕਿਸੇ ਦੀ ਨਿਜੀ ਸੰਪਤੀ ਨਹੀਂ ਹੈ। ਉਹ ਤਾਂ ਸਾਰੀ ਸ੍ਰਿਸ਼ਟੀ ਦਾ ਸੱਚਾ ਮਾਲਿਕ ਹੈ, ਸਾਰੀ ਦੁਨੀਆਂ ਦਾ ਸਾਈਂ ਹੈ, ਖਸਮ ਹੈ, ਬਾਪ ਹੈ। ਅੰਮ੍ਰਿਤ ਬਾਣੀ ਸਤਿਗੁਰੂ ਰਵਿਦਾਸ ਜੀ ਅੱਜ ਸਭ ਦਾ ਮਾਰਗ ਦਰਸ਼ਨ ਕਰ ਰਹੀ ਹੈ। ਸਤਿਗੁਰੂ ਆਪਣੀ ਬਾਣੀ ਵਿੱਚ ਵਾਰ-ਵਾਰ ਹਰਿ ਦੀ ਮਹਿਮਾ ਕਰ ਰਹੇ ਹਨ, ਸਾਨੂੰ ਜਿਸ ਨਾਲ ਅਟੁੱਟ ਸਾਂਝ ਪਾਉਣ ਲਈ ਜ਼ੋਰ ਦੇ ਰਹੇ ਹਨ। ਉਹ ਹਰਿ ਭਾਵ ਪੂਰਨ ਪਾਰਬ੍ਰਹਮ ਪ੍ਰਮੇਸ਼ਵਰ ਹੈ ਜੋ ਘਟ-ਘਟ ਵਿੱਚ ਬਿਰਾਜਮਾਨ ਹੈ ਜੋ ਸਾਡੇ ਰੋਮ-ਰੋਮ ਵਿੱਚ ਰਮਿਆ ਪਿਆ ਹੈ। ਖਾਸ ਤੌਰ ਤੇ ਯਾਦ ਰੱਖਣਾ ਹੈ ਕਿ ਹਰਿ ਨੂੰ ਸਿਮਰਨਾ ਹੈ। ਸਤਿਗੁਰੂ ਜੀ ਦੀ ਅੰਮ੍ਰਿਤ ਬਾਣੀ ਤੇ ਅਮਲ ਕਰਦਿਆਂ ਸਤਿਗੁਰੂ ਜੀ ਦੇ ਅੰਮ੍ਰਿਤ ਬਚਨਾਂ ਨੂੰ ਆਪਣੇ ਜੀਵਨ ਵਿੱਚ ਢਾਲਣਾ ਹੈ। ਆਪਣੇ ਚੇਤਿਆਂ ਵਿੱਚ ਵਸਾ ਕੇ ਆਪਣੀ ਸੋਚ ਨੂੰ ਹਰਿ ਦੇ ਲੜ ਲਾ ਕੇ ਅਟੱਲ ਸਚਾਈ ਨੂੰ ਸੱਚ ਮੰਨ ਕੇ ਚੱਲ ਪੈਣਾ ਕਿ ਸਤਿਗੁਰੂ ਜੀ ਦੀ ਅੰਮ੍ਰਿਤ ਬਾਣੀ ਵਿੱਚ ਹਰਿ ਦਾ ਅਰਥ ਪਾਰਬ੍ਰਹਮ ਪ੍ਰਮੇਸ਼ਵਰ ਹੈ ਨਾ ਕਿ ਕਿਸੇ ਹੋਰ ਸ਼ਕਤੀ ਤੋਂ ਲਿਆ ਜਾਵੇ। ਸਤਿਗੁਰੂ ਰਵਿਦਾਸ ਜੀ ਵਰਗੇ ਪੂਰਨ ਬ੍ਰਹਮ ਗਿਆਨੀ ਮਹਾਤਮਾ ਪੂਰਨ ਪਾਰਬ੍ਰਹਮ ਪ੍ਰਮੇਸ਼ਵਰ ਹਰਿ ਦੀ ਹੀ ਅਰਾਧਨਾ ਕਰ ਸਕਦੇ ਹਨ ਹੋਰ ਕਿਸੇ ਦੀ ਨਹੀਂ ਕਿਉਂਕਿ ਹਰਿ ਨੂੰ ਵਿਸਾਰ ਕੇ ਸੰਸਾਰ ਵਿੱਚ ਹੋਰ ਕੋਈ ਵੀ ਮੁਕਤੀ ਦਾ ਕਿਨਾਰਾ ਨਹੀਂ ਹੈ। ਸਤਿਗੁਰੂ ਰਵਿਦਾਸ ਜੀ ਆਪਣੀ ਅੰਮ੍ਰਿਤ ਬਾਣੀ ਵਿੱਚ ਰਾਮ ਦੀ ਪੂਜਾ ਕਰਦੇ ਹਨ ਅਤੇ ਨਾਲ ਹੀ ਅੰਮ੍ਰਿਤ ਬਾਣੀ ਵਿੱਚ ਸਪੱਸ਼ਟ ਵੀ ਕਰ ਰਹੇ ਹਨ ਕਿ ਮੈਂ ਜਿਸ ਰਾਮ ਦੀ ਪੂਜਾ ਕਰ ਰਿਹਾ ਹਾਂ, ਜਿਸ ਨੂੰ ਧਿਆ ਰਿਹਾ ਹਾਂ, ਜਿਸ ਦੇ ਲੜ ਲੱਗਾ ਹਾਂ ਉਹ ਮੇਰੇ ਰੋਮ-ਰੋਮ ਵੱਚ ਵਸਿਆ ਰਾਮ ਹੈ ਨਾ ਕਿ ਦਸਰਥ ਜੀ ਦਾ ਪੁੱਤਰ "ਰਾਜਾ ਰਾਮ ਚੰਦਰ" ਹੈ। ਮੇਰੇ ਰਾਮ ਅਤੇ ਰਾਜਾ ਰਾਮ ਵਿੱਚ ਬਹੁਤ ਫ਼ਰਕ ਹੈ। ਮੇਰੇ ਰਾਮ ਨੇ ਜੋ ਸ੍ਰਿਸ਼ਟੀ ਸਾਜੀ ਹੈ ਉਸ ਦੀ ਸਿਰਜਣਾ ਦਾ ਹਿੱਸਾ ਸੀ ਰਾਜਾ ਰਾਮ ਚੰਦਰ। ਮੇਰਾ ਰਾਮ ਤਾਂ ਸਰਬ ਵਿਆਪਕ ਹੈ ਜੋ ਆਦਿ ਤੋਂ ਅੰਤ ਤੀਕ ਰਹੇਗਾ। (ਅਸੀਂ ਅੱਜ ਤੱਕ ਪੜ੍ਹਦੇ ਆ ਰਹੇ ਹਾਂ ਕਿ ਸਿੰਧੂ ਘਾਟੀ ਦੀ ਸੱਭਿਅਤਾ ਭਾਰਤੀ ਮੂਲ ਨਿਵਾਸੀਆਂ ਦੀ ਸੱਭਿਅਤਾ ਸੀ ਜਿਸ ਦੀ ਵਿਸਥਾਰਤਾ ਪੂਰੇ ਵਿਸ਼ਵ ਨੂੰ ਮਾਤ ਦੇ ਰਹੀ ਸੀ। ਜਿਸਦੀ ਤਰੱਕੀ ਦੇਖ ਕੇ ਵੱਡੀਆਂ- ਵੱਡੀਆਂ ਸੱਭਿਅਤਾਵਾਂ ਦੰਦਾਂ ਵਿੱਚ ਉਂਗਲੀ ਦਿੰਦੀਆ ਨਜ਼ਰ ਆਉਂਦੀਆਂ। ਇਸ ਮਹਾਨ ਮੂਲ ਨਿਵਾਸੀ ਸੱਭਿਅਤਾ ਨੂੰ ਵਿਦੇਸ਼ੀ ਆਰੀਆ ਲੋਕਾਂ ਨੇ ਛਲ ਕਪਟ ਦੀਆ ਨੀਤੀਆਂ ਤਹਿਤ ਖਤਮ ਕਰ ਦਿੱਤਾ, ਤਬਾਹ ਕਰ ਦਿੱਤਾ ਅਨੇਕਾਂ ਜਾਤੀਆਂ ਵਿੱਚ ਵੰਡ ਦਿੱਤਾ।) ਸਤਿਗੁਰੂ ਰਵਿਦਾਸ ਜੀ ਦੀ ਬਾਣੀ ਸਾਨੂੰ ਹਰਿ ਨਾਲ ਜੋੜ ਰਹੀ ਹੈ। ਹਰਿ ਦਾ ਭਾਵ ਸੱਚਾਈ ਹੈ। ਸੱਚਾਈ ਨੂੰ ਵਿਸਾਰਨਾ ਖ਼ੁਦ ਨੂੰ ਧੋਖਾ ਦੇਣਾ ਹੈ। ਚੰਵਰ ਪੁਰਾਨ ਵਿੱਚ ਸਾਫ ਸ਼ਬਦਾਂ ਵਿੱਚ ਲਿਖਿਆ ਮਿਲਦਾ ਹੈ, ਚਮਾਰ ਜਾਤੀ ਦਾ ਰਾਜ ਹਜ਼ਾਰਾਂ ਸਾਲ ਪ੍ਰਿਥਵੀ ਤੇ ਰਿਹਾ। ਜਿਸ ਜਾਤ ਦਾ ਜਿਕਰ ਸਤਿਗੁਰੂ ਰਵਿਦਾਸ ਜੀ ਅੰਮ੍ਰਿਤ ਬਾਣੀ ਵਿੱਚ ਕਰ ਰਹੇ ਹਨ।

ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ
ਨਿਤਹਿ ਬਾਨਾਰਸੀ ਆਸ ਪਾਸਾ।।
ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ
ਤੇਰੇ ਨਾਮ ਸਰਣਾਇ ਰਵਿਦਾਸ ਦਾਸਾ।।

ਸਤਿਗੁਰੂ ਰਵਿਦਾਸ ਮਹਾਰਾਜ ਜੀ ਫਰਮਾ ਰਹੇ ਹਨ ਕਿ ਮੇਰੀ ਜਾਤ ਕੁਟ ਬਾਂਡਲਾ ਨੀਵੇਂ ਸਮਾਜ ਦੀ ਜਾਤ ਹੈ। ਵਰਣ ਵਿਵਸਥਾ ਦੇ ਤਹਿਤ ਨੀਵੀਂ ਸਮਝੀ ਜਾਂਦੀ ਜਾਤ ਹੈ। ਮੇਰੀ ਜਾਤ ਦੇ ਲੋਕ ਮਰੇ ਹੋਏ ਪਸ਼ੂ ਢੰਹਦੇ ਹਨ ਪਰ ਹੇ ਪ੍ਰਮਾਤਮਾ ਤੇਰੇ ਸੱਚੇ ਨਾਮ ਦੀ ਵਡਿਆਈ ਹੈ ਜੋ ਅੱਜ ਵਿਪਰ ਲੋਕ ਮੈਨੂੰ ਡੰਡਵੰਤ ਕਰਦੇ ਹਨ, ਮੇਰੇ ਗਿਆਨ ਅੱਗੇ ਸਿਰ ਝੁਕਾ ਰਹੇ ਹਨ। ਇਹ ਸਤਿਨਾਮ ਦੀ ਮਹਿਮਾ ਹੈ। ਸਤਿਗੁਰੂ ਰਵਿਦਾਸ ਜੀ ਅੰਮ੍ਰਿਤ ਬਾਣੀ ਵਿੱਚ ਵਾਰ-ਵਾਰ ਕਹਿ ਰਹੇ ਹਨ ਕਿ ਹਰਿ ਦਾ ਸਿਮਰਨ ਮੁਕਤੀ ਹੈ। ਹਰਿ ਦੀ ਸਮਝ ਆਨੰਦ ਦੀ ਪ੍ਰਾਪਤੀ ਹੈ। ਆਨੰਦ ਸ਼ਕਤੀ ਦਾ ਅਹਿਸਾਸ ਹੈ। ਹਰਿ ਦਾ ਸਿਮਰਨ ਮੁਕਤ ਕਰ ਦਿੰਦਾ ਹੈ ਕਿਸਤੋ ਭਟਕਣਾਵਾਂ ਤੋਂ, ਗੈਰਮਾਨਵੀ ਵਿਚਾਰਧਾਰਾਵਾਂ ਤੋਂ, ਊਚ-ਨੀਚ ਵਾਲੀਆਂ ਸੋਚਾਂ ਤੋ ਇਸ ਲਈ ਹਰਿ ਨੂੰ ਸਿਮਰ ਕੇ ਜੀਵ ਹਰਿ ਦਾ ਹੀ ਹੋ ਜਾਂਦਾ ਹੈ ਕਿਉਂਕਿ ਹਰਿ ਦਾ ਪ੍ਰਤੀਕ ਆਜ਼ਾਦੀ ਹੈ। ਜਦੋਂ ਹਰਿ ਤੇ ਆਨ ਵਿਚਲਾ ਫਰਕ ਸਮਝ ਪੈ ਜਾਂਦਾ ਹੈ ਤਾਂ ਆਨ ਨੂੰ ਰਹਿਣ ਦੀ ਕੋਈ ਥਾਂ ਨਹੀਂ ਬਚਦੀ। ਡਾ. ਭੀਮ ਰਾਉ ਅੰਬੇਡਕਰ ਬਾਬਾ ਸਾਹਿਬ ਜੀ ਇਹਨਾਂ ਲਫ਼ਜਾ ਨੂੰ ਆਪਣੇ ਅਰਥਾਂ ਵਿੱਚ ਕਹਿ ਰਹੇ ਹਨ "ਧਰਮ ਅਤੇ ਗ਼ੁਲਾਮੀ ਇੱਕ ਸਾਥ ਨਹੀਂ ਚਲਦੇ" ਧਰਮ ਨੂੰ ਸਮਝਣ ਲਈ ਹਰਿ ਨਾਲ ਜੁੜਨਾ ਪਵੇਗਾ ਅਤੇ ਗ਼ੁਲਾਮੀ ਖ਼ਤਮ ਕਰਨ ਲਈ ਆਨ ਦੀ ਆਸ ਛੱਡਣੀ ਪਵੇਗੀ। ਧਰਮ ਦੇ ਅਰਥਾਂ ਨੂੰ ਸਮਝ ਕੇ ਸਾਰੇ ਸਮਾਜ ਦੀ ਗੱਲ ਅੱਗੇ ਲਿਆਉਣੀ ਹੈ। ਹਰਿ ਨਾਲ ਸੱਚੀ ਪ੍ਰੀਤੀ ਬਣਾ ਕੇ ਆਪਣੇ ਰਹਿਬਰਾਂ ਦੀ ਵਿਚਾਰਧਾਰਾ ਨਾਲ ਜੁੜਕੇ ਆਨ ਨੂੰ ਭੁਲਾ ਕੇ ਰਵਿਦਾਸੀਆ ਧਰਮ ਦਾ ਝੰਡਾ ਚੁੱਕ ਕੇ ਚੱਲਣਾ ਹੈ। ਅੰਮ੍ਰਿਤ ਬਾਣੀ ਵਿੱਚ ਸਤਿਗੁਰੂ ਰਵਿਦਾਸ ਜੀ ਕਹਿ ਰਹੇ ਹਨ ਕਿ

ਜਹੰ ਜਹੰ ਜਾਉ ਤੁਮਾਰੀ ਪੂਜਾ
ਤੁਮ ਸਾ ਦੇਵ ਅਵਰ ਨਹਿ ਦੂਜਾ।।
ਮੈ ਅਪਨੋ ਮਨ ਹਰਿ ਸੋ ਜੋਰਿਊ
ਹਰਿ ਸੋ ਜੋਰਿ ਸਬਨ ਸੇ ਤੋਰਿਊ।।

ਸਤਿਗੁਰੂ ਰਵਿਦਾਸ ਜੀ ਅੰਮ੍ਰਿਤ ਬਾਣੀ ਪਾਵਨ ਪਵਿੱਤਰ ਗ੍ਰੰਥ ਵਿੱਚ ਫ਼ਰਮਾ ਰਹੇ ਹਨ ਕਿ ਮੈਂ ਰਾਮ ਦੀ ਬੰਦਗੀ ਕਰਦਾ ਹਾਂ। ਉਹ ਰਾਮ ਦਸ਼ਰਥ ਦਾ ਪੁੱਤਰ ਰਾਜਾ ਰਾਮ ਨਹੀਂ ਹੈ। ਮੇਰੇ ਰਾਮ ਜੀ ਤਾਂ ਕਣ-ਕਣ ਵਿਚ ਬਿਰਾਜਮਾਨ ਹਨ। ਸਰਬਵਿਆਪਕ ਹਨ। ਉਹ ਮੇਰੇ ਅੰਗ- ਸੰਗ ਹਨ। ਮੇਰੇ ਰਾਮ ਮੇਰੇ ਰੋਮ-ਰੋਮ ਵਿੱਚ ਰਮੇ ਹੋਏ ਹਨ।

ਨਾਹਿ ਅਕਾਸ ਨਾਹਿ ਧਰ ਧਰਣੀ, ਪਵਨਪੁਰ ਘਟ ਚੰਦਾ
ਨਹਿ ਅਬ ਰਾਮ ਕ੍ਰਿਸ਼ਨ ਗੁਣ ਭਾਈ, ਬੋਲਤ ਹੈ ਮੁਛੰਦਾ।।
ਨਾਹਿ ਅਬ ਬੇਦ ਕਤੇਬ ਪੁਰਨਨਿ, ਸੁਨਿ ਸਹਿਜ ਰੇ ਭਾਈ



ਨਾਹਿ ਅਬ ਮੈ ਤੈ, ਤੈ ਮੈ ਨਹੀਂ ਕਾ ਸਿਉ ਕਹੋ ਬਤਾਈ।।

ਹਰਿ ਪ੍ਰਭੂ ਪਾਰਬ੍ਰਹਮ ਪ੍ਰਮਾਤਮਾ ਕੇਵਲ ਆਕਾਸ਼ ਨਹੀਂ ਨਾ ਕੇਵਲ ਧਰਤੀ ਹੈ, ਨਾ ਕੇਵਲ ਹਵਾ ਹੈ, ਨਾ ਕੇਵਲ ਚੰਦਰਮਾ ਹੈ ਉਹ ਤਾਂ ਸਰਬ ਵਿਆਪਕ ਹੈ। ਹੁਣ ਨਾ ਮੈਂ ਰਾਮ ਕ੍ਰਿਸ਼ਨ ਦੇ ਗੁਣ ਗਾਉਂਦਾ ਹਾਂ ਨਾ ਹੀ ਮੈਨੂੰ ਬੇਦ-ਕਤੇਬ ਪੜ੍ਹਨ ਦੀ ਲੋੜ ਹੈ। "ਕਹਿ ਰਵਿਦਾਸ ਹਰਿ ਸਰਬ ਵਿਆਪਕ" ਘਟ-ਘਟ ਵਿੱਚ ਬਿਰਾਜੇ ਹਰਿ ਨੂੰ ਸਿਮਰ ਕੇ ਸੱਚ ਦੀ ਪ੍ਰਾਪਤੀ ਹੋ ਜਾਂਦੀ ਹੈ। ਝੂਠ ਨਾਲੋ ਖਹਿੜਾ ਛੁੱਟ ਜਾਂਦਾ ਹੈ। ਹਰਿ ਜਿਸ ਨੂੰ ਜਾਨਣ ਸਮਝਣ ਮਗਰੋ ਕੁਝ ਹੋਰ ਜਾਨਣ ਦੀ ਜ਼ਰੂਰਤ ਨਹੀਂ ਰਹਿੰਦੀ। ਮੇਰਾ ਤੇਰਾ ਤੇਰਾ ਮੇਰਾ ਭੇਦ ਖਤਮ ਹੋ ਗਿਆ ਹੈ। ਸਤਿਗੁਰੂ ਰਵਿਦਾਸ ਜੀ ਅੰਮ੍ਰਿਤ ਬਾਣੀ ਰਾਹੀਂ ਸਮਝਾ ਰਹੇ ਹਨ ਕਿ ਉਸ ਨੂੰ ਸਿਮਰ ਲੈ ਜੋ ਸਹਾਈ ਹੋਣਾ ਹੈ। ਭਾਵ ਸਾਰੇ ਫਰਕ ਮਿਟਾ ਕੇ ਯਾਦ ਕਰ "ਤੋਹੀ ਮੋਹੀ ਮੋਹੀ ਤੋਹੀ ਅੰਤਰ ਕੈਸਾ" "ਨਾਹਿ ਅਬ ਮੈ ਤੈ ਤੈ ਮੈ ਨਹੀਂ"।

ਕਰਮ ਅਕਰਮ ਬੀਚਾਰੀਐ ਸੰਕਾ ਸੁਨਿ ਬੇਦ ਪੁਰਾਨ
ਸੰਸਾ ਸਦ ਹਿਰਦੈ ਬਸੈ ਕਉਨ ਹਿਰੈ ਅਭਿਮਾਨ।।

ਵੇਦ ਪੁਰਾਣਾਂ ਨੂੰ ਪੜ੍ਹ ਕੇ ਮਨ ਵਿੱਚ ਸ਼ੰਕੇ ਪੈਦਾ ਹੁੰਦੇ ਹਨਕਿ ਕਿਹੜਾ ਕਰਮ ਕੀਤਾ ਜਾਵੇ ਕਿਹੜਾ ਨਾ ਕੀਤਾ ਜਾਵੇ। ਇਹ ਕਰਮ- ਅਕਰਮ ਜਾਤ-ਪਾਤ ਤੇ ਆਧਾਰਿਤ ਹੈ। ਵੇਦਾਂ ਸ਼ਾਸ਼ਤਰਾਂ ਨੂੰ ਪੜ੍ਹਨ ਨਾਲ ਮਨ ਵਿੱਚ ਸ਼ੰਕੇ ਪੈਦਾ ਹੁੰਦੇ ਹਨ। ਇਸ ਲਈ ਸਤਿਗੁਰੂ ਜੀ ਕਹਿ ਰਹੇ ਹਨ।

"ਨਾਹਿ ਅਬ ਬੇਦ ਕਤੇਬ ਪੁਰਨਨਿ, ਸੁਨ ਸਹਿਜ ਭਾਈ।।
ਹਰਿ ਬਿਨ ਕੋਈ ਪਤਿਤ ਪਾਵਨ ਆਸਿਹ ਧਯਾਵੈ ਰੇ
ਹਮ ਆਪੂਜਯ ਪੂਜਯ ਭਯੇ ਹਰਿ ਤੇ ਨਾਮ ਅਨੁਪਮ ਗਾਵੈ ਰੇ।।

ਹਰਿ ਬਿਨਾਂ ਕੋਈ ਵੀ ਜੀਵ ਪਵਿੱਤਰ ਨਹੀਂ ਹੈ। ਹਰਿ ਦੇ ਬਿਨਾਂ ਕਿਸੇ ਚੀਜ ਦੀ ਪੂਜਾ ਨਹੀਂ ਕੀਤੀ ਜਾ ਸਕਦੀ। ਜੇਕਰ ਸੰਸਾਰ ਵਿੱਚ ਕੋਈ ਪੂਜਾ ਦੇ ਲਾਇਕ ਹੈ ਤਾਂ ਉਹ ਕੇਵਲ ਹਰਿ ਹੈ ਹਰਿ ਦੇ ਬਿਨਾਂ ਕੋਈ ਹੋਰ ਨਹੀਂ ਹੈ।

ਹਰਿ ਹਰਿ ਹਰਿ ਹਰਿ ਹਰਿ ਹਰਿ ਹਰੇ
ਹਰਿ ਸਿਮਰਤ ਜਨ ਗਏ ਨਿਸਤਰਿ ਤਰੈ।।

ਅੰਮ੍ਰਿਤ ਬਾਣੀ ਵਿੱਚ ਸਤਿਗੁਰੂ ਰਵਿਦਾਸ ਜੀ ਯਾਦ ਦਿਵਾ ਰਹੇ ਹਨ ਕਿ ਹਰਿ ਨੂੰ ਯਾਦ ਕਰ ਹਰ ਵੇਲੇ ਹਰਿ ਨੂੰ ਸਿਮਰ, ਮੁਕਤ ਹੋ ਜਾਵੇਗਾ। ਉਹ ਮੁਕਤ ਕਰ ਦਿੰਦਾ ਹੈ। ਹਰਿ ਨੂੰ ਜਪ ਕੇ ਹੀ ਜੀਵ ਤਰੇ ਹਨ ਅਤੇ ਤਰਦੇ ਰਹਿਣਗੇ। ਹਰਿ ਨੂੰ ਯਾਦ ਕਰਕੇ ਹਰਿ ਨਾਲ ਸਾਂਝ ਪਾਉਣੀ ਹੈ। ਵਿਸ਼ਿਆ, ਵਿਕਾਰਾਂ, ਕਰਮਕਾਂਡਾ ਤੋਂ ਮੁਕਤ ਹੋਣਾ ਹੈ। ਮੁਕਤ ਹੋਣ ਦੀ ਸਮਝ ਆਵੇ ਇਹ ਬੇਨਤੀਆਂ ਹਰਿ ਪ੍ਰਭੂ ਅੱਗੇ ਕਰਨੀਆਂ ਹਨ। ਆਪਣੇ ਰਹਿਬਰ ਦਾ ਝੰਡਾ ਚੁੱਕ ਕੇ ਚੱਲਣਾ ਹੈ।

ਕਹੈ ਰਵਿਦਾਸ ਇੱਕ ਬੇਨਤੀ ਹਰਿ ਸਿਉ
ਪੈਜ ਰਾਖਉ ਰਾਜਾ ਰਾਮ ਮੇਰੀ।।

ਅੱਜ ਸਾਡੇ ਸਮਾਜ ਨੂੰ ਇਹ ਗੱਲ ਮੰਨ ਲੈਣੀ ਸਮਝ ਲੈਣੀ ਅਤਿ ਜ਼ਰੂਰੀ ਹੈ ਕਿ

ਮੁਕਤੀ ਦਾ ਕੇਵਲ ਇੱਕ ਰਾਹ 'ਹਰਿ' ਹੈ ਇਸ ਲਈ ਹਰਿ ਦੇ ਅਰਥਾਂ ਨੂੰ ਸਮਝ ਕੇ ਹਰਿ ਨੂੰ ਯਾਦ ਰੱਖਣਾ ਚਾਹੀਦਾ ਹੈ। ਵਿਚਾਰ ਕੇ ਚੱਲਣਾ ਹੈ ਨਾ ਕਿ ਕਿਸੇ ਅਗਿਆਨਤਾ ਵੱਸ ਪੈ ਕੇ ਹਰਿ ਵਿਰੋਧੀ ਵਿਚਾਰਾਂ ਨੂੰ ਪ੍ਰਫੁੱਲਤ ਕਰਨਾ ਹੈ। ਇਹ ਮਨੁੱਖਾ ਜਨਮ ਦੁਰਲਭ ਹੈ। ਇਸ ਜਨਮ ਵਿੱਚ ਸੱਚ ਨੂੰ ਸਮਝ ਕੇ ਸੱਚਾਈ ਨਾਲ ਬੱਝ ਕੇ ਝੂਠ ਦੇ ਕਿਲੇ ਢਾਹ ਦੇਣੇ ਹਨ। ਇਹ ਜਨਮ ਵਾਰ-ਵਾਰ ਨਹੀ ਮਿਲਣਾ ਜੇਕਰ ਇਸ ਜਨਮ ਵਿੱਚ ਕੂੜ ਸਿਰੇ ਤੇ ਢੋਂਹਦੇ ਰਹੇ ਤਾਂ ਮੁਕਤੀ ਕਦੇ ਨਹੀਂ ਮਿਲੇਗੀ। ਅਸੀਂ ਪਿੱਛੇ ਪੜ੍ਹ ਆਏ ਹਾਂ ਕਿ ਇਹ ਜਨਮ ਹੀਰਿਆਂ ਵਰਗਾ ਹੈ ਅਤੇ ਇਹ ਹੀਰਿਆਂ ਵਰਗਾ ਜਨਮ ਹੀਰਿਆਂ ਵਰਗੇ ਪ੍ਰਭੂ ਦੇ ਚਰਨਾਂ ਵਿੱਚ ਭੇਟ ਕਰੀਏ। ਆਉ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਅੰਮ੍ਰਿਤ ਬਾਣੀ ਦੇ ਲੜ ਲੱਗ ਕੇ ਆਪਣੇ ਰਹਿਬਰ ਦੀ ਵਿਚਾਰਧਾਰਾ ਨੂੰ ਵਿਸ਼ਵ ਦੀ ਸਭ ਤੋਂ ਮਹਾਨ ਅਤੇ ਵਿਸ਼ਾਲ ਵਿਚਾਰਧਾਰਾ ਸਾਬਤ ਕਰੀਏ। ਯਾਦ ਰੱਖੋ ਜਦੋਂ ਅਸੀਂ ਹਰਿ ਨਾਲ ਜੁੜਾਗੇਂ ਤਾਂ ਸੱਚਾਈ ਨਾਲ ਜੁੜਾਗੇਂ। ਜੋ ਕੌਮਾਂ ਸਚਾਈ ਨਾਲ ਜੁੜ ਜਾਂਦੀਆਂ ਹਨ ਉਹ ਕੌਮਾਂ ਆਪਣੇ ਪੁਰਖਿਆਂ ਦਾ ਸੁਪਨਾ ਸਾਕਾਰ ਕਰਦੀਆਂ ਹਨ ਅਤੇ ਜਲਦੀ ਹੀ ਆਪਣੇ ਪੁਰਖਿਆਂ ਦੀ ਵਿਰਾਸਤ ਨਾਲ ਜੁੜ ਕੇ ਆਪਣਾ ਰਾਜ ਕਾਇਮ ਕਰ ਲੈਂਦੀਆਂ ਹਨ। ਬਸ ਲੋੜ ਹੈ ਇੱਕਜੁਟ ਹੋ ਕੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਅੰਮ੍ਰਿਤ ਬਾਣੀ ਪੜ੍ਹਨ ਦੀ ਅਮਲ ਕਰਨ ਦੀ। ਅੱਜ ਜਰੂਰਤ ਹੇਠ ਇੱਕ ਆਵਾਜ ਹੋ ਕੇ ਗੂੰਜਣ ਦੀ, ਹੱਥ ਵਿੱਚ ਹਰਿ ਦਾ ਝੰਡਾਂ ਹਰ ਸੀਨੇ ਵਿੱਚ ਬੇ.ਗਮਪੁਰੇ ਦਾ ਸੁਪਨਾ।

## 'ਚਲਿ ਮਨ ਹਰਿ ਚਟਸਾਲ ਪੜਾਉ'

ਸਤਿਗੁਰੂ ਰਵਿਦਾਸ ਜੀ ਮਹਾਰਾਜ ਭਾਰਤੀ ਮੂਲ ਨਿਵਾਸੀ ਸਮਾਜ ਗੌਰਵਸ਼ਾਲੀ ਵਿਰਸਾ ਵਿਰਾਸਤ ਰੱਖਣ ਵਾਲੀ, ਅਣਖੀਲੀ ਸਵੈਮਾਨ ਵਾਲੀ ਚਮਾਰ ਜਾਤ ਵਿੱਚ ਹੋਇਆ। ਜਿਸ ਸਮਾਜ ਵਿੱਚ ਆਪ ਜੀ ਦਾ ਆਗਮਨ ਹੋਇਆ ਉਸ ਸਮਾਜ ਨੂੰ ਮਾਨਵੀ ਅਧਿਕਾਰਾਂ ਤੋਂ ਵੰਚਿਤ ਰੱਖਿਆ ਹੋਇਆ ਸੀ। ਇਨਸਾਨ ਦੇ, ਸਮਾਜ ਦੇ ਵਿਕਾਸ ਵਿੱਚ ਵਿੱਦਿਆ ਦਾ ਅਹਿਮ ਰੋਲ ਰਿਹਾ। ਮੂਲ ਅਧਿਕਾਰਾਂ ਵਿੱਚ ਵਿੱਦਿਆ ਪ੍ਰਾਪਤੀ ਦਾ ਅਧਿਕਾਰ ਹੁੰਦਾ ਹੈ ਜੋ ਸਾਡੇ ਸਮਾਜ ਦਿਆਂ ਲੋਕਾਂ ਕੋਲੋ ਸਮੇਂ ਦਿਆਂ ਹਾਕਮ ਲੋਕਾਂ ਖੋਇਆ ਹੋਇਆ ਸੀ। ਸਤਿਗੁਰੂ ਰਵਿਦਾਸ ਜੀ ਨੇ ਅੰਮ੍ਰਿਤ ਬਾਣੀ ਜੋ ਕਿ ਸਤਿਗੁਰੂ ਰਵਿਦਾਸ ਜੀ ਦੇ ਪਵਿੱਤਰ ਬਚਨਾਂ ਦਾ ਗ੍ਰੰਥ ਹੈ। ਜੋ ਅੱਜ ਸਮੁੱਚੇ ਸਮਾਜ ਦਾ ਮਾਰਗ ਦਰਸ਼ਨ ਕਰ ਰਿਹਾ ਹੈ। ਸਤਿਗੁਰੂ ਰਵਿਦਾਸ ਜੀ ਨੇ ਆਪਣੀ ਅੰਮ੍ਰਿਤ ਬਾਣੀ ਵਿੱਚ ਫ਼ਰਮਾਇਆ ਹੈ:- ਮਾਧੋ ਅਬਿਦਿਆ ਹਿਤ ਕੀਨ।। ਬਿਬੇਕ ਦੀਪ ਮਲੀਨ।। ਰਹਾਉ।।

---

ਹਜਾਰਾਂ ਸਾਲ ਵਿੱਦਿਆ ਤੋਂ ਵੰਚਿਤ ਰੱਖਿਆ ਗਿਆ ਇਹ ਸਮਾਜ ਅਗਿਆਨਤਾ ਨੂੰ ਆਪਣਾ ਗਹਿਣਾ ਸਮਝੀ ਬੈਠਾ ਹੈ। ਅਗਿਆਨਤਾ ਵਿੱਚ ਆਪਣਾ ਹਿਤ ਸਮਝਦਾ ਹੈ। ਇਸੇ ਅਗਿਆਨਤਾ ਕਰਕੇ ਸੋਚਣ ਸਮਝਣ ਦੀ ਸ਼ਕਤੀ, ਸੱਚ ਝੂਠ ਦੀ ਸਮਝ ਦੀ ਸ਼ਕਤੀ ਨਸ਼ਟ ਹੋ ਗਈ ਹੈ। ਵਿੱਦਿਆ ਦੀ ਘਾਟ ਕਰਕੇ ਇਹ ਸਮਾਜ ਹਜ਼ਾਰਾ ਸਾਲ ਗੁਲਾਮੀ ਵਿੱਚ ਰਿਹਾ। ਸਮਾਜ ਦੀ ਦੁਰਦਸ਼ਾ ਤੇ ਸਾਰਾ ਸੰਸਾਰ ਹੱਸਦਾ ਹੈ।

ਦਾਰਿਦੁ ਦੇਖਿ ਸਭ ਕੋ ਹਸੈ ਐਸੀ ਦਸਾ ਹਮਾਰੀ।।
ਅਸਟ ਸਦਾ ਸਿਧਿ ਕਰ ਤਲੈ ਸਭ ਕ੍ਰਿਪਾ ਤੁਮਾਰੀ।।



ਇਹ ਸਮਾਜ ਜਿਸ ਵਿੱਚ ਮੈਂ ਪੈਦਾ ਹੋਇਆ ਹਾਂ ਉਸ ਨੂੰ ਮਾਨਵੀ ਅਧਿਕਾਰਾਂ ਤੋਂ ਵੰਚਿਤ ਰੱਖਿਆ ਗਿਆ ਹੈ। ਮਾਨਵੀ ਅਧਿਕਾਰਾ ਤੋਂ ਵੰਚਿਤ ਭਾਵ ਗੁਲਾਮ ਰੱਖਿਆ ਗਿਆ ਹੈ। ਸਾਡੀ ਐਸੀ ਗਰੀਬੀ ਦਰਦਨਾਕ ਸਥਿਤੀ ਤੇ ਹਰ ਕੋਈ ਹੱਸਦਾ ਹੈ ਪਰ ਹੇ ਪ੍ਰਮਾਤਮਾ! ਜੇ ਤੇਰੀ ਪੂਜਾ ਕਰਕੇ ਹੁਣ ਅਠਾਰਾਂ ਸਿਧੀਆਂ ਮੇਰੇ ਹੱਥ ਤੇ ਰਹਿੰਦੀਆ ਹਨ ਤਾਂ ਇਹ ਸਭ ਤੇਰੀ ਹੀ ਕਿਰਪਾ ਹੈ। ਸਤਿਗੁਰੂ ਰਵਿਦਾਸ ਜੀ ਨੇ ਇਹ ਬਾਣੀ ਉਸ ਸਮੇਂ ਉਚਾਰਨ ਕੀਤੀ ਹੈ ਜਿਸ ਸਮੇਂ ਮਾਨਵ ਵਿਰੋਧੀ ਬਿਪਰ ਪ੍ਰਧਾਨ ਸੋਚ ਨੇ ਸਾਡੇ ਸਮਾਜ ਤੋਂ ਵਿੱਦਿਆ ਅਤੇ ਭਗਤੀ ਦਾ ਅਧਿਕਾਰ ਖੋਇਆ ਹੋਇਆ ਸੀ। ਸਤਿਗੁਰੂ ਜੀ ਨੇ ਸਮਾਜ ਨੂੰ ਜਗਾਇਆ ਅਤੇ ਸਮਝਾਇਆ।

ਪਰਾਧੀਨਤਾ ਪਾਪ ਹੈ ਜਾਨੁ ਲੇਹ ਰੇ ਮੀਤ
ਰਵਿਦਾਸ ਦਾਸ ਪਰਾਧੀਨ ਸੋ ਕੋਨ ਕਰੈ ਹੈ ਪ੍ਰੀਤ।।
ਪਰਾਧੀਨ ਕਾ ਦੀਨ ਕਯਾ ਪਰਾਧੀਨ ਬੇਦੀਨ
ਰਵਿਦਾਸ ਦਾਸ ਪਰਾਧੀਨ ਕੋ ਸਭ ਹੀ ਸਮਝੇ ਹੀਨ।।

ਜਿਸ ਸਮਾਜ ਦੀ ਗ਼ੁਲਾਮੀ ਨੂੰ ਤੋੜਨਾ ਹੁੰਦਾ ਹੈ ਸਭ ਤੋਂ ਪਹਿਲਾ ਉਸ ਨੂੰ ਗ਼ੁਲਾਮੀ ਦਾ ਅਹਿਸਾਸ ਕਰਾਉਣਾ ਜ਼ਰੂਰੀ ਹੁੰਦਾ ਹੈ। ਗ਼ੁਲਾਮੀ ਨੂੰ ਖਤਮ ਕਰਨ ਲਈ ਸਭ ਤੋਂ ਪਹਿਲਾ ਹਥਿਆਰ ਵਿੱਦਿਆ ਹੈ। ਵਿੱਦਿਆ ਦਾ ਅਧਿਕਾਰ ਤਾਂ ਅਛੂਤ ਸਮਾਜ ਪਾਸੋਂ ਖੋਇਆ ਹੋਇਆ ਸੀ। ਅਛੂਤ ਸਮਾਜ ਨੂੰ ਸੰਸਕ੍ਰਿਤ ਬੋਲੀ ਪੜ੍ਹਨ ਦੀ ਸਖ਼ਤ ਮਨਾਹੀ ਸੀ। ਪੁਸਤਕ "ਗੁਰਮੁਖੀ ਅੱਖਰ ਭਗਤ (ਗੁਰੂ) ਰਵਿਦਾਸ ਜੀ ਨੇ ਬਣਾਏ" ਦੇ ਲੇਖਕ ਗਿਆਨੀ ਗੁਰਚਰਨ ਸਿੰਘ ਵੈਦ ਲਿਖਦੇ ਹਨ।

(1) ਗੁਰਬਾਣੀ ਦੁਆਰਾ ਭਗਤ (ਸਤਿਗੁਰੂ) ਰਵਿਦਾਸ ਜੀ ਨੇ ਗੁਰਮੁਖੀ ਅੱਖਰ ਬਣਾਏ ਸਿੱਧ ਹੋਣਾ ਉਹਨਾਂ ਦੀ ਬਾਣੀ ਰਾਹੀ ਪੂਰੀ ਤਰ੍ਹਾਂ ਜਾਣਿਆ ਜਾ ਸਕਦਾ ਹੈ। ਆਪ ਜੀ ਲਿਖਦੇ ਹਨ ''ਨਾਨਾ ਖਿਆਲ ਪੁਰਾਨ ਬੇਦ ਬਿਧ ਚੌਤੀਸ ਅੱਖਰ ਮਾਹੀ" ਇਸ ਦਾ ਭਾਵ ਅਸਲ ਵਿੱਚ ਅੱਖਰ ਚੌਤੀ ਹੀ ਹਨ। ਪੰਡਿਤ ਨੇ ਗਿਆਨ ਨੂੰ ਕਠਿਨ ਬਣਾਉਣ ਲਈ ਦੇਵ ਨਾਗਰੀ ਦੇ ਅੱਖਰ ਕੱਚੀ ਲੱਸੀ ਵਾਂਗ ਵਧਾ ਕੇ 52 ਕਰ ਛੱਡੇ ਹਨ। ਇਸ ਤੋਂ ਸਿੱਧ ਹੋ ਗਿਆ ਹੈ ਕਿ ਪਹਿਲਾਂ ਚੌਤੀ ਅੱਖਰ ਗੁਰਮੁਖੀ ਦੇ ਲੋੜ ਅਨੁਸਾਰ ਜੋ ਦੱਸੇ ਹਨ ਅਤੇ ਸੰਕੇਤ ਦਿੱਤੇ ਹਨ ਉਹ ਭਗਤ (ਸਤਿਗੁਰੂ) ਰਵਿਦਾਸ ਜੀ ਦੀ ਦੇਣ ਹਨ। ਸ਼੍ਰੀ ਗੁਰੂ ਨਾਨਕ ਦੇਵ ਜੀ ਅਤੇ ਸ਼੍ਰੀ ਗੁਰੂ ਅੰਗਦ ਦੇਵ ਜੀ ਨੇ ਨਹੀਂ ਬਣਾਏ।

(2) ਅਛੂਤ ਵਰਗ ਨੂੰ ਸੰਸਕ੍ਰਿਤ ਬੋਲੀ ਪੜ੍ਹਨ ਅਤੇ ਪੜ੍ਹਾਉਣ ਦੀ ਪੂਰੀ ਤਰ੍ਹਾਂ ਮਨਾਹੀ ਸੀ। ਅਛੂਤ ਵਰਗ ਦੀ ਲੋੜ ਨੂੰ ਪੂਰਾ ਕਰਨ ਵਾਸਤੇ ਗੁਰੂ ਰਵਿਦਾਸ ਜੀ ਨੇ ਗੁਰਮੁਖੀ ਅੱਖਰ ਬਣਾਏ ਤਾਂ ਜੋ ਇਹ ਮਾਨਵੀ ਅਧਿਕਾਰਾਂ ਤੋਂ ਵੰਚਿਤ ਸਮਾਜ ਵਿੱਦਿਆ ਪ੍ਰਾਪਤ ਕਰਕੇ ਗੁਲਾਮੀ ਦੀ ਛਟ ਨੂੰ ਉਤਾਰ ਕੇ ਸਨਮਾਨਤ ਜੀਵਨ ਜੀ ਸਕੇ ਅਤੇ ਉੱਨਤ ਹੋ ਸਕੇ। (ਸੰਦਰਭ ਉਹੀ) ਸੋ ਸਤਿਗੁਰੂ ਰਵਿਦਾਸ ਜੀ ਨੇ ਸਮਾਜ ਨੂੰ ਵਿੱਦਿਆਵਾਨ ਕਰਨ ਵਾਸਤੇ ਗੁਰਮੁਖੀ ਦੀ ਸਿਰਜਣਾ ਕੀਤੀ ਅਤੇ ਮਾਨਵੀ ਅਧਿਕਾਰਾਂ ਤੋਂ ਵੰਚਿਤ ਸਮਾਜ ਨੂੰ ਡੰਕੇ ਦੀ ਚੋਟ ਤੇ ਖੁਸਿਆ ਹੋਇਆ ਅਧਿਕਾਰ ਦਿਵਾਇਆ। ਸਤਿਗੁਰੂ

ਰਵਿਦਾਸ ਜੀ ਅੰਮ੍ਰਿਤ ਬਾਣੀ ਗ੍ਰੰਥ ਵਿੱਚ ਦਰਜ ਹੈ ਆਪ ਜੀ ਦੀ ਉਚਾਰਨ ਕੀਤੀ ਹੋਈ ਪੈਂਤੀ ਅੱਖਰੀ। ਸਤਿਗੁਰੂ ਰਵਿਦਾਸ ਜੀ ਦੁਆਰਾ ਰਚਿਤ ਪੈਂਤੀ ਅੱਖਰੀ ਹੇਠ ਲਿਖੇ ਅਨੁਸਾਰ ਹੈ।

ੳ, ਅ, ੲ, ਸ, ਹ, ਕ, ਖ, ਗ, ਘ, ਙ, ਚ, ਛ, ਜ, ਝ, ਞ, ਟ, ਠ, ਡ, ਢ, ਣ, ਤ, ਥ, ਦ, ਧ, ਨ, ਪ, ਫ, ਬ, ਭ, ਮ, ਯ, ਰ, ਲ, ਵ, ੜ,

ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਨੇ ਸਮਾਜ ਨੂੰ ਗਿਆਨਵਾਨ ਕਰਨ ਵਾਸਤੇ ਪੈਂਤੀ ਅੱਖਰੀ ਦੀ ਰਚਨਾ ਕੀਤੀ ਜੋ ਸਾਡੇ ਪਾਸ ਮੌਜੂਦ ਹੈ। ਸੰਗਤਾਂ ਦੀ ਜਾਣਕਾਰੀ ਹਿਤ ਕਿ ਭਾਰਤ ਅਤੇ ਪਾਕਿਸਤਾਨ ਦੀ ਵੰਡ ਤੋਂ ਪਹਿਲਾ ਲਾਹੌਰ ਦੀ ਅਦਾਲਤ ਨੇ ਇਹ ਫੈਸਲਾ ਕੀਤਾ ਸੀ ਕਿ ਗੁਰਮੁਖੀ ਦੀ ਰਚਨਾ ਸਤਿਗੁਰੂ ਰਵਿਦਾਸ ਜੀ ਨੇ ਕੀਤੀ ਹੈ।

" ਨਾਨਾ ਖਿਆਨ ਪੁਰਾਨ ਬੇਦ ਬਿਧਿ ਚਉਤੀਸ ਅੱਖਰ ਮਾਹੀ"

ਸਤਿਗੁਰੂ ਰਵਿਦਾਸ ਜੀ ਨੇ ਪੈਂਤੀ ਅੱਖਰਾਂ ਦੀ ਰਚਨਾ ਕਰਨ ਉਪਰੰਤ ਅਗਿਆਨ ਸਮਾਜ ਨੂੰ ਗਿਆਨ ਵੰਡਣ ਹਿਤ ਪਾਠਸ਼ਾਲਾਵਾਂ ਖੋਲੀਆਂ। ਜਿਨ੍ਹਾਂ ਵਿੱਚ ਉਸ ਸਮੇਂ ਦੇ ਗੁਰੂ ਜੀ ਦੇ ਸੇਵਕ ਅਤੇ ਹੋਰ ਗੁਰੂ ਜੀ ਤੋਂ ਪ੍ਰਭਾਵਿਤ ਸਾਧੂ ਸੰਤ ਮਹਾਂਪੁਰਸ਼ ਪਾਠਸ਼ਾਲਾ ਰਾਹੀਂ ਗਿਆਨ ਵੰਡਣ ਦਾ ਕਾਰਜ ਕਰਨ ਲੱਗੇ। ਯਾਦ ਰਹੇ ਸਤਿਗੁਰੂ ਰਵਿਦਾਸ ਜੀ ਦੇ 52 ਰਾਜੇ ਰਾਣੀਆਂ ਸੇਵਕ ਬਣੇ ਅਤੇ ਉਹਨਾਂ ਦੇ ਵਿੱਦਿਆ ਦੇ ਪ੍ਰਸਾਰ ਹਿਤ ਕਿੰਨਾ ਕਾਰਜ ਕੀਤਾ ਹੋਵੇਗਾ। ਸਤਿਗੁਰੂ ਰਵਿਦਾਸ ਜੀ ਦੀ ਪ੍ਰੇਰਣਾ ਸਦਕਾ ਜੋ ਪਾਠਸ਼ਾਲਾਵਾਂ ਖੋਲੀਆਂ ਗਈਆਂ ਉਹਨਾਂ ਵਿੱਚ ਵਿੱਦਿਆ ਦਾ ਪ੍ਰਸ਼ਾਦ ਵੰਡਿਆ ਜਾਂਦਾ ਸੀ। ਸਭਨਾਂ ਨੂੰ ਮਿਲ-ਜੁਲ ਕੇ ਰਹਿਣ ਦਾ ਪਾਵਨ ਪਵਿੱਤਰ ਸਤਿਸੰਗ ਸੁਣਾਇਆ ਜਾਂਦਾ ਸੀ।

ਸਤਸੰਗਤਿ ਮਿਲਿ ਰਹੀਐ ਮਾਧਉ ਜੈਸੈ ਮਧਪ ਮਖੀਰਾ॥

ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਦੀ ਅੰਮ੍ਰਿਤ ਬਾਣੀ ਸਮਾਜ ਨੂੰ ਵਿੱਦਿਆ ਪ੍ਰਾਪਤੀ ਕਰਕੇ ਗਿਆਨਵਾਨ ਹੋ ਮਿਲ-ਜੁਲ ਕੇ ਰਹਿਣ ਦਾ ਸੰਦੇਸ਼ ਦਿੰਦੀ ਹੈ। ਜਿਵੇਂ ਸ਼ਹਿਦ ਦੀਆਂ ਮੱਖੀਆਂ ਸ਼ਹਿਦ ਦੇ ਛੱਤੇ ਨਾਲ ਮਿਲ-ਜੁਲ ਕੇ ਰਹਿੰਦੀਆਂ ਹਨ ਉਸੇ ਤਰ੍ਹਾਂ ਸਮਾਜ ਨੂੰ ਇੱਕ ਜੁੱਟ ਹੋ ਕੇ ਆਪਣੇ ਹੱਕਾਂ ਦੀ ਰਾਖੀ ਕਰਨ ਦੀ ਪ੍ਰੇਰਨਾ ਦੇ ਰਹੇ ਹਨ ਅਤੇ ਨਾਲ ਹੀ ਵਿੱਦਿਆ ਪ੍ਰਾਪਤੀ ਦਾ ਮਾਰਗ ਵੀ ਦਿਖਾ ਰਹੇ ਹਨ ਕਿਉਂਕਿ ਵਿੱਦਿਆ ਬਿਨਾਂ ਸਾਡੀ ਦੁਰਦਸ਼ਾ ਉਹੀ ਹੈ।

ਸਤਿ ਵਿਦਿਆ ਕੇ ਪੜੇ ਪ੍ਰਾਪਤ ਕਰੇ ਸਦਾ ਗਿਆਨ
ਰਵਿਦਾਸ ਕਹੇ ਬਿਨੁ ਵਿਦਿਆ ਨਰ ਕੋ ਜਾਨੁ ਅਜਾਨੁ॥

ਗਿਆਨ ਤੋਂ ਬਿਨਾਂ ਮਾਨਵ ਨਰਕ ਭੋਗ ਰਿਹਾ ਹੈ। ਵਿਦਿਆ ਪ੍ਰਾਪਤ ਕਰਕੇ ਆਪਣੇ ਦੁਖੀ ਜੀਵਨ ਨੂੰ ਸੁਖੀ ਬਣਾ ਸਕਦਾ ਹੈ। ਸਤਿਗੁਰੂ ਰਵਿਦਾਸ ਜੀ ਅੰਮ੍ਰਿਤ ਬਾਣੀ ਰਾਹੀ ਜੀਵ ਨੂੰ ਅਤੇ ਸਮੁੱਚੇ ਸਮਾਜ ਨੂੰ ਸਮਝਾ ਰਹੇ ਹਨ।

ਚਲਿ ਮਨ ਹਰਿ ਚਟਸਾਲ ਪੜਾਊ॥ ਟੇਕ॥
ਗੁਰੂ ਕੀ ਸਾਟਿ ਗਿਆਨ ਕਾ ਅੱਛਰ ਬਿਸਰੈ।
ਤੌਂ ਸਹਜ ਸਮਾਧਿ ਲਗਾਊ॥1॥
ਪ੍ਰੇਮ ਪਾਈ ਸੁਰਤਿ ਲੇਖਨਿ ਕਰਿਹੋ।



ਰਰਾ ਮਮਾ ਲਿਖਿ ਆਕੇ ਦਿਖਾਊ॥2॥
ਯੇਹ ਬਿਧਿ ਮੁਕਤਿ ਭਯੋ ਸਨਦਾਇਕ।
ਰਿਦੈ ਬਿਦਾਰਿ ਪ੍ਰਕਾਸ਼ ਦਿਖਾਊ॥3॥
ਕਾਗਦ ਕੰਵਲ ਮਤਿ ਮਸਿ ਕਰਿ ਨਿਰਮਲ।
ਬਿਨ ਰਸਨਾ ਨਿਧ ਦਿਨ ਗੁਣ ਗਾਊ॥4॥
ਕਹੇ ਰਵਿਦਾਸ ਰਾਮ ਜਪਿ ਭਾਈ।
ਸੰਤ ਸਾਖਿ ਦੇ ਬਹੁਰਿ ਨਾ ਆਊ॥5॥

ਚੱਲ ਮਨ ਤੈਨੂੰ ਹਰਿ ਦਾ ਨਾਮ ਜੱਪਣ ਵਾਲੀ ਪਾਠਸ਼ਾਲਾ ਵਿਚ ਪੜ੍ਹਾਵਾ। ਜਿਸ ਪਾਠਸ਼ਾਲਾ ਵਿੱਚ ਸ੍ਰੇਸ਼ਟ ਮਾਰਗ ਤੋਂ ਭਟਕਣ ਵਾਲੀ ਗੁਰੂ ਦੇ ਉਪਦੇਸ਼ ਰੂਪੀ ਸੋਟੀ ਹੈ। ਪ੍ਰਭੂ ਨੂੰ ਮਿਲਾਉਣ ਵਾਲੇ ਗਿਆਨ ਦਾ ਅੱਖਰ ਪੜ੍ਹਾਇਆ ਜਾਂਦਾ ਹੈ। ਜੇਕਰ ਜੀਵ ਗਿਆਨ ਦਾ ਅੱਖਰ ਭੁੱਲ ਵੀ ਜਾਂਦਾ ਹੈ ਤਾਂ ਗੁਰੂ ਜੀ ਦੀ ਕਿਰਪਾ ਨਾਲ ਮਨੁੱਖ ਦੀ ਸਹਿਜ ਸਮਾਧੀ ਲੱਗ ਜਾਂਦੀ ਹੈ। ਇਸ ਪਾਠਸ਼ਾਲਾ ਵਿੱਚ ਪੜ੍ਹਨ ਵਾਸਤੇ ਪ੍ਰੇਮ ਦੀ ਸੋਟੀ ਅਤੇ ਸੁਰਤ ਦੀ ਕਲਮ ਨਾਲ ਸਰਵ ਵਿਆਪਕ ਰਾਮ ਲਿਖਿਆ ਜਾਂਦਾ ਹੈ। ਇਸ ਪਾਠਸ਼ਾਲਾ ਵਿੱਚ ਪੜ੍ਹਨ ਵਾਲਿਆਂ ਦੇ ਹਿਰਦੇ ਵਿੱਚ ਪ੍ਰਕਾਸ਼ ਹੋ ਜਾਂਦਾ ਹੈ। ਹਿਰਦੇ ਨੂੰ ਕਲਮ ਅਤੇ ਬੁੱਧੀ ਨੂੰ ਨਿਰਮਲ ਸਿਆਹੀ ਬਣਾ ਕੇ ਜੀਭਾ ਤੋਂ ਵਗੈਰ ਹੀ ਦਿਨ ਰਾਤ ਮਾਲਿਕ ਦੇ ਗੁਣ ਗਾਏ ਜਾਂਦੇ ਹਨ। ਸੰਤ ਇਸ ਦਾ ਪ੍ਰਮਾਣ ਹਨ। ਪ੍ਰਭੂ ਦਾ ਸਿਮਰਨ ਕਰਕੇ ਜੀਵ ਮੁਕਤ ਹੋ ਜਾਂਦਾ ਹੈ। ਸਤਿਗੁਰੂ ਰਵਿਦਾਸ ਜੀ ਨੇ ਸਾਨੂੰ ਪਹਿਲਾਂ ਵਿਦਿਆ ਪ੍ਰਾਪਤੀ ਦਾ ਹੱਕ ਦਿਵਾ ਕੇ, ਪੈਂਤੀ ਅੱਖਰੀ ਦੀ ਰਚਨਾ ਕਰਕੇ ਸਮਾਜ ਦੇ ਵੱਧ ਤੋਂ ਵੱਧ ਗਿਆਨਵਾਨ ਹੋਣ ਦਾ ਰਾਹ ਦਿਖਾਇਆ ਹੈ। ਵਿੱਦਿਆ ਦੀ ਪ੍ਰਾਪਤੀ ਕਰਕੇ ਸਮਾਜ ਨੂੰ ਸ਼ਹਿਦ ਦੀਆਂ ਮੱਖੀਆਂ ਵਾਂਗ ਇੱਕ ਹੋਣ ਦਾ ਸੱਦਾ ਦਿੰਦੇ ਹਨ ਕਿਉਂਕਿ ਏਕਤਾ ਬਿਨਾਂ ਕੋਈ ਵੀ ਅਧਿਕਾਰ ਸਲਾਮਤ ਨਹੀਂ ਰਹਿੰਦਾ। ਸਤਿ- ਸੰਗਤਿ ਵਿੱਚ ਮਿਲ-ਜੁਲ ਕੇ ਰਹਿਣ ਦਾ ਉਪਦੇਸ਼ ਅਤੇ ਸੰਤਾਂ ਮਹਾਂਪੁਰਸ਼ਾ ਦੇ ਚਰਨਾ ਕੰਵਲਾ ਨਾਲ ਜੁੜਨ ਦਾ ਉਪਦੇਸ਼ ਦਿੰਦੇ ਹਨ। "ਹਰਿ ਸਿਮਰੈ ਸੋਈ ਸੰਤ ਬਿਚਾਰੋ" ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਮਿਸ਼ਨ ਨੂੰ ਜਨ-ਜਨ ਤੱਕ ਪਹੁੰਚਾਉਣ ਹਿਤ ਡੇਰਾ ਸੱਚਖੰਡ ਬੱਲਾਂ ਦੇ ਕਾਰਜ ਨੂੰ ਸਾਰਾ ਜੱਗ ਜਾਣਦਾ ਹੈ। ਵਿਆਨਾ ਸ਼ਹਿਰ ਵਿੱਚ ਪ੍ਰਚਾਰ ਕਰਦਿਆਂ ਸ਼ਹਾਦਤ ਦਾ ਜਾਮ ਪੀ ਗਏ ਸ਼ਹੀਦ ਸੰਤ ਰਾਮ ਨੰਦ ਜੀ ਇਸੇ ਡੇਰੇ ਤੋਂ ਸਨ। ਇਸ ਡੇਰੇ ਤੋਂ ਮਿਸ਼ਨ ਦਾ ਪ੍ਰਚਾਰ ਹੋ ਰਿਹਾ ਹੈ। ਸੰਗਤ ਨੂੰ ਜੁੜ ਬੈਠਣ ਦਾ ਸੱਚਾ ਉਪਦੇਸ਼ ਹੈ ਐਸੇ ਮਹਾਨ ਸੰਤਾਂ ਦੀ ਸੰਗਤ ਕਰਨ ਦੀ ਪ੍ਰੇਰਨਾ ਜਿਨ੍ਹਾਂ ਦੀ ਪਾਠਸ਼ਾਲਾ ਵਿੱਚ ਸੱਚ ਰੂਪੀ ਗਿਆਨ ਮਿਲਦਾ ਹੈ। ਅਗਿਆਨ ਸਮਾਜ ਗਿਆਨਵਾਨ ਹੋ ਰਿਹਾ ਹੈ। ਹਰਿ ਦੀ ਪਾਠਸ਼ਾਲਾ ਵਿੱਚ ਸਤਿਗੁਰੂ ਜੀ ਪੜ੍ਹਨ ਦਾ ਉਪਦੇਸ਼ ਦੇ ਰਹੇ ਹਨ। ਹਰਿ ਦਾ ਮਤਲਬ ਸਮਾਨਤਾ, ਸੁਤੰਤਰਤਾ ਹੈ। ਹਰਿ ਮੁਕਤੀ ਦਾ ਰਾਹ ਹੈ।

# ਸਤਿਗੁਰੂ ਰਵਿਦਾਸ ਜੀ ਦੀ "ਅੰਮ੍ਰਿਤਬਾਣੀ" ਵਿਚ ਹਰਿ ਦੀ ਮਹਿਮਾ

ਸਤਿਗੁਰੂ ਰਵਿਦਾਸ ਜੀ ਅੰਮ੍ਰਿਤਬਾਣੀ ਵਿਚ ਸਤਿਗੁਰਾਂ ਨੇ ਜੀਵ ਨੂੰ ਅਗਿਆਨਤਾ ਵਿਚ ਭਟਕੇ ਮਾਨਵ ਨੂੰ ਅੰਧਕਾਰਾਂ ਵਿਚ ਡੁੱਬੇ ਸਮਾਜ ਨੂੰ ਹਰਿ ਜੀ ਦੇ ਲੜ ਲੱਗਣ ਦਾ ਵਾਰ-ਵਾਰ ਉਪਦੇਸ਼ ਦੇ ਰਹੇ ਹਨ। ਜਿਥੇ ਹਰਿ ਜੀ ਨਾਲ ਜੁੜਨ ਦਾ ਮਾਰਗ ਦਿਖਾ ਰਹੇ ਹਨ ਉਥੇ ਆਨ, ਕਰਮਕਾਂਡੀ, ਗੈਰ-ਮਾਨਵੀ ਸ਼ਕਤੀਆਂ ਨਾਲੋਂ ਹੱਟਣ ਦਾ ਉਪਦੇਸ਼ ਦੇ ਰਹੇ ਹਨ। ਆਉ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ ਦੀ ਵਿਚ 'ਹਰਿ' ਦੇ ਭਾਵ ਅਰਥ ਸਮਝਣ ਦਾ ਯਤਨ ਕਰੀਏ। ਅਰਥਾਂ ਨੂੰ ਜਾਣ ਕੇ ਸਮਝ ਕੇ ਹਰਿ ਨਾਲ ਸੱਚੀ ਪ੍ਰੀਤ ਪਾਈਏ:-

ਹਰਿ ਹਰਿ ਹਰਿ ਹਰਿ ਹਰਿ ਹਰਿ ਹਰੇ।।
ਹਰਿ ਸਿਮਰਤ ਜਨ ਗਏ ਨਿਸਤਰਿ ਤਰੈ।। ਰਹਾਉ ।।

ਪ੍ਰਮਾਤਮਾ ਦਾ ਹਰਿ ਹਰਿ ਨਾਮ ਜੱਪ ਕੇ ਪਹਿਲਾ ਵੀ ਸੰਸਾਰੀ ਜੀਵ ਮੁਕਤ ਹੋ ਗਏ ਹਨ, ਹਰਿ ਨਾਮ ਜੱਪ ਕੇ ਹੁਣ ਭੀ ਮੁਕਤ ਹੋ ਰਹੇ ਹਨ ਅਤੇ ਹਰਿ ਨਾਮ ਜੱਪ ਕੇ ਅੱਗੋਂ ਵੀ ਮੁਕਤ ਹੋਣਗੇ। ਪ੍ਰਮਾਤਮਾ ਦਾ 'ਹਰਿ' ਨਾਮ ਜੀਵ ਦੇ ਹਿਰਦੇ ਨੂੰ ਉਜਵਲ ਕਰਨ ਵਾਲਾ ਹੈ। ਪ੍ਰਮਾਤਮਾ ਦਾ ਸਵਾਸ-ਸਵਾਸ ਹਰਿ ਨਾਮ ਜੱਪ ਕੇ ਜੀਵ ਸੰਸਾਰ ਦੇ ਨਾ ਤਰੇ ਜਾਣ ਵਾਲੇ ਭਵ-ਸਾਗਰ ਨੂੰ ਪਾਰ ਕਰ ਸਕਦੇ ਹਨ।

ਆਪਨ ਬਾਪੈ ਨਾਹੀ ਕਿਸੀ ਕੋ ਭਾਵਨ ਕੋ ਹਰਿ ਰਾਜਾ।।
ਮੋਹ ਪਟਲ ਸਭੁ ਜਗਤ ਬਿਆਪਿਓ ਭਗਤ ਨਹੀਂ ਸੰਤਾਪਾ।।

ਉਹ ਹਰਿ ਪ੍ਰਮਾਤਮਾ ਜੀ ਆਪ ਕਿਸੇ ਦੀ ਬਾਪ ਦੀ ਮਲਕੀਅਤ ਨਹੀਂ ਹੋ। ਆਪ ਜੀ ਤਾਂ ਹਰਿ ਪ੍ਰਕਾਸ਼ ਰੂਪੀ ਰਾਜਾ ਜੀ ਕੇਵਲ ਪ੍ਰੇਮਾਂ ਭਗਤੀ ਕਰਨ ਵਾਲਿਆਂ ਦੇ ਹੀ ਹੋ। ਮੋਹ ਰੂਪੀ ਪਰਦਾ ਸਾਰੇ ਸੰਸਾਰ ਵਿਚ ਪਸਾਰਿਆ ਹੋਇਆ ਹੈ ਪਰ ਮੋਹ ਰੂਪੀ ਪਰਦਾ ਪ੍ਰਮਾਤਮਾ ਦੇ ਨਾਮ ਜੱਪਣ ਵਾਲੇ ਭਗਤਾਂ ਨੂੰ ਦੁੱਖ ਨਹੀਂ ਦਿੰਦਾ।

ਹਰਿ ਹਰਿ ਹਰਿ ਨਾ ਜਪਹਿ ਰਸਨਾ।।
ਅਵਰ ਸਭ ਤਿਆਗਿ ਬਚਨ ਰਚਨਾ।। ਰਹਾਉ ।।

ਐ ਜੀਵ! ਐਸੇ ਸੁੱਖਾਂ ਦੇ ਸਮੁੰਦਰ ਪ੍ਰਮਾਤਮਾ ਦਾ ਹਰਿ ਹਰਿ ਨਾਮ ਰਸਨਾ ਨਾਲ ਕਿਉਂ ਨਹੀਂ ਜੱਪਦਾ? ਤੂੰ ਸੰਸਾਰ ਦੀ ਝੂਠੀ ਰਚਨਾ ਦੇ ਵਚਨਾਂ ਨੂੰ ਰਸਨਾ ਤੋਂ ਤਿਆਗ ਕੇ ਪ੍ਰਭੂ ਦਾ ਸਿਮਰਨ ਕਰ ਤੇਰਾ ਜੀਵਨ ਸਫਲਾ ਹੋ ਜਾਵੇਗਾ।

ਪਲੁ ਪਲੁ ਛਿਨੁ ਛਿਨੁ ਸਿਮਰੀਏ, ਜੌ ਲੌਰ੍ਹੇ ਹਰਿ ਦੁਆਰ।
ਹਰਿ ਮਜਨੁ ਵਿਨ ਸਿਵ ਨਹੀਂ, ਭਣੈ ਰਵਿਦਾਸ ਚਮਾਰ॥

ਜੇ ਕੋਈ ਜੀਵ ਹਰਿ ਦਾ ਨਿੱਜ ਘਰ ਪ੍ਰਾਪਤ ਕਰਨਾ ਚਾਹੁੰਦਾ ਹੈ ਤਾਂ ਉਹ ਹਰ ਪਲ ਹਰ ਛਿਨ ਹਰਿ ਦਾ ਸਿਮਰਨ ਕਰੇ। ਹਰਿ ਦੇ ਨਾਮ ਰੂਪੀ ਇਸ਼ਨਾਨ ਤੋਂ ਬਿਨਾਂ ਕਿਸੇ ਵੀ ਜੀਵ ਦਾ ਕਲਿਆਣ ਨਹੀਂ ਹੁੰਦਾ।

ਕਹੈ ਰਵਿਦਾਸ ਇਕ ਬੇਨਤੀ ਹਰਿ ਸਿਉ
ਪੈਜ ਰਾਖਹੁ ਰਾਜਾ ਰਾਮ ਮੇਰੀ।।

ਹਰਿ ਰੂਪੀ ਪ੍ਰਮਾਤਮਾ ਅੱਗੇ ਅਰਜੋਈ ਸੱਚੇ ਪਾਤਸ਼ਾਹ ਆਪ ਮੇਰੀ ਲਾਜ ਰੱਖਿਓ ਜੀ।



ਨਾਮੁ ਤੇਰੋ ਆਰਤੀ ਮਜਨੁ ਮੁਰਾਰੇ।।
ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ।। ਰਹਾਉ ।।

ਸਤਿਗੁਰੂ ਰਵਿਦਾਸ ਜੀ ਪ੍ਰਮਾਤਮਾ ਦੀ ਆਰਤੀ ਕਰਦਿਆ ਕਹਿੰਦੇ ਹਨ ਕਿ ਤੇਰਾ ਨਾਮ ਜੱਪਣਾ ਹੀ ਤੇਰੀ ਸੱਚੀ ਆਰਤੀ ਹੈ। ਆਪ ਜੀ ਦਾ ਨਾਮ ਜੱਪਣਾ ਹੀ ਆਪ ਜੀ ਨੂੰ ਇਸ਼ਨਾਨ ਕਰਾਉਣਾ ਹੈ। ਹਰਿ ਜੀ ਆਪ ਦੇ ਨਾਮ ਬਿਨਾ ਸੰਸਾਰ ਦੇ ਪਸਾਰੇ ਝੂਠੇ ਹਨ।

ਕਹੈ ਰਵਿਦਾਸ ਨਾਮੁ ਤੇਰੋ ਆਰਤੀ
ਸਤਿਨਾਮੁ ਹੈ ਹਰਿ ਭੋਗ ਤੁਹਾਰੇ।।

ਸਤਿਗੁਰੂ ਰਵਿਦਾਸ ਜੀ ਫ਼ਰਮਾਉਂਦੇ ਹਨ ਕਿ ਹੇ ਪ੍ਰਮਾਤਮਾ ਜੀ ਆਪ ਜੀ ਦਾ ਨਾਮ ਜੱਪਣਾ ਹੀ ਮੇਰੇ ਲਈ ਆਪ ਦੀ ਸੱਚੀ ਆਰਤੀ ਹੈ। ਸਤਿਨਾਮ ਦਾ ਹੀ ਆਪ ਜੀ ਨੂੰ ਭੋਗ ਲਗਾਉਂਦਾ ਹਾਂ।

ਨਾਮਦੇਵ, ਕਬੀਰੁ ਤਿਲੋਚਨੁ ਸਧਨਾ ਸੈਨ ਤਰੈ।।
ਕਹਿ ਰਵਿਦਾਸ ਸੁਨਹੁ ਰੇ ਸੰਤਹੁ ਹਰਿ ਜੀਓ ਤੇ ਸਭੈ ਸਰੈ।।

ਸਤਿਗੁਰੂ ਨਾਮਦੇਵ ਜੀ, ਸਤਿਗੁਰੂ ਕਬੀਰ ਜੀ, ਸਤਿਗੁਰੂ ਤ੍ਰਿਲੋਚਨ ਜੀ, ਸਤਿਗੁਰੂ ਸਧਨਾ ਜੀ, ਸਤਿਗੁਰੂ ਸੈਨ ਜੀ ਪ੍ਰਮਾਤਮਾ ਜੀ ਦਾ ਨਾਮ ਜੱਪ ਕੇ ਤਰ ਗਏ ਅਤੇ ਜਿਨ੍ਹਾਂ ਨੇ ਸੰਸਾਰ ਵਿਚ ਏਕਤਾ ਸਾਂਝੀਵਾਲਤਾ ਸਥਾਪਤ ਕਰਨ ਲਈ ਲਹਿਰ ਚਲਾਈ ਜਿਹਨਾਂ ਦੇ ਸਮਾਜਿਕ, ਕ੍ਰਾਂਤੀਕਾਰੀ ਤੇ ਪਰਮਾਰਥੀ ਵਿਚਾਰਾਂ ਅੱਗੇ ਰਾਜੇ- ਮਹਾਰਾਜਿਆਂ ਤੇ ਕੱਟੜ ਪੰਥੀਆਂ ਨੂੰ ਝੁਕਣਾ ਪਿਆ। ਉਹਨਾਂ ਮਹਾਂਪੁਰਸ਼ਾਂ ਤੋਂ ਸੇਧ ਲੈ ਕੇ ਹਰਿ ਦਾ ਮਾਰਗ ਲੈ ਬੇਅੰਤ ਜੀਵ ਤਰ ਗਏ।

ਹਰਿ ਜਪਤ ਤੇਊ ਜਨਾ ਪਦਮ ਕਵਲਾ ਸਪਤਿ
ਤਾਸ ਸਮ ਤੁਲਿ ਨਹੀਂ ਆਨ ਕੋਊ।।
ਏਕ ਹੀ ਏਕ ਅਨੇਕ ਹੋਇ ਬਿਸਥਾਰਿਓ
ਆਨ ਰੇ ਆਨ ਭਰਪੂਰਿ ਸੋਊ।।ਰਹਾਉ।।

ਜੋ ਜੀਵ ਪ੍ਰਮਾਤਮਾ ਦੇ ਨਾਮ ਨੂੰ ਜੱਪਦੇ ਹਨ ਉਹਨਾਂ ਦੀ ਬਰਾਬਰੀ ਵਿਸ਼ਨੂੰ ਸ਼ਿਵ ਅਤੇ ਹੋਰ ਕੋਈ ਵੀ ਨਹੀਂ ਕਰ ਸਕਦਾ। ਉਹ ਹਰਿ ਇਕ ਹੈ। ਇਕ ਤੋਂ ਅਨੇਕਾਂ ਰੂਪ ਧਾਰਨ ਕਰਕੇ ਸੰਸਾਰ ਵਿਚ ਵਿਚਰਦਾ ਹੈ। ਜੀਵ ਨੂੰ ਸਰਵ ਵਿਆਪਕ ਪ੍ਰਭੂ ਦਾ ਸਿਮਰਨ ਕਰਨਾ ਚਾਹੀਦਾ ਹੈ ਤੇ ਮੁਕਤੀ ਪ੍ਰਾਪਤ ਕਰਨੀ ਚਾਹੀਦੀ ਹੈ।

ਹਰਿ ਸੋ ਹੀਰਾ ਛਾਡਿ ਕੇ ਕਰਹਿ ਆਨ ਕੀ ਆਸ।।
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ।।

ਹਰਿ ਦੇ ਹੀਰੇ ਰੂਪੀ ਨਾਮ ਨੂੰ ਛੱਡ ਕੇ ਜਿਹੜਾ ਜੀਵ ਮੁਕਤੀ ਦੀ ਹੋਰ ਕੋਈ ਆਸ ਰੱਖਦਾ ਹੈ, ਗੁਰੂ ਰਵਿਦਾਸ ਜੀ ਫ਼ਰਮਾਉਦੇ ਹਨ ਇਹ ਅਟੱਲ ਸੱਚਾਈ ਹੈ ਕਿ ਉਹ ਜੀਵ ਨਰਕਾਂ ਨੂੰ ਜਾਵੇਗਾ।

ਸਬ ਮੇਂ ਹਰਿ ਹੈ ਹਰਿ ਮੇਂ ਸ਼ਬ ਹੈ ਹਰਿ ਅਪਨੋ ਜਿਨਿ ਜਾਨਾ।।
ਸਾਖੀ ਨਹੀਂ ਔਰ ਕੋਈ ਦੂਸਰ ਜਾਨਨਹਾਰ ਸਯਾਨਾ।।

ਸਬ ਜੀਵਾਂ ਵਿਚ ਹਰਿ ਪ੍ਰਮਾਤਮਾ ਹੈ। ਉਸ ਦੀ ਸਭ ਪਾਸੇ ਜੋਤ ਜਗ ਰਹੀ

ਹੈ। ਹਰਿ ਸਭਨਾਂ ਵਿਚ ਬਿਰਾਜਮਾਨ ਹੈ। ਇਸ ਭੇਦ ਨੂੰ ਕੇਵਲ ਉਸ ਨੇ ਹੀ ਜਾਣਿਆ ਹੈ ਜਿਸ ਨੇ ਪ੍ਰਮਾਤਮਾ ਨੂੰ ਜਾਣ ਲਿਆ ਹੈ। ਉਸ ਹਰਿ ਦੇ ਸਮਾਨ ਕੋਈ ਦੂਸਰਾ ਗਵਾਹ, ਸ਼ਖਸ਼ ਨਹੀਂ ਹੈ। ਹਰਿ ਨੂੰ ਜਾਨਣ ਵਾਲਾ ਸੰਸਾਰ ਵਿਚ ਉੱਤਮ ਹੈ।

ਅਬ ਕਛੁ ਮਰਮ ਬਿਚਾਰਾਂ ਹੋ ਹਰਿ।
ਆਦਿ ਅੰਤ ਔਸਾਨ ਰਾਮ ਬਿਨ ਕੋਈ ਨ ਕਰੈ ਨਿਸਤਾਰਾ ਹੋ ਹਰਿ ।।ਟੇਕ।।

ਹਰਿ ਜੀ ਦਾ ਸੱਚਾ ਸਿਮਰਨ ਕਰਕੇ ਮੈਂ ਹੁਣ ਵਾਸਤਵਿਕ ਰਹੱਸ ਭਾਵ ਬ੍ਰਹਮ ਗਿਆਨ ਦੇ ਭੇਦ ਨੂੰ ਵਿਚਾਰ ਲਿਆ ਹੈ। ਸ਼੍ਰਿਸ਼ਟੀ ਦੇ ਆਦਿ ਤੋਂ ਲੈ ਕੇ ਅੰਤ ਤੱਕ ਆਪ ਜੀ ਤੋਂ ਬਿਨਾਂ ਜੀਵਾਂ ਨੂੰ ਕੋਈ ਮੁਕਤੀ ਨਹੀਂ ਦੇ ਸਕਦਾ।

ਕਹਿ ਰਵਿਦਾਸ ਉਦਾਸ ਤਾਹੀ ਤੈਂ ਕਹਾ ਉਪਾਯ ਅਬ ਕੀਜੈ।।
ਭੈ ਬੂਡਤ ਭੈਭੀਤ ਭਗਤਿ ਜਨ ਕਰਿ ਅਭਲੰਬਨ ਦੀਜੈ ਹੋ ਹਰਿ।।

ਸਤਿਗੁਰੂ ਰਵਿਦਾਸ ਜੀ ਬਾਣੀ ਵਿੱਚ ਫ਼ਰਮਾ ਰਹੇ ਹਨ ਕਿ ਕਲਯੁਗ ਦੇ ਬਲ ਤੋਂ ਬਚਣ ਲਈ ਹੁਣ ਜੀਵ ਕੀ ਉਪਾਯ ਕਰੇ? ਹੇ ਹਰਿ ਜੀ ਪ੍ਰਮਾਤਮਾ! ਸੰਸਾਰ ਦੇ ਭਵ-ਸਾਗਰ ਵਿਚ ਡੁੱਬ ਰਹੇ ਭੇਅ-ਭੀਤ ਜੀਵ ਨੂੰ ਆਪ ਕਿਰਪਾ ਕਰਕੇ ਆਪਣਾ ਸਹਾਰਾ ਦੇ ਕੇ ਭਵ ਸਾਗਰ ਤੋਂ ਪਾਰ ਕਰ ਦਿਉ ਜੀ।

ਕਹਿ ਰਵਿਦਾਸ ਛੂਟੀ ਸਬ ਆਸ ਤਬ ਹਰਿ ਤਾਹੀ ਕੇ ਪਾਸ।।
ਆਤਮਾ ਥਿਰ ਭਈ ਤਬਾਹੀ ਨਿਧਿ ਪਾਈ।।

ਜਦੋਂ ਜੀਵ ਦੀਆਂ ਸਭ ਇੱਛਾਵਾਂ ਖਤਮ ਹੋ ਜਾਂਦੀਆਂ ਹਨ ਉਦੋਂ ਜੀਵ ਹਰਿ ਵਿਚ ਲੀਨ ਹੋ ਕੇ ਸਥਿਰ ਹੋ ਜਾਂਦਾ ਹੈ। ਉਸ ਸਮੇਂ ਸਰਵ ਉੱਚ ਨਿਧਿ ਦੀ ਪ੍ਰਾਪਤੀ ਹੋ ਜਾਂਦੀ ਹੈ।

ਸੁ ਕੁਛ ਵਿਚਾਰਿਓ ਤਾਥੇ ਮੇਰੋ ਮਨ ਥਿਰੁ ਹੈ ਰਹਿਓ।
ਹਰਿ ਰੰਗ ਲਾਗੋ ਤਾਥੇ ਮੇਰੋ ਬਰਨ ਪਲਟਿ ਭਯੋ।।ਟੇਕ।।

ਹਰਿ ਦੇ ਨਾਮ ਦਾ ਕੁਝ ਕੁ ਹੀ ਵਿਚਾਰ ਕੀਤਾ ਤਾਂ ਉਸ ਸਮੇਂ ਮੇਰਾ ਮਨ ਸਥਿਰ ਹੋ ਗਿਆ। ਜਦੋਂ ਮੈਨੂੰ ਹਰਿ ਨਾਮ ਦਾ ਮਜੀਠੀ ਰੰਗ ਲੱਗ ਗਿਆ ਤਾਂ ਝੂਠਾ ਰੰਗ ਬਦਲ ਗਿਆ।

ਮੈ ਅਪਨੋ ਮਨ ਹਰਿ ਸੋ ਜੋਰਿਓ।।ਹਰਿ ਸੋ ਜੋਰਿ ਸਬਨ ਸੇ ਤੋਰਿਓ।।
ਸਭ ਪਰ ਹਰਿ ਤੁਮਾਰੀ ਆਸਾ।।ਮਨ ਕ੍ਰਮ ਬਚਨ ਕਹੈ ਰਵਿਦਾਸਾ।।

ਹੇ ਪ੍ਰਭੂ ਜੀ ਮੈਂ ਅਪਣਾ ਮਨ ਆਪ ਜੀ ਨਾਲ ਜੋੜ ਲਿਆ ਹੈ। ਆਪ ਜੀ ਨਾਲ ਜੋੜ ਕੇ ਸਭ ਨਾਲ ਤੋੜ ਲਿਆ ਹੈ। ਹਰ ਸਮੇਂ ਮੇਰੇ ਮਨ ਵਿਚ ਆਪ ਜੀ ਦੇ ਦਰਸ਼ਨ ਦੀ ਇੱਛਾ ਹੈ। ਇਹ ਮੈਂ ਮਨ, ਬਚਨ ਅਤੇ ਕਰਮ ਕਰਕੇ ਕਹਿੰਦਾ ਹਾਂ।

ਮੈਂ ਹਿਰਦੇ ਹਰਿ ਬੈਠਯੋ ਹਰਿ ਸੋ ਪੈ ਸਰਯੋ ਨਾ ਏਕੋ ਕਾਜ।।
ਭਾਵ ਭਗਤਿ ਰਵਿਦਾਸ ਦੇ ਪ੍ਰਤਿਪਾਲ ਕਰੋ ਮੋਹਿ ਆਜ।।

ਆਪ ਜੀ ਦੇ ਨਾਮ ਤੋਂ ਬਿਨਾਂ ਮੈਂ ਸੰਸਾਰ ਦੀ ਬਾਜੀ ਹਾਰ ਕੇ ਬੈਠ ਗਿਆ ਹਾਂ। ਮੇਰਾ ਇਕ ਵੀ ਕੰਮ ਪੂਰਾ ਨਹੀਂ ਹੋਇਆ। ਆਪਣੀ ਪ੍ਰੇਮ ਭਗਤੀ ਬਖਸ਼ਿਸ਼ ਕਰਕੇ ਅੱਜ ਹੀ ਮੇਰੀ ਪ੍ਰਤਿਪਾਲ ਕਰੋ ਜੀ।

ਕਹੈ ਰਵਿਦਾਸ ਪ੍ਰਕਾਸ਼ ਪਰਮ ਪਦ ਕ ਜਪ ਤਪ ਬ੍ਰਤ ਪੂਜਾ।।
ਏਕ ਅਨੇਕ ਅਨੇਕ ਏਕ ਹਰਿ ਕਹੋ ਕੌਣ ਬਿਧਿ ਦੂਜਾ।।



ਸਤਿਗੁਰੂ ਰਵਿਦਾਸ ਜੀ ਉਚਾਰਨ ਕਰਦੇ ਹਨ ਜਿਸ ਸਮੇਂ ਜੀਵ ਦੇ ਹਿਰਦੇ ਵਿਚ ਹਰਿ ਦਾ ਪ੍ਰਕਾਸ਼ ਹੋ ਜਾਂਦਾ ਹੈ ਤਾਂ ਉਸ ਸਮੇਂ ਜੀਵ ਪਰਮ ਪਦ ਨੂੰ ਪ੍ਰਾਪਤ ਕਰ ਜਾਂਦਾ ਹੈ। ਹਰਿ ਨੂੰ ਸਿਮਰਨ ਤੋਂ ਬਾਅਦ ਜੀਵ ਨੂੰ ਜਪ ਤਪ ਅਤੇ ਪੂਜਾ ਦੀਆਂ ਦੂਸਰੀਆਂ ਵਿਧੀਆਂ ਕਰਨ ਦੀ ਲੋੜ ਨਹੀਂ ਹੁੰਦੀ। ਪ੍ਰਭੂ ਇੱਕ ਤੋਂ ਅਨੇਕਾਂ ਰੂਪ ਧਾਰਨ ਕਰਕੇ ਸੰਸਾਰ ਵਿਚ ਬਿਰਾਜਮਾਨ ਹੈ।

"ਥੋਥੀ ਕਾਯਾ ਥੋਥੀ ਮਾਯਾ।। ਥੋਥਾ ਹਰਿ ਬਿਨ ਜਨਮ ਗੰਵਾਯਾ।।
ਥੋਥਾ ਪੰਡਿਤ ਥੋਥੀ ਬਾਨੀ।।ਥੋਥੀ ਹਰਿ ਬਿਨ ਸਭੈ ਕਹਾਨੀ"।।

ਹਰਿ ਦੇ ਸੱਚੇ ਨਾਮ ਤੋਂ ਬਿਨਾ ਇਹ ਸਰੀਰ ਵੀ ਝੂਠਾ ਹੈ ਇਹ ਮਾਇਆ ਵੀ ਝੂਠੀ ਹੈ। ਪ੍ਰਭੂ ਤੋਂ ਬਿਨਾ ਜੀਵ ਬੇਕਾਰ ਵਿੱਚ ਜਨਮ ਗਵਾ ਰਿਹਾ ਹੈ। ਸੱਚੇ ਨਾਮ ਬਿਨ ਪੰਡਿਤ ਵੀ ਝੂਠਾ ਹੈ ਪੰਡਿਤ ਦੀ ਬਾਣੀ ਵੀ ਝੂਠੀ ਹੈ। ਹਰਿ ਬਿਨ ਸਭੈ ਕਹਾਣੀਆਂ ਝੂਠੀਆਂ ਹਨ। ਜਿਥੇ ਹਰਿ ਰੂਪੀ ਸੱਚ ਹੈ ਉਹ ਕੁਝ ਸੱਚ ਹੈ।

"ਤੀਰਥ ਬਰਤ ਕਰਇ ਬਹੁ ਤੇਰੇ, ਕਥਾ ਬਸਤ ਬਹੁ ਸਾਨੈ।
ਕਹਿ ਰਵਿਦਾਸ ਮਿਲਿਓ ਗੁਰੁ ਪੂਰੇ, ਜਿਹਿ ਅੰਤਰ ਹਰਿ ਮਿਲਾਨੈ"।।

ਜੀਵ ਬਹੁਤ ਤੀਰਥਾਂ ਤੇ ਇਸ਼ਨਾਨ ਕਰਦੇ ਹਨ ਅਤੇ ਕਥਾਵਾਂ ਦਾ ਵਿਖਿਆਨ ਕਰਦੇ ਹਨ। ਜਦੋਂ ਜੀਵ ਨੂੰ ਪੂਰਨ ਗੁਰੂ ਮਿਲ ਜਾਂਦਾ ਹੈ ਤਾਂ ਉਹ ਅੰਦਰੋਂ ਹੀ ਜੀਵ ਨੂੰ ਪ੍ਰਭੂ ਨਾਲ ਮਿਲਾ ਦਿੰਦਾ ਹੈ।

"ਤਾਂ ਥੈ ਪਤਿਤ ਨਹੀਂ ਕੋ ਪਾਵਨ ਹਰਿ ਤਜ ਆਨ ਨ ਧਿਆਇਆ ਰੇ।।
ਹਮ ਅਪੂਜਿ ਪੂਜਿ ਭਯੇ ਹਰਿ ਥੇ ਨਾਮ ਅਨੁਪਮ ਗਾਇਆ ਰੇ।।ਟੇਕ।।"

ਉਸ ਪ੍ਰਭੂ ਤੋਂ ਵੱਡਾ ਪਤਿਤ ਪਾਵਨ ਭਾਵ ਪਾਪੀਆਂ ਨੂੰ ਪਵਿੱਤਰ ਕਰਨ ਵਾਲਾ ਕੋਈ ਹੋਰ ਨਹੀਂ ਹੈ। ਇਸ ਲਈ ਪ੍ਰਭੂ ਤੋਂ ਬਿਨਾਂ ਹੋਰ ਕਿਸੇ ਨੂੰ ਕਿਉ ਧਿਆਈਏ। ਹੇ ਭਾਈ! ਅਸੀਂ ਸੰਸਾਰੀ ਜੀਵ ਵੀ ਪੂਜਣ ਯੋਗ ਨਹੀਂ ਸੀ ਪਰ ਪੂਜਨੀਕ ਹੋ ਗਏ। ਇਸ ਲਈ ਜੀਵ ਤੂੰ ਅਨੁਪਮ ਪ੍ਰਭੂ ਦੇ ਨਾਮ ਦਾ ਗੁਣ-ਗਾਣ ਕਰ।

"ਜਬ ਲਗ ਅੰਗ ਪੰਕ ਨਹਿੰ ਪਰਸੈ ਤੋ ਜਲ ਕਹਾ ਪਖਾਲੈ।।
ਮਨ ਮਲੀਨ ਵਿਸ਼ਿਆ ਰਸ ਲੰਪਟ ਤੋਂ ਹਰਿ ਨਾਮ ਸੰਭਾਲੇ"।।

ਜਦੋਂ ਤੱਕ ਅੰਗਾਂ ਨੂੰ ਪਾਪ ਰੂਪੀ ਚਿੱਕੜ ਨਹੀਂ ਛੂੰਹਦਾ ਤਦ ਤੱਕ ਪ੍ਰਭੂ ਦੇ ਨਾਮ ਰੂਪੀ ਜਲ ਵਿਚ ਉਹਨੂੰ ਧੋਣ ਦੀ ਲੋੜ ਨਹੀਂ ਹੈ। ਇਸ ਤਰ੍ਹਾਂ ਜਦ ਤਕ ਜੀਵ ਦਾ ਮਨ (ਵਿਖਿਆ) ਵਿਸ਼ੇ ਵਿਕਾਰਾਂ ਵਿਚ ਲੁਭਾਏਮਾਨ ਹੋਣ ਕਰਕੇ ਮੈਲਾ ਹੁੰਦਾ ਹੈ ਤਦ ਹੀ ਮਨ ਨੂੰ ਪ੍ਰਭੂ ਦਾ ਨਾਮ ਸਿਮਰਨ ਕਰਕੇ ਸ਼ੁੱਧ ਕੀਤਾ ਜਾਂਦਾ ਹੈ।

ਚਲਿ ਮਨ ਹਰਿ ਚਟਸਾਲ ਪੜਾਊਂ
ਗੁਰੁ ਕੀ ਸਾਟਿ ਗਿਯਾਨ ਕਾ ਅੱਛਰ ਬਿਸਰੈ ਤੋ ਸਹਜ ਸਮਾਧਿ ਲਗਾਊ।।

ਆਪਣੇ ਮਨ ਨੂੰ ਹਰਿ ਦਾ ਨਾਮ ਜੱਪਣ ਵਾਲੀ ਪਾਠਸ਼ਾਲਾ ਵਿਚ ਪੜਾਉਣ ਦਾ ਉਪਦੇਸ਼ ਦੇ ਰਹੇ ਹਨ ਜਿਸ ਪਾਠਸ਼ਾਲਾ ਵਿਚ ਸ਼੍ਰੇਸ਼ਠ ਮਾਰਗ ਤੋਂ ਭਟਕਣ ਤੋਂ ਰੋਕਣ ਵਾਲੀ ਗੁਰੂ ਦੇ ਉਪਦੇਸ਼ ਰੂਪੀ ਸੋਟੀ ਹੈ।

ਹਰਿ ਨੂੰ ਮਿਲਾਉਣ ਵਾਲੇ ਗਿਆਨ ਦਾ ਅੱਖਰ ਵੀ ਪੜ੍ਹਾਇਆ ਜਾਂਦਾ ਹੈ। ਜੇਕਰ ਜੀਵ ਗਿਆਨ ਅੱਖਰ ਭੁੱਲ ਵੀ ਜਾਂਦਾ ਹੈ ਤਾਂ ਗੁਰੁ ਦੀ ਕਿਰਪਾ ਨਾਲ ਸਹਿਜ ਸਮਾਧੀ ਲੱਗ ਜਾਂਦੀ ਹੈ।

ਹਰਿ ਸਿਮਰੈ ਸੋਈ ਸੰਤ ਬਿਚਾਰੋ,
ਅਵਰ ਜਨਮ ਬੇਕਾਮ ਰਾਮ ਬਿਨ,
ਕੋਟਿ ਜਨਮ ਸੋ ਉਪਰਿ ਬਾਰੌਂ।।ਟੇਕ।।

ਜੋ ਸੰਤ ਹਰਿ ਦਾ ਸਿਮਰਨ ਕਰਦੇ ਹਨ ਉਹ ਪੂਰਨ ਸੰਤ ਹਨ, ਸ਼੍ਰੇਸ਼ਟ ਹਨ। ਪ੍ਰਭੂ ਜੀ ਦੇ ਨਾਮ ਤੋਂ ਬਿਨਾਂ ਜੀਵ ਦਾ ਜਨਮ ਨਿਸਫਲ ਜਾਂਦਾ ਹੈ। ਇਸ ਲਈ ਕਰੋੜਾਂ ਜਨਮ ਸੰਤਾਂ ਤੋਂ ਵਾਰਨੇ ਚਾਹੀਦੇ ਹਨ।

ਹੋ ਬਨਿਜਾਰੋ ਰਾਮ ਕੋ ਹਰਿ ਜੁ ਕੋ ਟਾਂਡੋ ਲਾਦੋ ਜਾਇ ਰੇ।
ਰਾਮ ਨਾਮ ਧਨ ਪਾਇਓ ਤਾਂ ਤੇ ਸਹਜ ਕਰੂੰ ਬਿਉਪਾਰ ਰੇ।।ਟੇਕ।।

ਜੇਕਰ ਰਾਮ ਨਾਮ ਦਾ ਵਣਜ ਕਰਨ ਵਾਲਾ ਵਪਾਰੀ ਹੈ ਤਾਂ ਮੇਰੇ ਪਾਸ ਆਵੇ ਮੇਰੇ ਪਾਸ ਪ੍ਰਭੂ ਦੇ ਰਾਮ ਨਾਮ ਦਾ ਵਪਾਰ ਕਰ ਲਵੇ। ਮੇਰਾ ਟਾਂਡਾ ਹਰਿ ਦੇ ਨਾਮ ਨਾਲ ਲੱਦਿਆ ਹੋਇਆ ਹੈ। ਮੈਂ ਸੰਸਾਰ ਵਿਚ ਤੁਰੀਆ ਅਵਸਥਾ ਦਾ ਵਪਾਰ ਕਰਦਾ ਹਾਂ ਜੋ ਕਿ ਸੰਸਾਰ ਵਿਚ ਭੇਦ ਭਾਵ ਤੋਂ ਉੱਪਰ ਉੱਠ ਕੇ ਨੌਆਂ ਦੁਆਰਿਆਂ ਤੋਂ ਉੱਪਰ ਦਸਵੇਂ ਦੁਆਰ ਪਹੁੰਚ ਕੇ ਪ੍ਰਾਪਤ ਹੁੰਦੀ ਹੈ।

ਹਰਿ ਅਰਪਨ ਕਰਿ ਭੋਜ ਨਾ ਕੀਨੋ, ਕਥਾ ਕੀਰਤ ਨਹੀਂ ਜਾਨੀ
ਰਾਮ ਭਗਤਿ ਬਿਨ ਮੁਕਤੀ ਨਾ ਪਾਵੇ, ਅਮਰ ਜੀਵ ਗਰਾਬੈ ਪ੍ਰਾਨੀ।।

ਜਿਸ ਜੀਵ ਨੇ ਹਰਿ ਨੂੰ ਆਪਣਾ ਜੀਵਨ ਅਰਪਨ ਨਹੀਂ ਕੀਤਾ ਅਤੇ ਪ੍ਰਭੂ ਦੀ ਵਡਿਆਈ ਨਹੀਂ ਜਾਣੀ। ਪ੍ਰਭੂ ਦੀ ਪ੍ਰੇਮ ਭਗਤੀ ਤੋਂ ਬਿਨਾਂ ਮੁਕਤੀ ਪ੍ਰਾਪਤ ਨਹੀਂ ਹੁੰਦੀ। ਇਸ ਲਈ ਅਮਰ ਜੀਵ ਪ੍ਰਭੂ ਦੇ ਨਾਮ ਤੋਂ ਬਿਨਾਂ ਜੂਨਾਂ ਵਿਚ ਭਟਕਦਾ ਰਹਿੰਦਾ ਹੈ।

ਕੋਟਿ ਕਲਪ ਜੀਵਨ ਅਲਪ, ਬਿਚ ਹਰਿ ਭਗਤਿ ਬਿਲਾਸ।
ਹਰਿ ਸਿਮਰਣ ਸਫਲ ਜਨਮ, ਦੁਹ ਫਲ ਲਹਿ ਰਵਿਦਾਸ॥

ਕਰੋੜਾਂ ਕਲਪਾਂ ਵਿਚ ਇਕ ਅਨਮੋਲ ਜੀਵ ਦਾ ਜੀਵਨ ਹੈ ਜੋ ਪ੍ਰਭੂ ਦੀ ਭਗਤੀ ਆਉਣ ਨਾਲ ਇਹ ਜੀਵਨ ਸਫ਼ਲ ਹੋ ਜਾਂਦਾ ਹੈ ਅਤੇ ਲੋਕ-ਪ੍ਰਲੋਕ ਸੁਖੀ ਹੋ ਜਾਂਦਾ ਹੈ।

ਰਿਦੈ ਸੁਮਿਰਨ ਕਰੂੰ ਨੈਨ ਅਨਲੋਕਨੋ
ਸ੍ਰਵਨਾ ਹਰਿ ਕਥਾ ਪੂਰਿ ਰਾਖੂੰ।।

ਮੈਂ ਹਿਰਦੇ ਵਿਚ ਆਪ ਜੀ ਦਾ ਸਿਮਰਨ ਕਰਦਾ ਹਾਂ, ਅੱਖਾਂ ਨਾਲ ਆਪ ਜੀ ਦੇ ਦਰਸ਼ਨ ਕਰਦਾ ਹਾਂ, ਕੰਨਾਂ ਨਾਲ ਪਵਿੱਤਰ ਬਾਣੀ ਸਰਵਣ ਕਰਕੇ ਅਨੰਦ ਵਿਚ ਭਰਪੂਰ ਰਹਿੰਦਾ ਹਾਂ।

ਮਾਲਾ ਨਾਮ ਸਭੈ ਜਗ ਡਹਕੋ ਝੂਠੋ ਭੇਕ ਬਨੈਹੰ।
ਝੂਠੇ ਤੇ ਸਾਂਚਿ ਤਬ ਹੋਇੰਹ ਹਰਿ ਕੀ ਸਰਨ ਜਬ ਐਹੌਂ।।

ਅਗਿਆਨਤਾ ਕਾਰਨ ਜੀਵ ਝੂਠੇ ਭਰਮਾਂ ਵਿੱਚ ਭੁੱਲੇ ਹੋਏ ਹਨ ਤੇ ਗਲਾਂ ਵਿਚ ਮਾਲਾ ਪਾ ਕੇ ਹਰਿ ਦੀ ਪ੍ਰਾਪਤੀ ਵਾਸਤੇ ਝੂਠੇ ਭੇਖ ਬਣਾਏ ਹੋਏ ਹਨ। ਜਦੋਂ ਜੀਵ



ਪ੍ਰਭੂ ਦੀ ਸ਼ਰਨ ਲੈਂਦਾ ਹੈ ਉਸ ਸਮੇਂ ਝੂਠ ਨੂੰ ਤਿਆਗ ਦਿੰਦਾ ਹੈ ਸੱਚ ਨਾਲ ਜੁੜ ਜਾਂਦਾ ਹੈ।

ਸ਼ਿਵ ਸਨਕਾਦਿਕ ਪਾਰ ਨਾ ਪਾਵੇ ਮੈ ਬਪੁਰੇ ਕੀ ਕੌਣ ਗਿਨੀ ਹੈ।
ਜਾ ਕੀ ਪ੍ਰੀਤ ਨਿਰੰਤਰਿ ਹਰਿ ਸੋ ਕਹੈ ਰਵਿਦਾਸ ਤਾਕੀ ਸਦਾ ਬਨੀ ਹੈ।

ਸ਼ਿਵ ਜੀ, ਸਨਕਾਦਿਨ ਚਾਰੇ ਭਰਾ ਉਸ ਹਰਿ ਪ੍ਰਭੂ ਦੀ ਮਹਿਮਾ ਨਹੀਂ ਜਾਣ ਸਕਦੇ। ਪ੍ਰਭੂ ਦੇ ਗੁਣਾਂ ਨੂੰ ਪ੍ਰਭੂ ਦੀ ਬਖਸ਼ਿਸ਼ ਕਰਕੇ ਹੀ ਜਾਣਿਆ ਜਾ ਸਕਦਾ ਹੈ। ਜਿਸ ਜੀਵ ਦੀ ਨਿਰੰਤਰ ਪ੍ਰੀਤ ਹਰਿ ਨਾਲ ਰਹਿੰਦੀ ਹੈ। ਉਸ ਜੀਵ ਦੀ ਹਮੇਸ਼ਾ ਪ੍ਰਭੂ ਨਾਲ ਲਗਨ ਲੱਗੀ ਰਹਿੰਦੀ ਹੈ।

ਜਨ ਰਵਿਦਾਸ ਤਿਆਗੀ ਜਗ ਆਸਾ
ਲਹਹੁ ਓਟ ਹਰਿ ਚਰਨਨ ਕੀ।

ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਹੇ ਜੀਵ, ਤੂੰ ਸੰਸਾਰ ਦੀ ਝੂਠੀ ਆਸਾ ਛੱਡ ਦੇ ਪ੍ਰਭੂ ਦੇ ਚਰਨਾਂ ਕੰਵਲਾਂ ਦਾ ਆਸਰਾ ਲੈ ਕੇ ਆਪਣਾ ਜੀਵਨ ਸਫ਼ਲ ਕਰ ਲੈ।

ਭਰਿ ਭਰਿ ਦੇਵੈ ਸ਼ਰਤਿ ਕਲਾਲੀ,
ਦਰਿਆ ਦਰਿਆ ਪੀਨਾ ਰੇ,
ਪੀਵਤੁ ਪੀਵਤੁ ਆਪਾ ਜਗ ਭੁਲਾ,
ਹਰਿ ਰਸ ਮਾਂਹਿ ਬੌਰਾਨਾ ਰੇ।

ਗੁਰੂ ਰੂਪ ਕਲਾਲੀ ਦਸਵੇਂ ਦੁਆਰ ਵਿਚ ਸੁਰਤ ਟਿਕਾ ਕੇ ਭਰ ਭਰ ਕੇ ਪ੍ਰਭੂ ਦੇ ਨਾਮ ਦੇ ਪਿਆਲੇ ਪਿਲਾ ਰਿਹਾ ਹੈ, ਦਰਿਆ ਦੇ ਸਮਾਨ ਅੰਮ੍ਰਿਤ ਦੇ ਪਿਆਲੇ ਜੀਵ ਪੀ ਰਿਹਾ ਹੈ। ਐਸਾ ਅੰਮ੍ਰਿਤ ਪੀਣ ਨਾਲ ਜੀਵ ਸੰਸਾਰ ਨੂੰ ਭੁੱਲ ਜਾਂਦਾ ਹੈ। ਪ੍ਰਭੂ ਦੇ ਨਾਮ ਵਿਚ ਮਗਨ ਹੋ ਜਾਂਦਾ ਹੈ।

ਸੇਤ ਭਇਓ ਤਨ ਥਰ ਥਰ ਕੰਪਹਿ ਹਰਿ ਸਿਮਰਨ ਨਹੀ ਕੀਨ੍ਹਾ।

ਜੀਵ ਨੂੰ ਸਤਿਗੁਰੂ ਜੀ ਕਹਿੰਦੇ ਹਨ ਕਿ ਪ੍ਰਭੂ ਦਾ ਸਿਮਰਨ ਕਰ। ਜੀਵ ਜਵਾਨੀ ਹੰਕਾਰ ਵਿਚ ਗੁਆ ਦਿੰਦਾ ਹੈ ਤੇ ਅੰਤ ਬੁਢਾਪੇ ਵਿਚ ਸਰੀਰ ਕੰਬਦਾ ਹੈ, ਇਕ ਚਿਤ ਨਹੀਂ ਹੋ ਪਾਉਂਦਾ। ਬਜ਼ੁਰਗ ਅਵਸਥਾ ਵਿਚ ਪ੍ਰਭੂ ਦਾ ਸਿਮਰਨ ਨਹੀਂ ਹੁੰਦਾ।

ਬਿਨ ਵਿਸਵਾਸ ਬਾਂਝ ਸਤਿ ਜਾਇਸੈ, ਹਰਿ ਕਾਰਨਿ ਕਿਉ ਰਾਸੀ।।

ਜਿਵੇਂ ਬਾਂਝ ਇਸਤਰੀ ਨੂੰ ਸੰਤਾਨ ਪੈਦਾ ਹੋਣ ਦਾ ਵਿਸ਼ਵਾਸ ਨਹੀਂ ਹੋ ਸਕਦਾ। ਇਸੇ ਤਰ੍ਹਾਂ ਹਰਿ ਦੇ ਨਾਮ ਜਪਣ ਤੋਂ ਬਿਨਾਂ ਜੀਵ ਨੂੰ ਸੰਸਾਰ ਦੇ ਭਵ-ਸਾਗਰ ਤੋਂ ਪਾਰ ਹੋਣ ਦਾ ਵਿਸ਼ਵਾਸ ਨਹੀਂ ਹੋ ਸਕਦਾ।

ਪਾਂਡੇ! ਹਰਿ ਵਿਚ ਅੰਤਰ ਡਾਂਢਾ

ਹੇ ਕਰਮ-ਕਾਂਡਾਂ ਵਿਚ ਫਸੇ ਪੰਡਿਤ! ਤੇਰੀ ਕਰਮ-ਕਾਂਡੀ ਭਗਤੀ ਅਤੇ ਹਰਿ ਦੀ ਅਸਲ ਭਗਤੀ ਵਿਚ ਬਹੁਤ ਅੰਤਰ ਹੈ। ਜੀਵ ਪ੍ਰਭੂ ਪ੍ਰੇਮ ਤੋਂ ਬਿਨਾਂ ਸਿਰ ਮੁਨਵਾ ਕੇ ਸੇਵਾ ਪੂਜਾ ਕਰਨ ਦੇ ਭਰਮ ਦੇ ਬੰਧਨਾਂ ਵਿਚ ਬੱਝ ਜਾਂਦਾ ਹੈ।

ਕਹਿ ਰਵਿਦਾਸ ਹਰਿ ਸਰਬ ਵਿਆਪਕ

ਸਰਬ ਚਿੰਤਾਮਣਿ ਸਰਬ ਪ੍ਰਤਿਪਾਲਕ॥

ਹਰਿ ਸਰਬ ਵਿਆਪਕ ਹੈ ਤੇ ਮਨ ਇੱਛਤ ਫਲ ਦੇਣ ਵਾਲਾ ਹੈ। ਉਹੀ ਸਭ ਜੀਵਾਂ ਦੀ ਪਾਲਣਾ ਕਰਦਾ ਹੈ। ਸਭ ਜੀਵਾਂ ਦਾ ਰਾਖਾ ਉਹੀ ਹੈ।

ਤਨ ਮਨ ਆਤਮ ਬਾਰਿ ਸਦਾ ਹਰਿ ਗਾਈਏ॥
ਭਨਤ ਜਨ ਰਵਿਦਾਸ ਤੁਮ ਸਰਨਾ ਆਈਏ॥

ਸਤਿਗੁਰੂ ਰਵਿਦਾਸ ਜੀ ਫ਼ਰਮਾਉਂਦੇ ਹਨ ਕਿ ਜੀਵ ਨੂੰ ਆਪਣਾ ਤਨ, ਮਨ ਹਰਿ ਦੇ ਅੱਗੇ ਕੁਰਬਾਨ ਕਰਕੇ ਹਮੇਸ਼ਾ ਹੀ ਹਰਿ ਦੇ ਗੁਣ ਗਾਉਦੇ ਰਹਿਣੇ ਚਾਹੀਦੇ ਹਨ। ਸਤਿਗੁਰੂ ਰਵਿਦਾਸ ਫ਼ਰਮਾਉਦੇ ਹਨ ਜੀਵ ਪ੍ਰਭੂ ਦੀ ਸ਼ਰਨ ਵਿਚ ਰਹੇ।

ਕਥਨਾ ਕਥੈ ਨਾ ਹਰਿ ਮਿਲੇ ਪਾਵੇ ਖੋਜਨ ਨੂਰ
ਕਹੈ ਰਵਿਦਾਸ ਵਿਚਾਰ ਕੈ ਰਹੋ ਭਗਵਾਨ ਹਜੂਰ॥

ਨਾਮ ਨਿਸ਼ਾਨ ਪ੍ਰਾਪਤੇ ਜੋ ਗਾਵਤੇ ਰਹਿਕੇ ਗੀਤ॥
ਰਵਿਦਾਸ ਕਹੈ ਸਤਿਸੰਗ ਮੇਂ ਅਵਯ ਪਦ ਸਤਿਗੁਰ ਦੀਤ॥
ਨਾਮ ਧਿਆਵੈ ਦੇਵ ਮੁਨਿ ਕਰਤਾ ਪੁਰਸ਼ ਆਗੰਮ॥
ਸੀਸ ਦਾਨ ਕਰ ਹਰਿ ਮਿਲੇ ਤੂੰ ਨਾ ਜਾਨ ਸਹੰਮ॥
ਸਾਹਿਬ ਦੀਨ ਦਿਆਲ ਸਦਾ ਸੋਈ ਮਨੋ ਪੁਕਾਰ॥
ਕਹੈ ਰਵਿਦਾਸ ਪ੍ਰੀਤਿ ਭਰਿ ਮਨ ਮੇ ਰਾਖ ਵਿਚਾਰ॥

ਸਤਿਗੁਰੂ ਰਵਿਦਾਸ ਜੀ ਅੰਮ੍ਰਿਤਬਾਣੀ ਵਿਚ ਹਰਿ ਨਾਲ ਸੱਚੀ ਪ੍ਰੀਤ ਪਾਉਣ ਦਾ ਜੀਵ ਨੂੰ ਸੱਚਾ ਉਪਦੇਸ਼ ਦੇ ਰਹੇ ਹਨ। ਹਰਿ ਨਾਮ ਰੂਪੀ ਐਸਾ ਅੰਮ੍ਰਿਤ ਰਸ ਪੀਣ ਨੂੰ ਕਹਿ ਰਹੇ ਹਨ, ਜਿਸ ਨੂੰ ਪੀਣ ਮਗਰੋਂ ਬਾਕੀ ਕੋਈ ਪੀਣਾ ਨਹੀਂ ਰਹਿੰਦਾ ਹੈ। ਜਿਵੇਂ – ਪੈਂਤੀ ਅੱਖਰੀ ਵਿਚ ਉਚਾਰਨ ਕਰਦੇ ਹਨ।

ਹਰਿ ਕਾ ਸਿਮਰਨ ਕੀਜੈ।
ਕਹਿ ਰਵਿਦਾਸ ਅਸੀ ਰਸ ਪੀਜੈ।
ਹਰਿ ਸੇ ਪ੍ਰੀਤ ਕਰੋ ਮਨ ਮੇਰੇ ਜੈਸੇ ਚੰਦ ਚਕੋਰਾ।
ਬਾਲਕ ਪ੍ਰੀਤਿ ਖੀਰ ਸੇ ਬਾਦਲ ਘਟਾ ਸੇ ਮੋਰ॥

ਸਤਿਗੁਰੂ ਰਵਿਦਾਸ ਜੀ ਅੰਮ੍ਰਿਤਬਾਣੀ ਵਿਚ ਅਸੀਂ ਸਤਿਗੁਰੂ ਦੇ ਸੱਚੇ ਉਪਦੇਸ਼ ਵੇਖੇ ਹਨ ਪੜ੍ਹ ਰਹੇ ਹਾਂ। ਹਰਿ ਨਾਲ ਐਸੀ ਪ੍ਰੀਤ ਪਾ ਲਓ ਜੈਸੀ ਚੰਦਰਮਾ ਦੀ ਚਕੋਰ ਨਾਲ ਹੁੰਦੀ ਹੈ। ਸਤਿਗੁਰੂ ਜੀ ਸਮਾਜ ਨੂੰ ਹਰਿ ਨਾਲ ਜੁੜਨ ਦੀ ਪ੍ਰੇਰਨਾ ਦੇ ਰਹੇ ਹਨ। ਵਿਸ਼ਵ ਦੀ ਇਹ ਸਚਾਈ ਹੈ। ਇਸ ਵਿਸ਼ਵ ਦਾ ਇਕੋ ਖਸਮ ਭਾਵ ਹਰਿ ਹੈ ਜਿਸ ਦੀ ਬਦੌਲਤ ਜੀਵ ਵਿਚਰ ਰਹੇ ਹਨ। ਇਹ ਹਰਿ ਘਟ ਘਟ ਵਿਚ ਬਿਰਾਜਿਆ ਹੋਇਆ ਹੈ। ਗੁਰੂ ਜੀ ਕਹਿ ਰਹੇ ਹਨ ਹਰਿ ਦੀ ਭਗਤੀ ਕਰਨ ਵਾਲਿਆਂ ਦੀ ਬਰਾਬਰੀ ਇਹ ਦੇਵੀ-ਦੇਵ ਨਹੀਂ ਕਰ ਪਾਉਂਦੇ। ਅੱਜ ਸਾਨੂੰ ਹਰਿ ਦੇ ਸੱਚੇ ਨਾਮ ਨਾਲ ਜੁੜ ਜਾਣਾ ਚਾਹੀਦਾ ਹੈ। ਇਹ ਹਰਿ ਨਾਮ ਹੀ ਹੈ, ਜਿਸ ਨੂੰ ਸਤਿਗੁਰੂ ਰਵਿਦਾਸ ਜੀ ਵਾਰ-ਵਾਰ ਕਹਿ ਰਹੇ ਹਨ ਹਰਿ ਨੂੰ ਸਮਝ ਕੇ, ਜਾਣ ਕੇ, ਵਿਚਾਰ ਕੇ, ਆਪਣੇ ਮਨ ਵਿਚ ਉਤਾਰ ਕੇ ਮੁਕਤੀ ਮਿਲ ਜਾਣੀ ਹੈ। ਹਰਿ ਨਾਲ ਜੁੜ ਜਾਣਾ 'ਇਕ' ਨਾਲ ਜੁੜਨਾ ਹੈ ਜਦ ਤੱਕ ਅਸੀਂ ਇਕ ਨਾਲ ਨਹੀਂ ਜੁੜਾਂਗੇ ਤਾਂ ਸਾਡੀ ਅਥਾਹ ਬੇਹਿਸਾਬੀ ਤਾਕਤ ਇਕ ਨਹੀਂ ਹੋ



ਪਾਵੇਗੀ ਤੇ ਜਦ ਤੱਕ ਅਸੀਂ ਇਕ ਨਹੀਂ ਹੋ ਪਾਵਾਂਗੇ ਉਦੋਂ ਤੱਕ ਸਾਡਾ ਨਾ ਤਾਂ ਸਮਾਜਿਕ, ਰਾਜਨੀਤਿਕ, ਧਾਰਮਿਕ ਆਧਾਰ ਬਣ ਪਾਏਗਾ ਨਾ ਹੀ ਅਸੀਂ ਕੁਝ ਆਪਣਾ ਸੰਵਾਰ ਪਾਵਾਂਗੇ। ਅੱਜ ਸਾਡਾ ਰਵਿਦਾਸੀਆ ਧਰਮ ਐਲਾਨ ਹੋ ਚੁੱਕਾ ਹੈ। ਰਵਿਦਾਸੀਆ ਧਰਮ ਦਾ ਨਿਸ਼ਾਨ ਸਾਹਿਬ ਵੀ 'ਹਰਿ' ਹੈ। ਸਾਡਾ ਧਾਰਮਿਕ ਗ੍ਰੰਥ 'ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ' ਦੀ ਹੈ। ਸੋ ਅਸੀਂ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ ਦੀ ਵਿਚ ਹਰਿ ਦੀ ਮਹਿਮਾ ਜਾਣੀ ਹੈ। ਆਓ ਸਮਾਜ ਦੇ ਭਲੇ ਹਿੱਤ, ਵਿਸ਼ਵ ਦੀ ਭਲਾਈ ਆਪਣੇ ਮਿਸ਼ਨ ਨਾਲ ਜੁੜੀਏ ਤਾਂ ਜੋ ਵਿਸ਼ਵ ਦੇ ਲੋਕੀ ਸਤਿਗੁਰੂ ਰਵਿਦਾਸ ਜੀ ਦੇ ਪੈਰੋਕਾਰਾਂ ਨੂੰ ਜਾਣ ਸਕਣ ਤੇ ਮਾਨਵਵਾਦੀ ਰਵਿਦਾਸੀਆ ਧਰਮ ਨੂੰ ਅਪਣਾ ਕੇ ਆਪਣਾ ਜੀਵਨ ਸਫ਼ਲ ਕਰ ਸਕਣ।

## "ਸ਼ਾਦੀ ਉਪਦੇਸ਼"-"ਅੰਮ੍ਰਿਤਬਾਣੀ" ਵਿਚ ਹਰਿ ਦੀ ਮਹਿਮਾ

ਸਾਹਿਬ ਸਤਿਗੁਰੂ ਰਵਿਦਾਸ ਜੀ ਦੇ ਮੁਖਾਰਬਿੰਦ ਤੋਂ ਉਚਾਰਨ ਕੀਤੀ ਹੋਈ ਲਾਵਾਂ ਦੀ ਵਿਧੀ ਇਹ 'ਸ਼ਾਦੀ ਉਪਦੇਸ਼' ਦੀ ਪਵਿੱਤਰ ਅੰਮ੍ਰਿਤਬਾਣੀ ਰਾਹੀਂ ਜੀਵ ਰੂਪੀ ਇਸਤਰੀ ਦਾ ਪ੍ਰਭੂ ਪ੍ਰੀਤਮ ਪਿਆਰੇ ਨਾਲ, ਪ੍ਰਭੂ ਪਰਮੇਸ਼ਵਰ ਪਤੀ ਨਾਲ ਮੇਲ ਮਿਲਾਪ ਬਾਰੇ ਗਿਆਨਵਾਨ ਕਰਦੀ ਹੈ। ਜੀਵ ਰੂਪੀ ਆਤਮਾ ਜਦੋਂ ਪ੍ਰਭੂ ਪ੍ਰੀਤਮ ਨਾਲ ਇਕ-ਮਿਕ ਹੋ ਜਾਂਦੀ ਹੈ ਤਾਂ ਰੂਹਾਨੀ ਅਨੰਦ ਦੀ ਪ੍ਰਾਪਤੀ ਹੁੰਦੀ ਹੈ। ਅਨੰਦਮਈ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਗ੍ਰੰਥ ਵਿਚ ਦਰਜ "ਸ਼ਾਦੀ ਉਪਦੇਸ਼" ਪੜ੍ਹ ਕੇ ਸਮਝਣ ਦਾ ਯਤਨ ਕਰੀਏ।

ਪਹਿਲੜੀ ਲਾਂਵ ਹਰਿ ਦਰਸ਼ਨ ਗੁਰਾਂ ਦਾ ਜਾਵੇ ਦੂਰ ਬੁਲਾਈ
ਦੀਆ ਮੇਲ ਹਰਿ ਦਇਆ ਪਾਰ ਕੇ ਗੁੱਝੀ ਰਮਜ ਚਲਾਈ॥

ਪਹਿਲੀ ਲਾਂਵ ਵਿਚ ਹਰਿ ਸਰੂਪ ਗੁਰੂ ਦੇ ਦਰਸ਼ਨ ਕਰਨ ਨਾਲ ਦੁੱਖ ਦੂਰ ਹੋ ਜਾਂਦੇ ਹਨ। ਜਦੋਂ ਪ੍ਰਭੂ ਦਇਆ ਕਰਕੇ ਮਿਲਾਪ ਕਰਾ ਦਿੰਦਾ ਹੈ ਤਾਂ ਉਸ ਸਮੇਂ ਗੁੱਝੀ ਰਮਜ ਦੀ ਸਮਝ ਪੈ ਜਾਂਦੀ ਹੈ ਭਾਵ ਗਿਆਨ ਹੋ ਜਾਂਦਾ ਹੈ। ਅੱਗੇ ਸਾਹਿਬ ਕਹਿੰਦੇ ਹਨ ਪ੍ਰਭੂ ਦੇ ਨਾਮ ਨਾਲ ਮਨ ਸਥਿਰ ਹੋ ਜਾਂਦਾ ਹੈ।

ਅਨਹਦ ਸ਼ਬਦ ਸੁਣੇ ਮਨ ਥਿਰ, ਕਰ ਮਿਟ ਗਏ ਸਰਬ ਅੰਧੇਸੇ॥
ਕ੍ਰਿਪਾ ਸਿੰਧ ਗੁਰੁ ਮਿਲਿਆ ਪੂਰਾ, ਲਿਵ ਲਾਗੀ ਹਰਿ ਭੇਸੇ॥

ਹਰਿ ਦੇ ਨਾਮ ਵਿਚ ਮਨ ਸਥਿਰ ਹੋ ਜਾਂਦਾ ਹੈ, ਅਨਹਦ ਸ਼ਬਦ ਸੁਣਾਈ ਦਿੰਦੇ ਹਨ ਜਿਸ ਨਾਲ ਸਾਰੇ ਸ਼ੰਕਿਆਂ ਦਾ ਨਾਸ਼ ਹੋ ਜਾਂਦਾ ਹੈ। ਹਰਿ ਦੀ ਕਿਰਪਾ ਨਾਲ ਪੂਰੇ ਗੁਰੂ ਦਾ ਮਿਲਾਪ ਹੁੰਦਾ ਹੈ। ਜੀਵ ਦੀ ਸੱਚੀ ਲਿਵ ਲੱਗ ਜਾਂਦੀ ਹੈ।

ਦੂਜੜੀ ਲਾਂਵ ਪ੍ਰੇਮ ਪਰੀਤੀ ਸੁਰਤ ਸ਼ਬਦ ਮਿਲਾਈ।
ਸਤਿਗੁਰੂ ਕੀਤੀ ਪਰਮ ਪਰੀਤੀ, ਦਰਗਾਹ ਮੇਂ ਸੁੱਖ ਪਾਈ॥

ਜਦੋਂ ਜੀਵ ਹਰਿ ਨਾਲ ਪ੍ਰੇਮ ਕਰਦਾ ਹੈ ਤਾਂ ਉਸ ਦਾ ਸ਼ਬਦ ਤੇ ਸੁਰਤ ਨਾਲ ਮਿਲਾਪ ਹੋ ਜਾਂਦਾ ਹੈ। ਸਤਿਗੁਰੂ ਨਾਲ ਸੱਚੀ ਪ੍ਰੀਤ ਕਰਨ ਨਾਲ ਜੀਵ ਰੂਪੀ ਇਸਤਰੀ ਨੂੰ ਪ੍ਰਭੂ ਪਤੀ

ਦੀ ਦਰਗਾਹ ਵਿਚ ਸੁੱਖ ਮਿਲਦਾ ਹੈ।

ਸਤਿਗੁਰੂ ਸ਼ਰਨ ਹਰਿ ਵਡਭਾਗੀ ਸਹਿੰਸੇ ਸਗਲ ਗੁਆਏ।।
ਸਤਿਗੁਰੂ ਦਾਤਾ ਪ੍ਰਭੂ ਸੰਗ ਰਾਤਾ ਨਿਸ ਦਿਨ ਹਰਿ ਲਿਵ ਲਾਏ।।

ਸਤਿਗੁਰੂ ਦੀ ਸ਼ਰਨ ਵਿਚ ਰਹਿਣ ਨਾਲ ਵੱਡੇ ਭਾਗਾਂ ਵਾਲਾ ਜੀਵ ਸਾਰੇ ਭਰਮਾਂ ਨੂੰ ਖ਼ਤਮ ਕਰ ਲੈਂਦਾ ਹੈ। ਸਤਿਗੁਰੂ ਐਸਾ ਦਾਤਾ ਹੈ ਜੋ ਹਰ ਰੋਜ਼ ਪ੍ਰਭੂ ਹਰਿ ਨਾਲ ਬਿਰਤੀ ਲਗਾ ਦਿੰਦਾ ਹੈ।

ਤੀਜੜੀਂ ਲਾਂਵ ਅਵਰਨ ਦੋਸ਼ ਤੇ, ਰਹਿਤ ਭਇਆ ਮਨ ਮੇਰਾ।।
ਹਰਿ ਘਟਿ ਦੇ ਵਿਚ ਏਕ ਸਮਾਨਾ ਸੋ ਘਰਿ ਪਾਇਆ ਡੇਰਾ।।

ਸਤਿਗੁਰੂ ਦੀ ਸ਼ਰਨ ਵਿਚ ਅਵਰਨ ਦੋਸ਼ ਤੋਂ ਮਨ ਰਹਿਤ ਹੋ ਜਾਂਦਾ ਹੈ। ਹਰਿ ਸਰਵ-ਵਿਆਪਕ ਹੈ। ਉਸ ਆਪਣੇ ਅੰਦਰ ਹੀ ਮੈਂ ਵੇਖ ਲਿਆ ਹੈ। ਜਿਸ ਦਾ ਮਨ ਇਕ ਚਿਤ ਹੋ ਕੇ ਹਰਿ ਦੇ ਦਰਸ਼ਨਾਂ ਨੂੰ ਲੋਚਦਾ ਹੈ ਉਸ ਤੇ ਹਰਿ ਦੀ ਕਿਰਪਾ ਹੋ ਜਾਂਦੀ ਹੈ।

ਮੰਗਲ ਦੇ ਮੰਗਲ ਨਿਤ ਗਾਵਾਂ, ਇਹੋ ਅੰਮ੍ਰਿਤ ਧਾਰਾ।।
ਹਰਿ ਹਰਿ ਸੰਗ ਲਿਵ ਜੁੜੀ ਜੁੜੰਦੀ ਸਾਚਾ ਇਹ ਸਹਾਰਾ।

ਪ੍ਰਭੂ ਦੇ ਪ੍ਰੇਮ ਵਿਚ ਮੰਗਲ ਤੋਂ ਮੰਗਲਮਈ ਗੁਣ ਗਾਉਂਦਾ ਹਾਂ ਇਹੋ ਹੀ ਮੇਰੇ ਅੰਦਰ ਪ੍ਰਭੂ ਦੀ ਅੰਮ੍ਰਿਤਧਾਰਾ ਹੈ। ਹਰਿ ਹਰਿ ਨਾਲ ਲਿਵ ਜੁੜਨ ਨਾਲ ਸੱਚਾ ਸੁਹਾਗ ਪ੍ਰਾਪਤ ਹੁੰਦਾ ਹੈ।

ਚੌਥੜੀ ਲਾਂਵ ਰਤਨ ਹਰਿ ਜਾਨਾ ਸੁੱਖ ਸੰਪਤਿ ਘਰ ਆਏ।।
ਆਸਾ ਮਨਸਾ ਸਤਿਗੁਰ ਪੂਰੇ, ਜੈ ਜੈ ਸ਼ਬਦ ਅਲਾਇ।।

ਜਦੋਂ ਜੀਵ ਹਰਿ ਦੇ ਸੱਚੇ ਨਾਮ ਨੂੰ ਜਾਣ ਲੈਂਦਾ ਹੈ, ਉਸ ਅਮੋਲਕ ਰਤਨ ਨੂੰ ਜਾਣ ਲੈਂਦਾ ਹੈ ਤਾਂ ਉਸ ਨੂੰ ਸਾਰੇ ਖਜਾਨੇ ਮਿਲ ਜਾਂਦੇ ਹਨ। ਸਾਰੀਆਂ ਇੱਛਾਵਾਂ ਤੇ ਮਨੋਰਥ ਸਤਿਗੁਰੂ ਦੀ ਕ੍ਰਿਪਾ ਸਦਕਾ ਪੂਰਨ ਹੋ ਜਾਂਦੇ ਹਨ। ਜੀਵ ਸਤਿਗੁਰੂ ਦੇ ਸ਼ਬਦ ਦਾ ਅਭਿਆਸ ਕਰਦਾ ਹਰਿ ਦੀ ਜੈ-ਜੈ ਕਾਰ ਕਰਦਾ ਹੈ।

ਹਰਿ ਹਰਿ ਨਾਮ ਧਿਆਓ ਸਦਾ ਮਨ ਪ੍ਰੇਮ ਕਰ।।
ਲੋਭ ਮੋਹ ਹੰਕਾਰ ਦੂਤ ਜੰਮ ਦੂਰ ਹਰਿ।।

ਜੀਵ ਨੂੰ ਹਮੇਸ਼ਾ ਹਰਿ ਦਾ ਨਾਮ ਧਿਆਉਂਦੇ ਰਹਿਣਾ ਚਾਹੀਦਾ ਹੈ। ਹਰਿ ਨਾਮ ਦੇ ਜਾਪ ਸਦਕਾ ਲੋਭ, ਮੋਹ, ਹੰਕਾਰ, ਦੂਤ ਅਤੇ ਜਮਦੂਤ ਦੂਰ ਨੱਸ ਜਾਂਦੇ ਹਨ।

ਕਹਿ ਰਵਿਦਾਸ ਪੁਕਾਰੇ, ਜਪਯੋ ਨਾਮ ਦੋਏ
ਹਰਿ ਕਾਰਜ ਸੋ ਏਕ, ਸਦਾ ਸੁੱਖ ਮਾਨੋ ਦੋਏ।।

ਸਤਿਗੁਰੂ ਰਵਿਦਾਸ ਜੀ ਪੁਕਾਰ ਕੇ ਕਹਿੰਦੇ ਹਨ ਪਤੀ-ਪਤਨੀ ਭਾਵ ਦੋਹਾਂ ਨੂੰ ਹੀ ਹਰਿ ਦਾ ਨਾਮ ਜੱਪਣਾ ਚਾਹੀਦਾ ਹੈ। ਹਰਿ ਨਾਮ ਜੱਪਣ ਰੂਪੀ ਕਾਰਜ ਇਕ ਸ਼੍ਰੇਸ਼ਟ ਕਾਰਜ ਹੈ। ਇਸ ਕਾਰਜ ਕਰਕੇ ਦੋਨੋਂ ਸੁੱਖ ਮਾਣਦੇ ਹਨ।



ਸਾਧ ਸੰਗ ਪ੍ਰਤਾਪ, ਸਦਾ ਸੁਖ ਪਾਈਏ,
ਸੰਤਨ ਕੇ ਪ੍ਰਤਾਪ, ਨਾਮ ਹਰਿ ਧਿਆਈਏ।।

ਸੰਤਾਂ ਦੀ ਸੰਗਤ ਦੇ ਪ੍ਰਤਾਪ ਸਦਕਾ ਜੀਵ ਹਮੇਸ਼ਾ ਸੁੱਖ ਪਾਉਂਦਾ ਹੈ। ਸੰਤਾਂ ਦੀ ਸੰਗਤ ਕਰਕੇ ਹਰਿ ਦਾ ਨਾਮ ਸਿਮਰਦਾ ਹੈ। ਇਸ ਲਈ ਪਤੀ ਪਤਨੀ ਨੂੰ ਸੰਤਾਂ ਦੀ ਸੰਗਤ ਦਾ ਉਪਦੇਸ਼ ਦੇ ਰਹੇ ਹਨ।

ਰਲਿਮਿਲ ਸਖੀਆਂ, ਮੰਗਲ ਗਾਇਆ ਤੀਸਰਾ।।
ਸਦਾ ਜਪੋ ਹਰਿ ਨਾਮ, ਨਾ ਕਬਹੁੰ ਬੀਸਰਾ।।

ਸਖੀਆਂ ਸਹੇਲੀਆਂ ਨੇ ਰਲ-ਮਿਲ ਕੇ ਤੀਸਰਾ ਮੰਗਲਾਚਾਰ ਗਾਇਆ। ਸਦਾ ਹਰਿ ਦਾ ਨਾਮ ਜੱਪਣ ਵਾਲਾ ਜੀਵ ਹਰਿ ਨੂੰ ਭੁੱਲਦਾ ਨਹੀਂ।

ਬਿਨੁ ਹਰਿ ਨਾਮ ਨਾ ਸਾਰ, ਕਛਹੁ ਸੰਸਾਰ ਹੈ।।
ਹਰਿ ਕਾ ਨਾਮ ਧਿਆਵੈ, ਭਵਿ ਨਿੱਧ ਪਾਰ ਹੈ।।

ਪ੍ਰਭੂ ਦੇ ਹਰਿ ਨਾਮ ਤੋਂ ਬਿਨਾਂ ਜੀਵ ਦੀ ਸੰਸਾਰ ਵਿਚ ਹੋਰ ਕੋਈ ਸਾਰ ਨਹੀਂ ਲੈਂਦਾ। ਹਰਿ ਨਾਮ ਧਿਆਉਣ ਨਾਲ ਜੀਵ ਭਵ-ਸਾਗਰ ਤੋਂ ਪਾਰ ਹੋ ਜਾਂਦਾ ਹੈ। ਪਤੀ-ਪਤਨੀ ਨੂੰ ਹਰਿ ਨਾਮ ਜੱਪਣ ਦਾ ਉਪਦੇਸ਼ ਦਿੰਦੇ ਹਨ।

ਮੰਗਲਾਚਾਰ ਆਨੰਦ, ਸਖੀ ਸੁਖ ਗਾਇਆ।।
ਕਾਰਜ ਭਇਆ ਸੁਹੇਲਾ, ਹਰਿ ਹਰਿ ਧਿਆਇਆ।।

ਚੌਥਾ ਮੰਗਲਾਚਾਰ ਗਾਉਣ ਨਾਲ ਆਨੰਦ ਮਿਲਦਾ ਹੈ, ਆਨੰਦ ਦੀ ਪ੍ਰਾਪਤੀ ਹੁੰਦੀ ਹੈ। ਹਰਿ ਹਰਿ ਨਾਮ ਧਿਆਉਣ ਨਾਲ ਜੀਵ ਦੇ ਸਭੇ ਕਾਰਜ ਸਫ਼ਲ ਹੋ ਜਾਂਦੇ ਹਨ।

ਜਨ ਰਵਿਦਾਸ ਪਿਆਸ, ਸਦਾ ਗੁਰ ਨਾਮ ਕੀ।।
ਹਰਿ ਸੰਗ ਰਹੇ ਪ੍ਰੀਤ, ਓਟ ਇਕ ਨਾਮ ਕੀ।।

ਸਤਿਗੁਰੂ ਜੀ ਫ਼ਰਮਾਉਂਦੇ ਹਨ ਕਿ ਜੀਵ ਦੇ ਮਨ ਵਿਚ ਹਮੇਸ਼ਾ ਸਤਿਗੁਰੂ ਦੇ ਨਾਮ ਦੀ ਪਿਆਸ ਬਣੀ ਰਹਿਣੀ ਚਾਹੀਦੀ ਹੈ। ਹਰਿ ਨਾਲ ਹਮੇਸ਼ਾ ਪ੍ਰੀਤੀ ਕਰਕੇ ਨਾਮ ਦਾ ਆਸਰਾ ਲੈਣਾ ਚਾਹੀਦਾ ਹੈ।

"ਸਤਿਗੁਰੂ ਰਵਿਦਾਸ ਜੀ ਅੰਮ੍ਰਿਤਬਾਣੀ" ਵਿਚ ਸਤਿਗੁਰੂ ਜੀ ਨੇ ਅੰਮ੍ਰਿਤਮਈ ਬਚਨਾਂ ਦੀ ਵਰਖਾ ਕਰਕੇ ਜੀਵ ਨੂੰ ਨਿਹਾਲ ਕਰਦੇ ਹਨ। 'ਸ਼ਾਦੀ ਉਪਦੇਸ਼' ਸਤਿਗੁਰੂ ਦੀ ਪਵਿੱਤਰ ਬਾਣੀ ਇਸੇ ਪਾਵਨ ਗ੍ਰੰਥ ਵਿਚ ਸ਼ਾਮਿਲ ਹੈ। ਸਤਿਗੁਰੂ ਦੀ ਬਾਣੀ ਸਮਾਜ ਨੂੰ ਸੇਧ ਦਿੰਦੀ ਹੈ। ਅੱਜ ਵਿਆਹ ਸ਼ਾਦੀਆਂ ਵਿਚ ਸਤਿਗੁਰੂ ਦੀ ਸ਼ਰਨ ਵਿਚ ਉਹਨਾਂ ਦੇ ਬੱਚੇ ਸੱਚੀ ਬਾਣੀ ਦਾ ਆਨੰਦ ਮਾਣਦੇ ਆਪਣੇ ਜੀਵਨ ਦੀ ਖੁਸ਼ੀ ਵਿਆਹੁਤਾ ਜੀਵਨ ਦੀ ਯਾਤਰਾ ਸ਼ੁਰੂ ਕਰਦੇ ਹਨ। ਵਿਆਹੁਤਾ ਜੀਵਨ ਨੂੰ ਸੁਖਮਈ ਬਣਾਉਣ ਲਈ ਸਤਿਗੁਰਾਂ ਦੇ ਪਾਵਨ ਉਪਦੇਸ਼ ਤੇ ਅਮਲ ਕਰਕੇ ਆਪਣੇ ਜੀਵਨ ਨੂੰ ਸਤਿਗੁਰੂ ਦੇ

ਦਰਸਾਏ ਮਾਰਗ ਤੇ ਤੋਰਨਾ ਹੈ। ਸਤਿਗੁਰੂ ਦੀ ਬਾਣੀ "ਹਰਿ ਸੰਗ ਰਹੇ ਪ੍ਰੀਤ" ਐਸੀ ਪ੍ਰੀਤ ਪਾ ਕੇ ਹਰਿ ਹਰਿ ਨਾਮ ਜੱਪਦਿਆ ਆਪਣਾ ਜੀਵਨ ਸ਼ਫਲ ਬਣਾਉਣਾ ਹੈ।

***************

## "ਅੰਮ੍ਰਿਤਬਾਣੀ ਵਿਚ ਉਚਾਰਨ ਕੀਤੀ ਆਰਤੀ ਵਿਚ "ਹਰਿ" ਦਾ ਮਹੱਤਵ"

'ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ' ਦੀ ਪਾਵਨ ਪਵਿੱਤਰ ਬਾਣੀ ਗੁਰੂ ਰਵਿਦਾਸ ਗੁਰੂ ਘਰਾਂ ਅੰਦਰ ਸ਼ਾਮ ਸਵੇਰੇ ਚਲਦੀ ਹੈ। ਸ਼ਾਮ ਸਵੇਰੇ ਸੰਗਤਾਂ ਦੱਖਾਂ ਦੀ ਮੁਕਤੀ ਹਿੱਤ ਗੁਰੂ ਰਵਿਦਾਸ ਜੀ ਦੀ ਨਿੱਘੀ ਗੋਦ ਵਿਚ ਬੈਠਦੀਆਂ ਹਨ ਅਰਜੋਈ ਕਰਦੀਆਂ ਹਨ। ਸਤਿਗੁਰੂ ਰਵਿਦਾਸ ਜੀ ਦੀ ਅਨੰਦਮਈ ਅੰਮ੍ਰਿਤਬਾਣੀ ਦਾ ਆਨੰਦ ਮਾਣਦੀਆਂ ਹਨ। ਸਤਿਗੁਰੂ ਜੀ ਦੀ ਬਾਣੀ ਵਿਚ ਸਤਿਗੁਰੂ ਦੀ ਉਚਾਰਨ ਕੀਤੀ ਉਚਾਰਨ ਬਾਣੀ ਸੰਗਤਾਂ ਸ਼ਾਂਤ ਚਿਤ ਹੋ ਕੇ ਪੜ੍ਹਦੀਆਂ ਹਨ। ਆਰਤੀ ਪੜ੍ਹਨ ਨਾਲ ਮਨ ਦੀ ਇਕਾਗਰਤਾ ਆਉਂਦੀ ਹੈ। ਮਨ ਸ਼ਾਂਤ ਚਿਤ ਹੁੰਦਾ ਹੈ। ਸਤਿਗੁਰੂ ਰਵਿਦਾਸ ਜੀ ਦੀ ਆਰਤੀ ਵਿਚ ਵੀ ਹਰਿ ਦੀ ਮਹਿਮਾ ਹੈ। ਆਰਤੀ ਵਿਚ ਵੀ ਹਰਿ ਦਾ ਜ਼ਿਕਰ ਆਉਂਦਾ ਹੈ। ਸੋ ਸਤਿਗੁਰਾਂ ਦੀ ਆਰਤੀ ਨੂੰ ਸਮਝਣਾ, ਮੰਨਣਾ ਅਤੇ ਆਪਣੇ ਜੀਵਨ ਵਿਚ ਧਾਰਨ ਕਰਨਾ ਅਤੀ ਜ਼ਰੂਰੀ ਹੋ ਜਾਂਦਾ ਹੈ। ਇਹ ਆਰਤੀ ਸਾਨੂੰ ਬਾਹਰੀ ਕਰਮਕਾਂਡਾ ਨਾਲੋਂ ਤੋੜ ਕੇ ਹਰਿ ਨਾਲ ਜੋੜਦੀ ਹੈ। ਸਤਿਗੁਰੂ ਰਵਿਦਾਸ ਜੀ ਦੀ ਆਰਤੀ ਦੇ ਭਾਵ ਅਰਥਾਂ ਨੂੰ ਜਾਨਣਾ ਸਾਡੇ ਲਈ ਅਤੀ ਜ਼ਰੂਰੀ ਹੈ। ਆਓ ਸਤਿਗੁਰਾਂ ਦੀ ਆਰਤੀ ਪੜੀਏ ਤੇ ਉਹਨਾਂ ਦੇ ਅਰਥਾਂ ਨੂੰ ਸਮਝ ਕੇ ਆਪਣਾ ਜੀਵਨ ਸਫਲ ਬਣਾਈਏ :-

ਆਰਤੀ (1)ਆਰਤੀ ਕਹਾਂ ਲੈ ਕਰ ਜੋਵੇ। ਸੇਵਕ ਦਾਸ ਅਚੰਭੋ ਹੋਵੇ।।ਟੇਕ।।
ਬਾਵਨ ਕੰਚਨ ਦੀਪ ਧਰਾਵੈ। ਜੜ ਬੈਰਾਗ ਰੇ ਦ੍ਰਿਸ਼ਟਿ ਨਾ ਆਵੈ।।1।।
ਕੋਟਿ ਭਾਨੁ ਜਾਕੀ ਸੋਭਾ ਰੋਮੈ। ਕਹਾ ਆਰਤੀ ਅਗਨੀ ਹੋਮੇ ।।2।।
ਪੰਚ ਤਾਤ ਯਹ ਤਿਰਗੁਨੀ ਮਾਯਾ। ਜੋ ਦੇਖੈ ਸੋ ਸਕਲ ਉਪਾਯਾ।।3।।
ਕਹਿ ਰਵਿਦਾਸ ਦੇਖਾ ਹਮ ਮਾਂਹੀ ਸਕਲ ਜੋਤਿ ਰੋਮ ਸਮ ਨਾਹੀਂ।।4।।

ਜਗਤਗੁਰੂ ਰਵਿਦਾਸ ਮਹਾਰਜ ਜੀ ਪ੍ਰਭੂ ਦੀ ਸੱਚੀ ਆਰਤੀ ਦਾ ਗੁਨਗਾਨ ਕਰਦੇ ਹਨ ਕਿ ਉਸ ਪ੍ਰਭੂ ਦੀ ਜੋਤ ਦੇ ਪ੍ਰਕਾਸ਼ ਬਰਾਬਰ ਕਰੋੜਾਂ ਸੂਰਜਾ ਦਾ ਪ੍ਰਕਾਸ਼ ਵੀ ਨਹੀਂ ਟਿਕ ਸਕਦਾ। ਹੇ ਪ੍ਰਭੂ ! ਆਪ ਦੇ ਨਾਮ ਜੱਪਣ ਰੂਪੀ ਆਰਤੀ ਤੋਂ ਬਿਨਾਂ ਮੈਂ ਸੰਸਾਰ ਵਿਚ ਹੋਰ ਕੋਈ ਸੱਚੀ ਆਰਤੀ ਨਹੀਂ ਦੇਖਦਾ। ਆਪ ਦੇ ਨਾਮ ਤੋਂ ਬਿਨਾਂ ਮੈਂ ਆਪ ਦੇ ਦਾਸ ਲਈ ਸਾਰੇ ਅਡੰਬਰ ਹੈਰਾਨੀਜਨਕ ਹਨ। ਭਾਵੇਂ ਕੋਈ ਜੀਵ ਆਰਤੀ ਲਈ ਸੋਨੇ ਦੇ ਛੋਟੇ ਦੀਵੇ ਬਣਾ ਕੇ ਜਗਾਵੇ ਪਰ ਸੱਚੇ ਵੈਰਾਗ ਤੋਂ ਬਿਨਾਂ ਉਸ ਪ੍ਰਭੂ ਦੇ ਦਰਸ਼ਨ ਨਹੀਂ ਹੁੰਦੇ। ਜਿਸ ਪ੍ਰਭੂ ਦੀ ਆਰਤੀ ਦੀ ਸ਼ੋਭਾ ਕਰੋੜਾਂ ਸੂਰਜਾਂ ਤੋਂ ਵੀ ਜ਼ਿਆਦਾ ਪ੍ਰਕਾਸ਼ ਵਧਾ ਰਹੀ ਹੈ। ਫਿਰ ਐਸੀ ਸੱਚੀ ਆਰਤੀ ਲਈ ਅਗਨੀ ਬਾਲ ਕੇ ਯੱਗ ਕਰਨ ਦੀ ਕੀ ਲੋੜ ਹੈ ਭਾਵ ਕੋਈ ਲੋੜ ਨਹੀਂ ਹੈ। ਇਹ ਸੰਸਾਰ ਪੰਜ ਤੱਤਾਂ ਪਾਣੀ, ਹਵਾ, ਅਗਨੀ, ਧਰਤੀ, ਆਕਾਸ਼ ਅਤੇ ਤਿੰਨ ਗੁਣ ਸਤ, ਰਜ ਤੇ ਤਪ ਤੋਂ ਬਣਿਆ ਜੋ ਜੀਵ ਦਿਖਾਈ ਦੇ ਰਿਹਾ ਹੈ ਉਸ ਸਾਰੇ ਵਿਚ ਪ੍ਰਭੂ ਸਮਾਇਆ ਹੋਇਆ ਹੈ। ਮੈਂ ਪ੍ਰਭੂ ਨੂੰ ਆਪਣੇ ਅੰਦਰੋਂ ਅਨੁਭਵ



ਕੀਤਾ ਹੈ। ਉਸ ਪ੍ਰਭੂ ਦੀ ਜੋਤ ਦੇ ਇਕ ਰੋਮ ਦੇ ਪ੍ਰਕਾਸ਼ ਬਰਾਬਰ ਵੀ ਸੰਸਾਰ ਦਾ ਸਾਰਾ ਪ੍ਰਕਾਸ਼ ਨਹੀਂ ਹੋ ਸਕਦਾ।

ਆਰਤੀ (2) ਸੰਤ ਉਤਾਰੈ ਆਰਤੀ ਦੇਵ ਸਿਰੋਮਨੀਏ
ਉਰ ਅੰਤਰ ਤਹਾਂ ਪੈਸਿ ਬਿਨ ਰਸਨਾ ਭਣਿਏ।।ਟੇਕ।।
ਮਨਸਾ ਮੰਦਿਰ ਮਹਿ ਧੂਪ ਧੁਪਾਈਏ।।
ਪ੍ਰੇਮ ਪ੍ਰੀਤਿ ਕੀ ਮਾਲ ਰਾਮ ਚੜ੍ਹਾਈਏ।।1।।
ਚਹੁੰ ਦਿਸਿ ਦਿਬਲਾ ਬਾਲਿ ਜਗਮਗ ਹੈ।।ਰਹਿਓ ਰੇ।।
ਜੋਤਿ ਜੋਤ ਸਮ ਜੋਤਿ ਜੋਤਿ ਮਿਲ ਰਹਿਓ।।ਰੇ।।2।।
ਤਨ ਮਨ ਆਤਮ ਬਾਰਿ ਸਦਾ ਹਰਿ ਗਾਈਏ।।
ਭਣਤ ਜਨ ਰਵਿਦਾਸ ਤੁਮ ਸਰਨਾ ਆਈਏ।।3।।

ਜਗਤਗੁਰੂ ਰਵਿਦਾਸ ਜੀ ਜੀਵਾਂ ਨੂੰ ਪ੍ਰਭੂ ਦਾ ਸਿਮਰਨ ਕਰਨ ਦਾ ਪਾਵਨ ਉਪਦੇਸ਼ ਦਿੰਦੇ ਹਨ। ਪ੍ਰਭੂ ਦੇ ਨਾਮ ਜੱਪਣ ਰੂਪੀ ਆਰਤੀ ਸੰਤ ਜਨ ਗਾਉਦੇ ਹਨ। ਹੇ ਸਭ ਤੋਂ ਵੱਡੇ ਪ੍ਰਭੂ ਜੀ ਸੰਤ ਆਪ ਦਾ ਨਾਮ ਜੱਪਣ ਰੂਪੀ ਸ਼੍ਰੇਸ਼ਟ ਆਰਤੀ ਗਾਉਂਦੇ ਹਨ। ਹਿਰਦੇ ਅੰਦਰ ਵਸ ਰਹੇ ਪ੍ਰਭੂ ਦਾ ਨਾਮ ਸੰਤ ਜਨ ਰਸਨਾ ਤੋਂ ਉਚਾਰੇ ਬਿਨਾਂ ਹੀ ਆਪਣੇ ਹਿਰਦੇ ਅੰਦਰ ਉਚਾਰਨ ਕਰਦੇ ਹਨ। ਆਪਣੇ ਸੁੰਦਰ ਮਨ ਰੂਪੀ ਮੰਦਰ ਵਿਚ ਪ੍ਰਭੂ ਨੂੰ ਮਿਲਣ ਦੀ ਆਸ਼ਾ ਦਾ ਹੀ ਧੂਫ ਲਗਾਉਂਦੇ ਹਨ ਤੇ ਸੱਚੀ ਪ੍ਰੀਤ ਰੂਪੀ ਮਾਲਾ ਪ੍ਰਮਾਤਮਾ ਅੱਗੇ ਚੜ੍ਹਾਉਂਦੇ ਹਨ। ਚਾਰੇ ਦਿਸ਼ਾਵਾ ਭਾਵ ਸਾਰਾ ਸੰਸਾਰ ਪ੍ਰਭੂ ਨਾਮ ਰੂਪੀ ਦੀਪਕ ਨਾਲ ਜਗ ਮਗਾ ਰਿਹਾ ਹੈ। ਉਸ ਪ੍ਰਭੂ ਦੀ ਨਾਮ ਰੂਪੀ ਜੋਤ ਆਪਣੇ ਅੰਦਰ ਜਗਾ ਕੇ ਉਸ ਪ੍ਰਭੂ ਦੀ ਜੋਤ ਨਾਲ ਮਿਲ ਕੇ ਭਾਵ ਆਤਮਾ ਰੂਪੀ ਜੋਤ ਉਸ ਪ੍ਰਭੂ ਰੂਪੀ ਜੋਤ ਦੀ ਅੰਸ਼ ਹੈ ਜਿਹੜੀ ਉਸ ਨਾਲ ਮਿਲ ਕੇ ਉਸ ਦਾ ਹੀ ਰੂਪ ਹੋ ਕੇ ਰਹਿੰਦੀ ਹੈ। ਹੇ ਜੀਵ ਆਪਣਾ ਤਨ ਮਨ ਪ੍ਰਭੂ ਅੱਗੇ ਕੁਰਬਾਨ ਕਰਕੇ ਹਮੇਸ਼ਾ ਹੀ ਉਸ ਦੇ ਗੁਣ ਗਾਉਣੇ ਚਾਹੀਦੇ ਹਨ। ਗੁਰੂ ਰਵਿਦਾਸ ਜੀ ਕਥਨ ਕਰਦੇ ਹਨ ਕਿ ਹੇ ਪ੍ਰਭੂ ! ਮੈਂ ਦਾਸ ਆਪ ਜੀ ਦੀ ਸ਼ਰਨ ਵਿਚ ਆਇਆਂ ਹਾਂ।

ਆਰਤੀ (3) ਗਗਨ ਮੰਡਲ ਮੇਂ ਆਰਤੀ ਕੀਜੈ ਨਾਦ ਬਿੰਦ ਇਕੇ ਮੇਕ ਕਰੀਜੈ।
ਸੁਸਮਨ ਇਦੂੰ ਅਮ੍ਰਿਤ ਕੁੰਭ ਧਰਾਵੈ ਮਨਸਾ ਮਾਲਾ ਫੂਲ ਚੜਾਵੈ।।
ਘੀਣ ਅਖੰਡਾ ਸੋਹੇ ਬਾਤੀ ਤ੍ਰਿਜੁਟੀ ਜੋਤ ਜਲੇ ਦਿਨ ਰਾਤੀ।
ਪਵਨ ਸਾਧਨਾ ਥਾਲ ਸਜੀਜੈ ਤਾਮੇ ਸੋਮੁਖ ਮਨ ਧਰਿ ਲੀਜੈ।।
ਰਵਿ ਸਸਿ ਹਾਥ ਗਹੋ ਤਿੰਹ ਮਾਹੀ ਖਿਨ ਦਹਿਨੇ ਖਿਨ ਬਾਮੈ ਲਾਹੀ।।
ਸਹਸ ਕੰਵਲ ਸਿਘਾਸਨ ਰਾਜੈ ਅਨਹਦ ਝਾਂਜਨ ਨਿਤ ਹੀ ਬਾਜੈ।
ਇਹ ਬਿੰਧ ਆਰਤੀ ਸਾਂਚੀ ਸੇਵਾ ਪਰਮ ਪੁਰਿਖ ਅਲਖ ਅਭੇਵਾ।।
ਕਹਿ ਰਵਿਦਾਸ ਗੁਰਦੇਵ ਬਤਾਵੈ ਐਸੀ ਆਰਤੀ ਪਾਰ ਲੰਘਾਵੇ।।

ਸਤਿਗੁਰੂ ਰਵਿਦਾਸ ਜੀ ਆਰਤੀ ਵਿਚ ਫ਼ਰਮਾਉਦੇ ਹਨ ਕਿ ਦਸਵੇਂ ਦੁਆਰ ਰੂਪੀ ਗਗਨ ਮੰਡਲ ਵਿਚ ਧਿਆਨ ਟਿਕਾ ਕੇ ਪ੍ਰਭੂ ਦੀ ਸੱਚੀ ਆਰਤੀ ਕਰੋ ਜਿੱਥੇ ਪ੍ਰਭੂ ਦਾ ਅਨਹਦ ਨਾਦ ਅਤੇ ਜੀਵ ਦੀ ਉਤਪਤੀ ਦੇ ਅੰਸ਼ ਬਿੰਦ ਇਕ ਮਿਕ ਹੋ ਜਾਂਦੇ ਹਨ। ਦਸਵੇਂ ਦੁਆਰ ਰੂਪੀ ਸੁਖਮਨਾ ਨਾੜੀ ਵਿਖੇ ਪ੍ਰਭੂ ਦੇ ਅੰਮ੍ਰਿਤ ਦਾ ਕੁੰਭ ਭਰਿਆ ਹੋਇਆ ਹੈ। ਜਿੱਥੇ ਪ੍ਰਭੂ ਦੇ ਨਾਮ ਰੂਪੀ ਫੁੱਲਾਂ ਦੀ ਮਾਲਾ ਚੜ੍ਹਾਈ ਜਾਂਦੀ ਹੈ। ਜਿਥੇ ਪ੍ਰਭੂ ਨਾਮ ਦਾ

ਦੀਵਾ ਬਣਾ ਕੇ ਪ੍ਰਭੂ ਦੇ ਨਾਮ ਦਾ ਘਿਓ ਪਾ ਕੇ ਬੱਤੀ ਦੀਵੇ ਵਿਚ ਪਾਈ ਜਾਂਦੀ ਹੈ ਅਤੇ ਤ੍ਰਿਕੁਟੀ ਵਿਖੇ ਪ੍ਰਭੂ ਦੇ ਨਾਮ ਦੀ ਜੋਤ ਨਿਰੰਤਰ ਜਗਮਗਾ ਰਹੀ ਹੈ। ਦਸਵੇਂ ਦੁਆਰ ਤੇ ਸਵਾਸਾਂ ਨੂੰ ਟਿਕਾਉਣ ਰੂਪੀ ਸਾਧਨਾ ਲਈ ਥਾਲ ਸਜਾਇਆ ਜਾਂਦਾ ਹੈ। ਜਿਥੇ ਹਰ ਪਾਸਿਓਂ ਧਿਆਨ ਹਟਾ ਕੇ ਪ੍ਰਭੂ ਵਿਚ ਲਗਾਇਆ ਜਾਂਦਾ ਹੈ। ਉਸ ਦਸਵੇਂ ਦੁਆਰ ਵਿਚ ਸੂਰਜ ਤੇ ਚੰਦਰਮਾ ਤੋਂ ਅਣਗਿਣਤ ਗੁਣਾਂ ਪ੍ਰਕਾਸ਼ ਹੋ ਰਿਹਾ ਹੈ। ਜਿਥੇ ਕਹਿਣੇ ਸੰਖ ਤੋਂ ਬਿਨਾਂ ਅਨਹਦ ਨਾਦ ਸੁਣਾਈ ਦਿੰਦਾ ਹੈ। ਸਹੰਸਦਲ ਕਮਲ ਵਿਖੇ ਪ੍ਰਭੂ ਪਾਤਸ਼ਾਹ ਦਾ ਸਿੰਘਾਸਨ ਹੈ। ਜਿਥੇ ਪ੍ਰਭੂ ਦੇ ਅਨਹਦ ਦੇ ਬਾਜੇ ਵੱਜ ਰਹੇ ਹਨ। ਇਸ ਪ੍ਰਕਾਰ ਪ੍ਰਭੂ ਦੀ ਆਰਤੀ ਕਰਨੀ ਹੀ ਪ੍ਰਭੂ ਦੀ ਸੱਚੀ ਆਰਤੀ ਹੈ। ਪਰਮ ਪੁਰਖ ਅਲਖ ਅਤੇ ਭੇਦ ਰਹਿਤ ਪ੍ਰਭੂ ਦੀ ਸੱਚੀ ਸੇਵਾ ਹੈ। ਸਤਿਗੁਰੂ ਰਵਿਦਾਸ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਪ੍ਰਭੂ ਦੀ ਐਸੀ ਸੱਚੀ ਆਰਤੀ ਕਰਨ ਦਾ ਗੁਰੂ ਹੀ ਗਿਆਨ ਕਰਾਉਂਦਾ ਹੈ। ਐਸੀ ਆਰਤੀ ਕਰਨ ਨਾਲ ਜੀਵ ਸੰਸਾਰ ਰੂਪੀ ਭਵ-ਸਾਗਰ ਤੋਂ ਪਾਰ ਹੋ ਜਾਂਦਾ ਹੈ।

ਆਰਤੀ (4)ਆਰਤੀ ਕਰਤ ਹਰਸ਼ੈ ਮਨ ਮੇਰੋ ਆਵਤ ਚਿਤ ਤੁਵ ਰੂਪ ਘਨੇਰੋ। ।ਟੇਕ। ।

ਅਜਰ ਅਮਰ ਅਡੋਲ ਅਭੇਸ਼ ਨਿਰਗੁਨ ਰਹਿਤ ਰੂਪ ਨਾਹਿੰ ਰੇਖਾ। ।
ਚੇਤਨ ਸਤ ਚਿਤ ਘਨ ਆਨੰਦਾ ਨਿਰਵਿਕਾਰ ਤੇਜ ਅੰਮ੍ਰਿਤ ਅਭੇਦਾ। ।1। ।
ਅਨੁਭ ਅਜਨਮਾ ਸਰਬਗਯ ਅਨੰਤਾ ਅਭੇਦ ਅਦੇਸ਼ ਅਵਿਗਤ ਸੁਛੰਦਾ। ।
ਨਾਮ ਕੀ ਬਾਤੀ ਘੀਣ ਅਖੰਡ ਇਕ ਹੀ ਜੋਤ ਜਲੈ ਬ੍ਰਹਮੰਡਾ। ।2। ।
ਅਨਤ ਬਾਰ ਤੋਹਿ ਧਿਆਨ ਲਗਾਵਾ ਮੁਨਿ ਜਨਿ ਪੈ ਪਾਰ ਨਾਹਿੰ ਪਾਵਾ। ।
ਮਨ ਬਚ ਕ੍ਰਮ ਰਵਿਦਾਸ ਧਿਆਵਾ ਘੰਟਾ ਝਾਲਰ ਮਨਹਿ ਬਜਾਵਾ । ।3। ।

ਹੇ ਪ੍ਰਭੂ! ਜੀ ਆਪ ਜੀ ਦਾ ਨਾਮ ਜੱਪਣ ਰੂਪੀ ਸੱਚੀ ਆਰਤੀ ਕਰਕੇ ਮੇਰਾ ਮਨ ਆਨੰਦ ਭਰਪੂਰ ਹੋ ਰਿਹਾ ਹੈ ਜਿਸ ਨਾਲ ਮੇਰੇ ਹਿਰਦੇ ਵਿਚ ਆਪ ਜੀ ਦੇ ਅਨੇਕ ਰੂਪ ਅਨੁਭਵ ਹੋ ਰਹੇ ਹਨ। ਪ੍ਰਭੂ ਕਦੇ ਬੁੱਢਾ ਨਹੀਂ ਹੁੰਦਾ ਹਮੇਸ਼ਾ ਅਮਰ ਹੈ। ਕਦੇ ਡੋਲਦਾ ਨਹੀਂ ਨਿਰਗੁਣ ਹੈ। ਜਿਸ ਦਾ ਰੂਪ ਰੰਗ ਕੋਈ ਨਹੀਂ ਹੈ। ਹੇ ਪ੍ਰਭੂ! ਆਪ ਚੇਤਨ ਸਤਿਗੁਰੂ ਆਨੰਦ ਭਰਪੂਰ, ਵਿਕਾਰ ਰਹਿਤ, ਨਾ ਮਿਟਣ ਵਾਲੇ ਅਤੇ ਭੇਦ ਰਹਿਤ ਹੋ। ਆਪ ਅਨੂਪ ਜਨਮ ਰਹਿਤ, ਸਭ ਕੁਝ ਕਰਨ ਵਾਲੇ ਬੇਅੰਤ, ਭੇਦ ਰਹਿਤ, ਆਦ੍ਰਿਸ਼ਟ, ਅਵਿਨਾਸ਼ੀ ਅਤੇ ਨਿਰਮਲ ਸਵਰੂਪ ਹੋ। ਆਪ ਦੀ ਸੱਚੀ ਆਰਤੀ ਲਈ ਆਪ ਦੇ ਨਾਮ ਦੀ ਬੱਤੀ ਅਤੇ ਆਪ ਦੇ ਨਾਮ ਦਾ ਘਿਓ ਦੀਵੇ ਵਿਚ ਪਾਇਆ ਹੈ। ਆਪ ਦੇ ਨਾਮ ਦੀ ਜੋਤ ਲਗਾਈ ਹੈ ਜੋ ਸਾਰੇ ਬ੍ਰਹਿਮੰਡ ਜਗਮਗਾ ਰਹੀ ਹੈ। ਮੁਨੀ ਜਨ ਅਨੇਕਾਂ ਬਾਰ ਧਿਆਨ ਲਗਾਉਂਦਾ ਹੈ ਪਰ ਆਪ ਦੇ ਆਦਿ ਅੰਤ ਨੂੰ ਨਹੀਂ ਪਾ ਸਕਦਾ। ਮਨ ਬਚਨ ਕਰਮ ਕਰਕੇ ਆਪ ਜੀ ਦਾ ਧਿਆਨ ਲਗਾਉਣ ਰੂਪੀ ਸੱਚੀ ਆਰਤੀ ਕਰਦਾ ਹਾਂ ਜਿਸ ਨਾਲ ਮੈਨੂੰ ਆਪਣੇ ਅੰਦਰ ਹੀ ਅਨਹਦ ਨਾਦ ਸੁਣਾਈ ਦਿੰਦਾ ਹੈ।

ਨਾਮੁ ਤੇਰੋ ਆਰਤੀ ਮਜਨੁ ਮੁਰਾਰੇ। ।
ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ। ।ਰਹਾਉ। ।
ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ
ਨਾਮੁ ਤੇਰਾ ਕੇਸਰੋ ਲੇ ਛਿਟਕਾਰੇ। ।
ਨਾਮੁ ਤੇਰਾ ਅੰਭੁਲਾ ਨਾਮੁ ਤੇਰੋ ਚੰਦਨੋ। ।



ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ। ।1। ।
ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ
ਨਾਮੁ ਤੇਰੋ ਤੇਲ ਲੇ ਮਾਹਿ ਪਾਸਾਰੇ। ।
ਨਾਮ ਤੇਰੇ ਕੀ ਜੋਤਿ ਲਗਾਈ
ਭਇਓ ਉਜਿਆਰੋ ਭਵਨ ਸਗਲਾਰੇ। ।2। ।
ਨਾਮੁ ਤੇਰੋ ਤਾਗਾ ਨਾਮੁ ਫੂਲ ਮਾਲਾ
ਭਾਰ ਅਠਾਰਹ ਸਗਲ ਜੁਠਾਰੇ। ।
ਤੇਰੋ ਕੀਆ ਤੁਝਹਿ ਕਿਆ ਅਰਪਉ
ਨਾਮੁ ਤੇਰੋ ਤੁਹੀ ਚਵਰ ਢੋਲਾਰੋ। ।3। ।
ਦਸ ਅਠਾ ਅਠਸਠੇ ਚਾਰੇ ਖਾਣੀ
ਇਹੈ ਵਰਤਣਿ ਹੈ ਸਗਲ ਸੰਸਾਰੇ। ।
ਕਹੈ ਰਵਿਦਾਸੁ ਨਾਮੁ ਤੇਰੋ ਆਰਤੀ
ਸਤਿ ਨਾਮੁ ਹੈ ਹਰਿ ਭੋਗ ਤੁਹਾਰੇ। ।4। ।

ਹੇ ਪ੍ਰਮਾਤਮਾ ਜੀ ਤੇਰਾ ਨਾਮ ਜੱਪਣਾ ਹੀ ਤੇਰੀ ਸੱਚੀ ਆਰਤੀ ਹੈ। ਆਪ ਜੀ ਦਾ ਨਾਮ ਜੱਪਣਾ ਹੀ ਆਪ ਜੀ ਨੂੰ ਇਸ਼ਨਾਨ ਕਰਾਉਣਾ ਹੈ। ਆਪ ਜੀ ਦੇ ਨਾਮ ਤੋਂ ਬਿਨਾਂ ਸੰਸਾਰ ਦੇ ਬਾਕੀ ਸਭ ਪਾਸਾਰੇ ਝੂਠੇ ਹਨ। ਆਪ ਦਾ ਸੱਚਾ ਨਾਮ ਜੱਪਣਾ ਹੀ ਆਰਤੀ ਲਈ ਆਸਣ ਲਗਾਉਣਾ ਹੈ। ਆਪ ਦਾ ਨਾਮ ਜੱਪਣਾ ਹੀ ਕੇਸਰ ਰਗੜਨ ਵਾਲਾ ਉਰਸਾ ਹੈ ਭਾਵ ਕੇਸਰ ਰਗੜਨ ਵਾਲੀ ਸ਼ਿਲਾ ਹੈ। ਆਪ ਦੇ ਨਾਮ ਦਾ ਜਾਪ ਹੀ ਕੇਸਰ ਛਿੜਕਣਾ ਹੈ। ਆਪ ਜੀ ਦਾ ਨਾਮ ਜੀ ਪਾਣੀ ਹੈ, ਆਪ ਦਾ ਨਾਮ ਹੀ ਚੰਦਨ ਹੈ। ਆਪ ਜੀ ਦਾ ਨਾਮ ਹੀ ਚੰਦਨ ਘਿਸਾ ਕੇ ਆਪ ਜੀ ਨੂੰ ਚੜ੍ਹਾਉਣਾ ਹੈ। ਆਪ ਜੀ ਦਾ ਨਾਮ ਹੀ ਆਰਤੀ ਲਈ ਦੀਵਾ ਹੈ। ਆਪ ਜੀ ਦਾ ਨਾਮ ਹੀ ਦੀਵੇ ਦੀ ਬੱਤੀ ਹੈ। ਆਪ ਜੀ ਦਾ ਨਾਮ ਹੀ ਤੇਲ ਹੈ। ਆਪ ਜੀ ਦੇ ਸੱਚੇ ਨਾਮ ਦੀ ਜੋਤ ਲਗਾਈ ਹੈ ਜਿਸ ਨਾਲ ਸਭ ਖੰਡਾਂ ਬ੍ਰਹਿਮੰਡਾਂ ਵਿਚ ਨਾਮ ਦਾ ਪ੍ਰਕਾਸ਼ ਹੋ ਰਿਹਾ ਹੈ। ਆਪ ਜੀ ਦਾ ਨਾਮ ਹੀ ਧਾਗਾ ਹੈ। ਆਪ ਜੀ ਦਾ ਨਾਮ ਹੀ ਫੁੱਲਾਂ ਦੀ ਮਾਲਾ ਹੈ। ਆਪ ਜੀ ਦੇ ਨਾਮ ਤੋਂ ਬਿਨਾਂ ਸੰਸਾਰ ਦੀ ਸਾਰੀ ਬਨਸਪਤੀ ਦੇ ਅਠਰਾਂ ਭਾਰ ਅਪਵਿੱਤਰ ਹੈ। ਹੇ ਪ੍ਰਭੂ ! ਹਰਿ ਜੀ ਆਪ ਦੀ ਬਣਾਈ ਸ੍ਰਿਸ਼ਟੀ ਵਿਚੋਂ ਮੈਂ ਆਪ ਜੀ ਨੂੰ ਕੀ ਅਰਪਣ ਕਰਾਂ ? ਆਪ ਜੀ ਦਾ ਨਾਮ ਜੱਪਣਾ ਹੀ ਮੈਂ ਆਪ ਜੀ ਤੇ ਚੌਰ ਝੁਲਾਉਂਦਾ ਹਾਂ। ਅਠਾਰਾਂ ਪੁਰਾਣਾ, ਅਠਾਹਟ ਤੀਤਥਾਂ ਤੇ ਚਾਰੇ ਖਾਣੀਆਂ (ਅੰਡਜ, ਜੇਰਜ, ਸੇਤਜ, ਉਤਭੁਜ) ਵਿਚ ਸਾਰਾ ਸੰਸਾਰ ਵਿਚਰ ਰਿਹਾ ਹੈ। ਹੇ ਪ੍ਰਮਾਤਮਾ ਜੀ ਆਪ ਜੀ ਦਾ ਨਾਮ ਜੱਪਣਾ ਹੀ ਮੇਰੇ ਲਈ ਆਪ ਜੀ ਦੀ ਸੱਚੀ ਆਰਤੀ ਹੈ। ਸਤਿਨਾਮ ਦਾ ਹੀ ਆਪ ਜੀ ਨੂੰ ਭੋਗ ਲਗਾਉਂਦਾ ਹਾਂ।

ਸਤਿਗੁਰੂ ਰਵਿਦਾਸ ਜੀ ਦੀ ਆਰਤੀ ਵਿਚ ਅਸੀਂ ਵੇਖਿਆ ਹੈ, ਪੜ੍ਹਿਆ ਹੈ ਤੇ ਸਮਝਿਆ ਹੈ ਕਿ ਉਹ ਆਰਤੀ ਜੋ ਗੁਰੁ ਰਵਿਦਾਸ ਜੀ ਨੇ ਕੀਤੀ ਹੈ, ਸਮਾਜ ਨੂੰ ਕਰਨ ਲਈ ਪ੍ਰੇਰਿਆ ਹੈ। ਉਹ ਹਰਿ ਰੂਪੀ ਪ੍ਰਭੂ ਵਾਂਗ ਹੀ ਸਾਫ ਪਵਿੱਤਰ ਤੇ ਸ਼ੁੱਧ ਹੈ। ਕਰਮਕਾਂਡਾ ਤੋਂ ਮੁਕਤ ਕਰਕੇ ਹਰਿ ਨਾਲ ਜੋੜਦੀ ਹੈ। ਅਸੀਂ ਸਤਿਗੁਰੂ ਰਵਿਦਾਸ ਜੀ ਦੀ ਪੂਰੀ ਬਾਣੀ ਵਿਚ ਵੇਖਿਆ ਹੈ ਕਿ ਹਰਿ ਨਾਲ ਜੁੜਨ ਦਾ ਵਧੇਰੇ ਜ਼ੋਰ ਦੇ ਰਹੇ ਹਨ। ਆਪਣੀ ਆਰਤੀ ਵਿਚ ਵੀ ਕਹਿੰਦੇ ਨੇ

ਤਨ ਮਨ ਆਤਮ ਬਾਰਿ ਸਦਾ ਹਰਿ ਗਈਏ। ।
ਭਨਤ ਜਨ ਰਵਿਦਾਸ ਤੁਮ ਸਰਨਾ ਆਈਏ। ।

ਜੀਵ ਨੂੰ ਆਪਣਾ ਤਨ, ਮਨ ਪ੍ਰਭੂ ਹਰਿ ਅੱਗੇ ਕੁਰਬਾਨ ਕਰਕੇ ਹਮੇਸ਼ਾ ਹੀ ਉਸਦੇ ਗੁਣਗਾਨ ਕਰਦੇ ਰਹਿਣਾ ਚਾਹੀਦਾ ਹੈ। ਅਗਰ ਜੀਵ ਕਿਸੇ ਵੀ ਸ਼ਰਨ ਜਾਂਦਾ ਹੈ ਤਾਂ ਇਕੋ ਪ੍ਰਮਾਤਮਾ ਹਰਿ ਹੈ ਜੋ ਪੂਰਾ ਓਟ ਆਸਰਾ ਦਿੰਦਾ ਹੈ। ਸਤਿਗੁਰੂ ਰਵਿਦਾਸ ਜੀ ਤੋਂ ਪਹਿਲਾਂ ਆਰਤੀ ਦਾ ਪ੍ਰਾਚੀਨ ਰੂਪ ਕਰਮਾਂ ਕਾਂਡੀ ਸੀ। ਇਸ ਕਰਮ-ਕਾਂਡੀ ਆਰਤੀ ਦਾ ਪ੍ਰਾਚੀਨ ਰੂਪ ਬਦਲ ਕੇ ਅਜਿਹਾ ਰੂਪ ਪੇਸ਼ ਕੀਤਾ ਜੋ ਸੰਗਤ ਨੂੰ ਪਸੰਦ ਆਇਆ। ਸਤਿਗੁਰੂ ਰਵਿਦਾਸ ਜੀ ਪਰਮ ਸੰਤ ਸਨ ਉਹਨਾਂ ਦੇ ਬੋਲਾਂ ਵਿਚੋਂ ਸੱਚ ਹੀ ਕਿਰਿਆ।

ਨਾਮੁ ਤੇਰੋ ਆਰਤੀ ਮਜਨੁ ਮੁਰਾਰੇ। ।
ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ। ।ਰਹਾਉ। ।

ਸਤਿਗੁਰੂਨ ਰਵਿਦਾਸ ਜੀ ਦੀ ਆਰਤੀ ਅਸੀਂ ਸੁਬ੍ਹਾ ਸ਼ਾਮ ਬੜੀ ਪ੍ਰੀਤ ਨਾਲ ਪੜ੍ਹਦੇ ਕਿਉਂਕਿ ਇਹ ਆਰਤੀ ਮੁਕਤੀ ਦਾ ਰਾਗ ਹੈ। ਇਹ ਆਰਤੀ ਅਸੀਂ ਚੜ੍ਹਦੇ ਸੂਰਜ ਅਤੇ ਤੇ ਢਲਦੇ ਸੂਰਜ ਭਾਵ ਸਵੇਰੇ ਸ਼ਾਮ ਆਰਤੀ ਦਾ ਜਾਪ ਕਰਦੇ ਹਾਂ। ਅਸੀਂ ਅਨੇਕਾਂ ਵਾਰ ਪੜਦੇ ਹਾਂ 'ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ'। ਸਾਡਾ ਸਮਾਜ ਹਰਿ ਨਾਲ ਜੁੜਿਆ ਸਮਾਜ ਹੈ। ਸਾਨੂੰ ਪੂਰੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ ਕਿ ਸਾਡੀ ਮੁਕਤੀ ਦਾ ਪ੍ਰੀਤਕ ਕੇਵਲ 'ਹਰਿ' ਹੈ। ਹਰਿ ਨਾਲ ਜੁੜਨਾ ਤੇ ਆਨ ਭਾਵ ਦੇਵੀ ਦੇਵਤਿਆਂ ਹੋਰ ਸਭ ਪ੍ਰਮਾਤਮਾ ਦੇ ਨਾਮ ਤੋਂ ਛੁੱਟ ਕਰਾਮਤੀ ਸ਼ਕਤੀਆਂ ਤੋਂ ਅਲੱਗ ਹੋਣਾ ਹੈ। ਆਰਤੀ ਵਿਚ 'ਸਤਿਨਾਮ' ਸ਼ਬਦ ਵੀ ਆਇਆ ਹੈ। ਇਹ ਪਾਵਨ ਪਵਿੱਤਰ ਸ਼ਬਦ ਸਭ ਤੋਂ ਪਹਿਲਾ ਸਤਿਗੁਰੂ ਰਵਿਦਾਸ ਜੀ ਨੇ ਆਪਣੀ ਪਵਿੱਤਰ ਅੰਮ੍ਰਿਤਬਾਣੀ ਵਿਚ ਪ੍ਰਮਾਤਮਾ ਦੇ ਨਾਮ ਦੀ ਉਸਤਤ ਵਡਿਆਈ ਵਜੋਂ ਦਰਜ਼ ਕੀਤਾ ਹੈ। ਸਤਿਨਾਮ ਦੀ ਵਰਤੋਂ ਉਹਨਾਂ ਨੇ ਹਰਿ ਜੀ ਵਾਸਤੇ ਕੀਤੀ ਹੈ। ਸਮੁੱਚੀ ਆਰਤੀ ਵਿਚ ਆਏ ਪਾਰਬ੍ਰਹਮ ਪਰਮੇਸ਼ਵਰ ਪ੍ਰਭੂ ਦੀ ਮਹਿਮਾ ਭਰੇ ਵਿਚਾਰ ਨਾਲ ਸਾਨੂੰ ਜੁੜਨਾ ਤੇ ਕਰਮਕਾਂਡਾ ਨਾਲੋਂ ਹੱਟ ਕੇ ਰਹਿਣਾ ਹੈ।' ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ' ਦੇ ਅਰਥਾਂ ਨੂੰ ਸਮਝ ਕੇ ਸਤਿਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਦਾ ਕੇਂਦਰ ਬਿੰਦੂ ਹਰਿ ਨਾਲ ਜੁੜ ਕੇ ਹਰਿ ਦੇ ਲੜ ਲੱਗ ਕੇ ਮੁਕਤ ਹੋਣਾ ਸਮਾਜ ਲਈ ਮਾਣ ਵਾਲੀ ਵੀ ਗੱਲ ਹੈ। ਅਸੀਂ ਵਿਸ਼ਵ ਤੇ ਹਰਿ ਦਾ ਝੰਡਾ ਵੀ ਝੁਲਾਉਣਾ ਤੇ ਮਨ ਉਤੇ ਵੀ ਹਰਿ ਦਾ ਰੰਗ ਚੜ੍ਹਾਉਣਾ ਹੈ। ਦੁੱਖ ਸੁੱਖ ਦੀ ਘੜੀ ਵਿਚ ਸਤਿਗੁਰੂ ਦੀ ਉਚਾਰਨ ਕੀਤੀ ਹੋਈ ਅੰਮ੍ਰਿਤਬਾਣੀ ਵਿਚੋਂ ਆਰਤੀ ਗਾਉਂਦਿਆਂ ਅਨੰਦ ਵਿਚ ਰਹਿਣਾ ਹੈ। ਹਰ ਪਲ ਯਾਦ ਰਹੇ

ਨਾਮੁ ਤੇਰੋ ਆਰਤੀ ਮਜਨੁ ਮੁਰਾਰੇ। ।
ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ। ।

**********

## ਮਹਾਂਰਿਸ਼ੀ ਭਗਵਾਨ ਵਾਲਮੀਕਿ ਜੀ ਦੇ ਜੀਵਨ ਵਿਚ 'ਹਰਿ' ਦੀ ਮਹਿਮਾ

ਖਟੁ ਕਰਮ ਕੁਲ ਸੰਜੁਗਤੁ ਹੈ, ਹਰਿ ਭਗਤਿ ਹਿਰਦੈ ਨਾਹਿ॥



ਚਰਨਾਰਬਿੰਦ ਨ ਕਥਾ ਭਾਵੈ ਸੁਪਚ ਤੁਲਿ ਸਮਾਨਿ॥
ਰੇ ਚਿਤ ਚੇਤਿ ਚੇਤ ਅਚੇਤ
ਕਾਹੇ ਨ ਬਾਲਮੀਕਹਿ ਦੇਖ।
ਕਿਸ ਜਾਤਿ ਤੇ ਕਿਹ ਪਦਰਿ ਅਮਰਿਓ ਰਾਮ ਭਗਤਿ ਬਿਸੇਖ॥
ਸੁਆਨ ਸਤ੍ ਅਜਾਤੁ ਸਭ ਤੇ ਕ੍ਰਿਸ ਲਾਵੈ ਹੇਤੁ॥
ਲੋਗੁ ਬਪੁਰਾ ਕਿਆ ਸਰਾਹੈ ਤੀਨ ਲੋਕ ਪ੍ਰਵੇਸ॥
ਅਜਾਮਲੁ ਪਿੰਗੁਲਾ ਲੁਭਤੁ ਕੁੰਚਰੁ ਰਾਏ ਹਰਿ ਕੈ ਪਾਸ॥
ਸੇ ਦੁਰਮਤਿ ਨਿਸਤਰੇ ਤੂੰ ਕਿਉਨ ਤਰਹਿ ਰਵਿਦਾਸ॥

ਜਗਤ ਗੁਰੂ ਰਵਿਦਾਸ ਮਹਾਰਾਜ ਜੀ ਹਰਿ ਕੇ ਪਾਵਨ ਨਾਮ ਕੀ ਮਹਿਮਾ ਕਰਦੇ ਹੋਏ ਫੁਰਮਾਉਂਦੇ ਹਨ ਕਿ ਮਹਾਂਰਿਸ਼ੀ ਭਗਵਾਨ ਬਾਲਮੀਕਿ ਜੀ ਹਰਿ ਦਾ ਸਿਮਰਨ ਕਰਦੇ ਹਰਿ ਦਾ ਹੀ ਰੂਪ ਹੋ ਗਏ। ਸਾਰੇ ਜੀਵਾਂ ਨੂੰ ਉਹਨਾਂ ਨੇ ਦੱਸੇ ਮਾਰਗ 'ਤੇ ਚੱਲ ਕੇ ਹੀ ਹਰਿ ਦਾ ਸਿਮਰਨ ਕਰਨਾ ਚਾਹੀਦਾ ਹੈ ਭਾਵੇਂ ਕਿ ਜੀਵ ਉੱਚੀ ਸਮਝੀ ਜਾਣ ਵਾਲੀ ਜਾਤ ਦਾ ਹੋਵੇ ਅਤੇ ਛੇ ਕਰਮ (ਵਿਦਿਆ ਪੜ੍ਹਨੀ ਅਤੇ ਪੜ੍ਹਾਉਣੀ, ਯੱਗ ਕਰਨਾ ਅਤੇ ਕਰਵਾਉਣਾ, ਦਾਨ ਕਰਨਾ ਅਤੇ ਕਰਵਾਉਣਾ) ਕਰਮ ਕਰਦਾ ਹੋਵੇ। ਪਰ ਜੇ ਉਸ ਜੀਵ ਦੇ ਹਿਰਦੇ ਵਿਚ ਹਰਿ ਦੀ ਭਗਤੀ ਨਹੀਂ ਹੈ ਤੇ ਉਸਨੂੰ ਹਰਿ ਚਰਨ ਕਮਲਾ ਦੀ ਕਥਾ ਨਹੀਂ ਭਾਉਂਦੀ ਤਾਂ ਉਹ ਜੀਵ ਚੰਡਾਲ ਦੇ ਸਮਾਨ ਹੈ। ਹੇ ਅਚੇਤ ਮਨ ਤੂੰ ਉਸ ਹਰਿ ਨੂੰ ਸਦਾ ਆਪਣੇ ਦਿਲ ਵਿਚ ਯਾਦ ਕਰੋ ਅਤੇ ਬ੍ਰਹਮ ਗਿਆਨੀ ਮਹਾਂਰਿਸ਼ੀ ਬਾਲਮੀਕਿ ਜੀ ਦੇ ਜੀਵਨ ਤੋਂ ਪ੍ਰੇਰਨਾ ਕਿਉਂ ਨਹੀਂ ਲੈਂਦੇ ਜਿਸਦਾ ਆਗਮਨ ਉਸ ਜਾਤੀ ਵਿਚ ਹੋਇਆ ਜਿਸਨੂੰ ਸ਼ੂਦਰ ਸਮਝਿਆ ਜਾਂਦਾ ਸੀ, ਪਰ ਉਹ ਉਸ ਹਰਿ ਦੀ ਭਗਤੀ ਕਰਦੇ ਉਸ ਪਦ ਤੱਕ ਪਹੁੰਚ ਗਏ, ਮਤਲਬ ਅਮਰ ਹੋ ਕੇ ਹਰਿ ਦਾ ਰੂਪ ਹੋ ਗਏ। ਮਹਾਂਰਿਸ਼ੀ ਬਾਲਮੀਕ ਜੀ ਨੇ ਲੋਭ ਰੂਪੀ ਕੁੱਤੇ ਅਤੇ ਹੋਰ ਵਿਕਾਰਾਂ 'ਤੇ ਜਿੱਤ ਪ੍ਰਾਪਤ ਕਰ ਲਈ ਸੀ ਤੇ ਜਿਹਨਾਂ ਦੇ ਜਾਣ 'ਤੇ ਪਾਂਡਵਾ ਦਾ ਯੱਗ ਪੂਰਾ ਹੋਇਆ ਸੀ, ਉਸ ਸਮੇਂ ਕ੍ਰਿਸ਼ਨ ਜੀ ਤੇ ਸਾਰੇ ਪਾਂਡਵਾ ਨੇ ਮਹਾਂਰਿਸ਼ੀ ਬਾਲਮੀਕ ਜੀ ਦੇ ਚਰਨ ਧੋ ਕੇ ਚਰਨ ਅਮ੍ਰਿਤ ਪੀਤਾ ਅਤੇ ਸਨਮਾਨ ਕੀਤਾ। ਲੋਕਾਂ ਨੇ ਮਹਾਂਰਿਸ਼ੀ ਬਾਲਮੀਕ ਜੀ ਦੀ ਮਹਿਮਾ ਕੀ ਕਰਨੀ ਹੈ ? ਉਹਨਾਂ ਦੀ ਮਹਿਮਾ ਤਾਂ ਤਿੰਨ ਲੋਕਾਂ (ਮਾਤ ਲੋਕ, ਪਤਾਲ ਲੋਕ ਤੇ ਆਕਾਸ਼ ਲੋਕ) ਵਿਚ ਹੋ ਰਹੀ ਹੈ। ਖੰਡ-ਬ੍ਰਹਮੰਡਾ ਵਿਚ ਉਹਨਾਂ ਦੀ ਜੈ-ਕਾਰ ਹੁੰਦੀ ਹੈ। ਮਤਲਬ ਜੀਵ ਹਰਿ ਦਾ ਸਿਮਰਨ ਕਰਕੇ ਹਰਿ ਦਾ ਰੂਪ ਹੋ ਜਾਂਦਾ ਹੈ।

## ਹਰਿ ਦੇ ਨਾਮ ਦਾ ਸਿਮਰਨ ਸਭ ਤੋਂ ਸ੍ਰੇਸ਼ਟ ਧਰਮ

'ਹਰਿ ਹਰਿ ਕਰਤ ਮਿਟੈ ਸਭ ਭਰਮਾ।
ਹਰਿ ਕੇ ਨਾਮ ਲੈ ਉਤਮ ਧਰਮਾ॥'

ਸਤਿਗੁਰੂ ਨਾਮਦੇਵ ਮਹਾਰਾਜ ਜੀ ਜੋ ਹਰਿ ਦਾ ਸਿਮਰਨ ਕਰ ਹਰਿ ਦਾ ਹੀ ਰੂਪ ਹੋ ਗਏ, ਜਿਹਨਾਂ ਨੇ ਇਸ ਸੰਸਾਰ ਨੂੰ ਕਲਿਆਣਕਾਰੀ ਉਪਦੇਸ਼ ਦਿੱਤਾ ਹਰਿ ਦਾ ਸਿਮਰਨ ਕਰਨ ਨਾਲ ਜੀਵ ਦੇ ਸਾਰੇ ਤਰ੍ਹਾਂ ਦੇ ਭਰਮਾ ਦਾ ਨਾਸ਼ ਹੋ ਜਾਂਦਾ

ਹੈ ਅਤੇ ਹਰਿ ਦਾ ਨਾਮ ਸਿਮਰਨ ਹੀ ਇਸ ਸੰਸਾਰ ਦਾ ਸਭ ਤੋਂ ਵੱਡਾ ਧਰਮ ਹੈ।

## ਹਰਿ ਦਾ ਸਿਮਰਨ ਦੁੱਖਾਂ ਦਾ ਨਿਵਾਰਨ

ਐਸੇ ਗਿਆਨੁ ਵਿਚਾਰੁ ਮਨਾ॥
ਹਰਿ ਕੀ ਨਾ ਸਿਮਰਹੂ ਦੁੱਖ ਭੰਜਨਾ॥

ਸਤਿਗੁਰੂ ਕਬੀਰ ਜੀ ਮਹਾਰਾਜ ਫਰਮਾਉਂਦੇ ਹਨ ਕਿ ਹੇ ਜੀਵ! ਤੂੰ ਆਪਣੇ ਮਨ ਵਿਚ ਇਸ ਤਰ੍ਹਾਂ ਹਰਿ ਦਾ ਵਿਚਾਰ ਕਰੋ, ਜੋ ਹਰਿ ਦਾ ਨਾਮ ਸਾਰੇ ਦੁੱਖਾਂ ਦਾ ਨਾਸ਼ ਕਰਦਾ ਹੈ।

### "ਹਰਿ ਹਰਿ ਨਾਮ ਜਪਦਿਆ ਕਦੀ ਨਾ ਆਵੇ ਹਾਰ"

ਜਗਤਗੁਰੂ ਸਤਿਗੁਰੂ ਰਵਿਦਾਸ ਜੀ ਅੰਮ੍ਰਿਤਬਾਣੀ ਵਿਚ ਹਰਿ ਪਾਰਬ੍ਰਹਮ ਪਰਮੇਸ਼ਵਰ ਦੀ ਨਾਮ ਦੀ ਮਹਿਮਾ ਬੇਅੰਤ ਸਮਾਈ ਪਈ ਹੈ। ਹਰਫ਼- ਹਰਫ਼ ਸੱਚੇ ਮਾਲਿਕ ਦੀ ਉਸਤਤ ਵਡਿਆਈ ਨਾਲ ਭਰਪੂਰ ਹੈ। ਅਸੀਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਵਿਚ ਵਾਰ-ਵਾਰ 'ਹਰਿ ਪੂਰਨ ਮੁਕਤੀ ਦਾਤਾ' ਦਾ ਜ਼ਿਕਰ ਆਇਆ ਹੈ। ਸਤਿਗੁਰੂ ਜੀਵ ਨੂੰ ਸਾਡੇ ਸਮਾਜ ਨੂੰ ਵਾਰ-ਵਾਰ ਕਹਿ ਰਹੇ ਹਨ।

ਸੁਖ ਸਾਗਰ ਸੁਰਿਤਰੁ ਚਿੰਤਾ ਮਨਿ ਕਾਮਧੇਨ ਬਧਿ ਜਾ ਕੇਰੇ॥
ਚਾਰਿ ਪਦਾਰਥ ਅਸ਼ਟ ਮਹਾ ਸਿਧਿ ਨਵ ਨਿਧਿ ਕਰਤਲ ਤਾ ਕੈ॥
ਹਰਿ ਹਰਿ ਹਰਿ ਨ ਜਪਸਿ ਰਸਨਾ॥
ਅਬਰ ਸਭ ਛਾਡਿ ਬਚਨ ਰਚਨਾ॥ਰਹਾਉ॥

ਅਗਿਆਨਤਾ ਦੀ ਨੀਂਦੇ ਸੁੱਤੇ ਪਏ ਸਮਾਜ ਨੂੰ ਸਮਝਾ ਰਹੇ ਹਨ, ਭਟਕੇ ਸੰਸਾਰ ਨੂੰ ਰਸਤਾ ਦਿਖਾ ਰਹੇ ਹਨ ਕਿ ਸੁੱਖਾਂ ਦੇ ਸਮੁੰਦਰ ਪ੍ਰਮਾਤਮਾ ਦਾ ਸਿਮਰਨ ਕਰੋ ਜਿਸ ਦੇ ਅਧੀਨ ਸੁਰਤਰ ਕਲਪਬ੍ਰਿਛ, ਮਨ ਇੱਛਤ ਫਲ ਦੇਣ ਵਾਲੀ ਮਨੀ, ਚਿੰਤਾਮਨੀ, ਮਨੋਕਾਮਨਾ ਪੂਰੀ ਕਰਨ ਵਾਲੀ ਕਾਮਧੇਨ ਗਊ ਹਨ। ਚਾਰ ਪਦਾਰਥ ਕਾਮ, ਅਰਥ ਧਰਮ, ਮੋਕਸ਼, ਅੱਠ ਵੱਡੀਆ ਸਿੱਧੀਆਂ ਤੇ ਨੌਂ ਖਜ਼ਾਨੇ ਉਸੇ ਪ੍ਰਮਾਤਮਾ ਹਰਿ ਜੀ ਦੇ ਹੱਥ ਦੀ ਤਲੀ ਤੇ ਹਨ। ਜੋ ਜੀਵ ਉਸ ਦਾ ਸਿਮਰਨ ਕਰਦਾ ਹੈ, ਉਸ ਦੇ ਵੱਸ ਵਿਚ ਇਹ ਸਭ ਕੁਝ ਆ ਜਾਂਦਾ ਹੈ। ਉਸ ਦੇ ਅੱਗੇ ਪਿੱਛੇ ਇਹ ਸਭ ਕੁਝ ਘੁੰਮਦਾ ਹੈ ਇਹ ਹੈ ਪ੍ਰਮਾਤਮਾ ਦੇ ਨਾਮ ਦੀ ਮਹਿਮਾ। ਜੀਵ ਨੂੰ ਸਮਝਾਉਂਦੇ ਹੋਏ ਸਤਿਗੁਰੂ ਜੀ ਕਹਿ ਰਹੇ ਹਨ ਕਿ ਤੂੰ ਐਸੇ ਸੁੱਖਾਂ ਦੇ ਸਮੁੰਦਰ ਹਰਿ ਹਰਿ ਨਾਮ ਰਸਨਾ ਨਾਲ ਕਿਉਂ ਨਹੀ ਜੱਪਦਾ। ਤੂੰ ਸੰਸਾਰ ਦੀ ਝੂਠੀ ਰਚਨਾ ਦੇ ਵਚਨਾਂ ਨੂੰ ਰਸਨਾ ਤੋਂ ਤਿਆਗ ਕੇ ਪ੍ਰਭੂ ਦਾ ਸਿਮਰਨ ਕਰ। ਬੇਅੰਤ ਗੁਣਾਂ ਦਾ ਮਾਲਿਕ ਪ੍ਰਭੂ ਆਪਣੇ ਜੀਵਾਂ ਦੇ ਸਾਰੇ ਕਾਰਜ ਸਵਾਰਦਾ ਹੈ।

ਹਿਰਦੇ ਹਰਿ ਹਰਿ ਹਹੀ ਕੋ, ਸਿਮਰੋ ਵਾਰੇ ਵਾਰੇ॥
ਦੁਸਤਾ ਸੰਗ ਤਿਆਗ ਕਰ ਸੰਤਾਂ ਸੰਗ ਪਿਆਰ॥

ਹਿਰਦੇ ਨੂੰ ਹਰਿ ਹਰਿ ਪ੍ਰਭੂ ਦੇ ਰੰਗ ਵਿਚ ਰੰਗ ਕੇ ਹਰਿ ਹਰਿ ਦਾ ਸਿਮਰਨ ਕਰਦੇ ਜਾਣਾ ਚਾਹੀਦਾ ਹੈ। ਹਿਰਦੇ ਨੂੰ ਹਰਿ ਪ੍ਰਭੂ ਦੇ ਕਾਬਿਲ ਕਰ ਲੈ। ਮਨ ਮੰਦਿਰ ਵਿਚ ਹਰਿ ਜੋਤ ਦਾ ਚਾਨਣ ਹੋਣਾ ਜ਼ਰੂਰੀ ਹੈ। ਸਤਿਗੁਰੂ ਰਵਿਦਾਸ ਜੀ ਸਾਨੂੰ ਉਪਦੇਸ਼ ਦੇ ਰਹੇ ਹਨ ਕਿ ਹਰਿ ਹਰਿ ਨੂੰ ਸਿਮਰਦੇ ਹਿਰਦੇ ਤੋਂ ਪ੍ਰਭੂ ਨੂੰ ਯਾਦ ਕਰਦੇ ਹਾਂ ਤਾਂ ਪ੍ਰਭੂ ਸਾਡੇ ਤੇ ਪ੍ਰਸੰਨ ਹੁੰਦਾ ਹੈ। ਹਰਿ ਨੂੰ ਯਾਦ ਕ ਰਤੇ ਦੁਸਟਾਂ ਦਾ ਸੰਗ ਤਿਆਗ ਦੇ। ਹਰਿ ਦੇ



ਪਿਆਰਿਆ ਸੰਤਾਂ ਨਾਲ ਪਿਆਰ ਪਾ ਲੈ। ਉਹਨਾਂ ਦੀ ਸੰਗਤ ਵਿਚ ਲੀਨ ਹੋ ਜੇ ਮੁਕਤ ਹੋਣਾ ਹੈ। ਸੰਤਾਂ ਦੀ ਸੰਗਤ ਕਰ ਜੋ ਹਰਿ ਨਾਲ ਮਿਲਾਉਦੇ ਨੇ।

ਹਰਿ ਸਿਮਰੈ ਸੋਈ ਸੰਤ ਬਿਚਾਰੋ,
ਅਬਰ ਜਨਮੁ ਬੇਕਾਮ ਰਾਮ ਬਿਨੁ,
ਕੋਟਿ ਜਨਮ ਸੇ ਉਪਰਿ ਬਾਰੋ॥

ਜੋ ਸੰਤ ਹਰਿ ਨੂੰ ਸਿਮਰਨ ਦਾ ਸੱਚਾ ਉਪਦੇਸ਼ ਦਿੰਦਾ ਹੈ ਉਹ ਸੰਤ ਸੱਚਾ ਹੈ। ਜੋ ਸੰਤ ਪ੍ਰਭੂ ਦਾ ਸਿਮਰਨ ਕਰਦੇ ਹਨ ਉਹੀ ਸ਼੍ਰੇਸ਼ਟ ਵਿਚਾਰਾਂ ਵਾਲੇ ਹਨ। ਕਿਉਂਕਿ ਪ੍ਰਭੂ ਦੇ ਨਾਮ ਬਿਨਾਂ ਜੀਵ ਦਾ ਜਨਮ ਨਿਸਫਲ ਜਾਂਦਾ ਹੈ। ਇਹ ਜੀਵਨ ਸਫਲ ਕਰਨਾ ਹੈ ਤਾਂ ਆਪਣਾ ਜਨਮ ਸੰਤਾਂ ਦੇ ਚਰਨਾਂ ਤੋਂ ਵਾਰ ਦੇ। ਅਗਰ ਕਰੋੜਾਂ ਜਨਮ ਵੀ ਮਿਲਣ ਤਾਂ ਸੰਤਾਂ ਦੀ ਸ਼ਰਨ ਵਿਚ ਹੀ ਰਹਿਣਾ ਚਾਹੀਦਾ ਹੈ। ਸੰਤ ਹਰਿ ਪਰਮੇਸ਼ਵਰ ਦਾ ਮਾਰਗ ਦਿਖਾਉਂਦੇ ਨੇ।

"ਕਰ ਭਗਤ ਮਿਲੈ ਹਰਿ ਧਾਮ"

ਸਤਿਗੁਰੂ ਉਪਦੇਸ਼ ਦੇ ਰਹੇ ਹਨ ਕਿ ਹਰਿ ਨੂੰ ਯਾਦ ਕਰਨਾ ਇਕੋ ਇਕ ਨੂੰ ਸਿਮਰਨਾ ਮੁਕਤੀ ਦਾ ਆਧਾਰ ਹੈ। ਪਾਪਾਂ ਦੀ ਮੈਲ, ਲੋਭ ਦੀ ਦੌੜ ਛੱਡ ਕੇ ਹਰਿ ਦੀ ਭਗਤੀ ਕਰ ਤੇ ਹਰਿ ਦੀ ਭਗਤੀ ਕਰਨ ਵਾਲੇ ਹਰਿ ਧਾਮ ਸੱਚੇ ਘਰ ਦੇ ਵਾਸੀ ਹੁੰਦੇ ਹਨ।

ਗੁਰੂ ਹਰਿ ਮੈਲਾ ਭੇਦ ਕਛਿ ਕਹਯੋ ਆਪ ਸੁਜਾਨ॥
ਨਿਹਚੈ ਕਰ ਗੁਰ ਚਰਨ ਭੁਜ ਹੋਵਤ ਹੈ ਕਲਿਆਨ॥

ਸਤਿਗੁਰੂ ਰਵਿਦਾਸ ਜੀ ਅੰਮ੍ਰਿਤਬਾਣੀ ਵਿਚ ਫ਼ਰਮਾ ਰਹੇ ਹਨ ਗੁਰੂ ਜੋ ਹਰਿ ਦਾ ਨਾਮ ਜੱਪਦਿਆਂ ਆਪਣੇ ਸੇਵਕਾਂ ਤੋਂ ਹਰਿ ਦਾ ਜਾਪ ਕਰਾਓਂਦਾ ਹੈ, ਹਰਿ ਰੂਪੀ ਸੱਚ ਨੂੰ ਸਮਝ ਕੇ ਮੰਨ ਕੇ ਸਾਰੇ ਸੰਸਾਰ ਨੂੰ ਸਮਝਾਉਣ ਨੂੰ ਤੁਰ ਪਿਆ ਹੈ। ਅਜਿਹੇ ਗੁਰੂ ਦੇ ਚਰਨਾਂ ਵਿਚ ਸਿਰ ਝੁਕਾਉਣ ਵਾਲਿਆਂ ਦਾ ਕਲਿਆਣ ਹੁੰਦਾ ਹੈ। ਹਰਿ ਨੂੰ ਸਿਮਰਦਾ ਹਰਿ ਦੀ ਗੋਦ ਵਿਚ ਬੈਠਾ ਗੁਰੂ ਵੀ ਹਰਿ ਦਾ ਹੀ ਰੂਪ ਹੋ ਜਾਂਦਾ ਹੈ। ਹੇ ਜੀਵ! ਜੇ ਹਰਿ ਵੇਖਣਾ ਹੈ ਤਾਂ ਗੁਰੂ ਦੇ ਗਿਆਨ ਨੂੰ ਮੰਨ ਲੈ। ਜੱਪ ਲੈ ਹਰਿ ਨਾਮ।

ਸਰਬ ਕਰਮ ਕੋ ਤਿਆਗ ਕਰ
ਹਰਿ ਗੁਰ ਜਪ ਦਿਨ ਰੈਨ॥

ਸਾਰੇ ਸੰਸਾਰੀ ਕਰਮਾਂ ਨੂੰ ਤਿਆਗ ਦੇ, ਕਰਮਕਾਂਡੀ ਪੂਜਾ ਭਗਤੀ ਦਾ ਤਿਆਗ ਕਰ ਦੇ ਤੇ ਹਰਿ ਨੂੰ ਜੱਪ ਦਿਨ ਰਾਤ, ਅੱਠੋ ਪਹਿਰ ਹਰਿ ਨੂੰ ਜੱਪ ਲੈ। ਹਰ ਸਾਹ ਤੇ ਹਰਿ ਹਰਿ ਚਲਦਾ ਰਹਿਣਾ ਚਾਹੀਦਾ ਹੈ। ਇਕ ਖਸਮ ਦੀ ਬਾਣੀ ਨੂੰ ਮਨ ਹਿਰਦੇ'ਚ ਵਸਾ ਕੇ ਚੱਲਣਾ ਹੈ।

ਕਹਿ ਰਵਿਦਾਸ ਭਜ ਹਰਿ ਨਾਮ
ਪ੍ਰਭੂ ਸੋ ਧਿਆਨ ਸਫਲ ਸਭ ਕਾਮ॥

ਹਰਿ ਦਾ ਸਿਮਰਨ ਕਰਨ ਨਾਲ, ਹਰਿ ਹਰਿ ਨਾਮ ਜੱਪਣ ਨਾਲ ਸਾਰੇ ਕਾਰਜ ਸਫਲ ਹੋ ਜਾਂਦੇ ਹਨ। ਹਰਿ ਆਪਣੇ ਸੇਵਕਾਂ ਦੇ ਕਾਰਜ ਖੁਦ ਸਵਾਰਦਾ ਆਇਆ ਹੈ।

"ਹਰਿ ਹਰਿ ਨਾਮ ਧਿਆਉ ਸਦਾ ਮਨ ਪ੍ਰੇਮ ਕਰ

ਲੋਭ ਮੋਹ ਹੰਕਾਰ ਦੂਤ ਜੰਮ ਦੂਰ ਹਰਿ।।
ਸੱਚ ਸ਼ੀਲ ਸੰਤੋਖ ਸਦਾ ਦ੍ਰਿੜ ਕੀਜੀਏ
ਅੰਮ੍ਰਿਤ ਹਰਿ ਕਾ ਨਾਮ ਪ੍ਰੇਮ ਕਰ ਪੀਜੀਏ"।।

ਸਤਿਗੁਰੂ ਰਵਿਦਾਸ ਜੀ ਦੀ ਅੰਮ੍ਰਿਤਬਾਣੀ ਮਾਰਗ ਦੇ ਰਹੀ ਹੈ।ਭਟਕੇ ਪਏ ਜੀਵ ਨੂੰ, ਅੰਧਕਾਰ ਵਿਚ ਡੁੱਬੇ ਸਮਾਜ ਨੂੰ, ਵਹਿਮਾਂ ਭਰਮਾਂ, ਵਿਸ਼ਿਆ ਵਿਕਾਰਾਂ ਰੂਪੀ ਹਨੇਰਿਆ ਵਿਚ ਗੁਆਚੇ ਮਨ ਤੇ ਹਰਿ ਦਾ ਚਾਨਣ ਕਰਨ ਦਾ ਸੁਨੇਹਾ ਦੇ ਰਹੀ ਹੈ।ਹਰਿ ਹਰਿ ਦਾ ਨਾਮ ਧਿਆਉਣ ਨਾਲ ਸਦਾ ਸਦਾ ਲਈ ਮਨ ਪ੍ਰੇਮ ਦਾ ਪੁਜਾਰੀ ਹੋ ਜਾਂਦਾ ਹੈ।ਲੋਭ, ਮੋਹ, ਹੰਕਾਰ ਆਦਿ ਵਿਸ਼ਿਆ ਵਿਕਾਰਾਂ ਨੂੰ ਕੋਈ ਥਾਂ ਨਹੀਂ ਮਿਲਦੀ ਜਦੋਂ ਹਰਿ ਦਾ ਵਾਸ ਹੁੰਦਾ ਹੈ।ਹਰਿ ਦਾ ਨਾਮ ਜੱਪਣ ਨਾਲ, ਸੱਚ, ਸ਼ੀਲ, ਸੰਤੋਖ ਭਾਵ ਹੋਰ ਦ੍ਰਿੜ ਹੋ ਜਾਂਦੇ ਹਨ।ਹਰਿ ਅਨੇਕਾਂ ਗੁਣਾਂ ਦੀ ਰਹਿਮਤ ਹੈ।ਇਹ ਅੰਮ੍ਰਿਤ ਹਰਿ ਦੇ ਨਾਮ ਦਾ ਪ੍ਰੇਮ ਕਰਕੇ ਪੀਵੋ।ਐਸਾ ਅੰਮ੍ਰਿਤ ਵਿਸ਼ਿਆ- ਵਿਕਾਰਾਂ ਰੂਪੀ ਜ਼ਹਿਰ ਨੂੰ ਮਾਰ ਮੁਕਾਉਂਦਾ ਏ।

ਬਿਨ ਹਰਿ ਨਾਮ ਨ ਧਾਰ ਕੁਛਹੁ ਸੰਸਾਰ ਹੈ
ਹਰਿ ਕਾ ਨਾਮ ਧਿਆਵੈ ਭਵਿ ਨਿਧ ਪਾਰ ਹੈ।।

ਇਹ ਸੰਸਾਰ ਦੀ ਸਾਰੀ ਰਚਨਾ ਹਰਿ ਦੀ ਬਣਾਈ ਰਚਨਾ ਹੈ।ਹਰਿ ਬਿਨਾਂ ਇਸ ਸੰਸਾਰ ਦੀ ਬਣਤਰ ਵਿਚ, ਪਾਲਣ ਵਿਚ ਕੋਈ ਦਖ਼ਲ ਨਹੀਂ ਕਰ ਪਾਉਂਦਾ।ਹਰਿ ਦੇ ਨਾਮ ਬਿਨਾਂ ਸੰਸਾਰ ਵਿਚ ਕੁਝ ਵੀ ਨਹੀਂ ਹੈ।ਹਰਿ ਨਾਮ ਧਿਆਉਣ ਨਾਲ ਭਵ-ਸਾਗਰ ਤੋਂ ਪਾਰ ਹੋਇਆ ਜਾਂਦਾ ਹੈ।

ਮੰਗਲ ਮਹਾ ਸੋ ਮੰਗਲ ਹਰਿ ਹਰਿ ਨਾਮ ਹੈ।
ਆਠ ਪਹਿਰ ਮੁੱਖ ਜਪੋ, ਇਹੀ ਸ਼ੁੱਭ ਕਾਮ ਹੈ।।

ਜਿੰਨਾ ਹੋ ਸਕੇ ਹਰਿ ਹਰਿ ਨਾਮ ਜੱਪਣਾ ਚਾਹੀਦਾ ਹੈ।ਕੇਵਲ ਹਰਿ ਦਾ ਨਾਮ ਹੈ ਜਿਸ ਨੂੰ ਦਿਨ ਰਾਤ ਅੱਠੋ ਪਹਿਰ ਜੱਪਣਾ ਚਾਹੀਦਾ ਹੈ।ਅੱਠੋ ਪਹਿਰ ਮੁੱਖ ਤੇ ਹਰਿ ਹਰਿ ਨਾਮ ਰਹਿਣਾ ਚਾਹੀਦਾ।ਇਸ ਤੋਂ ਵੱਡਾ ਕੋਈ ਸ਼ੁੱਭ ਕੰਮ ਨਹੀਂ ਹੈ।

ਹਰਿ ਪੂਰਨ ਪ੍ਰਮਾਤਮਾ ਨਿਰਧਨ ਅਪਾਰ।
ਸਰਬ ਵਿਆਪੀ ਪ੍ਰਭੂ ਹੈ ਤੂੰ ਨਾ ਕਬੀ ਵਿਸਾਰ।।

ਸਰਬ-ਵਿਆਪੀ ਪ੍ਰਭੂ 'ਹਰਿ' ਨੂੰ ਸਿਮਰ ਲੈ, ਮੁਕਤੀ ਚਾਹੁੰਦਾ ਹੈ ਸਦਾ ਯਾਦ ਰੱਖ ਉੱਠਦਾ, ਬਹਿੰਦਾ ਹਰਿ ਦੀ ਧੁੰਨ ਵੱਜਦੀ ਰਹਿੰਦੀ ਹੈ।ਕੋਈ ਕੰਮ ਵੀ ਕਰ, ਤੂੰਬੇ ਦੀ ਤਾਰ ਉਥੇ ਹਰਿ ਹਰਿ ਵਿਚ ਵੱਜਦੀ ਰਹੇ।ਬਸ ਹਰਿ ਪ੍ਰਭੂ ਨੂੰ ਕਦੀ ਨਾ ਵਿਸਾਰੀਂ।ਹਰਿ ਦੇ ਨਾਮ ਦੀ ਮਹਿਮਾ ਅੰਮ੍ਰਿਤਬਾਣੀ ਵਿਚ ਭਰੀ ਪਈ ਹੈ।

ਹਰਿ ਜਪਤ ਤੇਊ ਜਨਾ ਪਦਮ ਕਵਲਾਸ ਪਤਿ
ਤਾਸ ਸਮ ਤੁਲਿ ਨਹੀਂ ਆਨ ਕੋਊ।।
ਏਕ ਹੀ ਏਕ ਅਨੇਕ ਹੋਇ ਬਿਸਥੀਰਓ
ਆਨ ਰੇ ਆਨ ਭਰਪੂਰਿ ਸੋਊ।।

ਹਰਿ ਦਾ ਸੱਚਾ ਨਾਮ ਇੰਨਾ ਸ਼ਕਤੀਸ਼ਾਲੀ ਹੈ ਕਿ ਜੋ ਜੀਵ ਹਰਿ ਦਾ ਨਾਮ ਜੱਪਦਾ ਹੈ ਉਸ ਦੀ ਬਰਾਬਰੀ ਵਿਸ਼ਨੂੰ, ਸ਼ਿਵ ਤੇ ਹੋਰ ਕੋਈ ਨਹੀਂ ਕਰ ਸਕਦਾ।ਉਹ ਪ੍ਰਭੂ ਇਕ ਤੋਂ ਅਨੇਕਾਂ ਰੂਪ'ਚ ਬਿਰਾਜਮਾਨ ਹੈ।ਐਸਾ ਸ਼ਕਤੀਸ਼ਾਲੀ ਹਰਿ ਨਾਮ ਜੱਪ ਲੈ ਜੋ



ਭਵ-ਸਾਗਰ ਤੋਂ ਪਾਰ ਕਰ ਦਿੰਦਾ ਹੈ।ਵਿਸ਼ਿਆਂ ਵਿਕਾਰਾਂ ਦੀ ਸਮਝ ਪਾ ਦਿੰਦਾ ਹੈ।ਸਹੀ ਗਲਤ ਦਾ ਰਾਹ ਨਜਰ ਆ ਜਾਂਦਾ ਹੈ, ਸੱਚਾ ਨਾਮ ਜਦ ਮਨ ਤੇ ਉਤਰਦਾ ਹੈ ਤਾਂ ਝੂਠੇ ਪਸਾਰੇ ਲਹਿ ਜਾਂਦੇ ਹਨ।ਹਰਿ ਦਾ ਮਜੀਠੀ ਰੰਗ ਇਸ ਤਰ੍ਹਾਂ ਚੜ੍ਹ ਜਾਂਦਾ ਹੈ ਜੋ ਕਦੇ ਵੀ ਨਹੀਂ ਉਤਰਦਾ।ਇਹ ਹਰਿ ਦਾ ਮਜੀਠੀ ਰੰਗ ਹਰਿ ਹਰਿ ਦੇ ਜਾਪ ਨਾਲ ਹੀ ਚੜ੍ਹਦਾ ਹੈ ਤੇ ਮਹਾਂਪੁਰਸ਼ਾ ਦੀ ਸੰਗਤ ਵਿਚ ਹੀ ਪ੍ਰਾਪਤ ਹੁੰਦਾ ਹੈ।

ਜੋ ਦਿਨ ਆਵਹਿ ਸੋ ਦਿਨ ਜਾਹਿ
ਕਰਨਾ ਕੂਚ ਰਹਨੁ ਥਿਰ ਨਾਹੀ।।
ਸੰਗ ਚਲਤ ਹੈ ਹਮ ਭੀ ਚਲਨਾ
ਦੂਰ ਗਵਨ ਸਿਰ ਊਪਰਿ ਮਰਨ।।
ਕਿਆ ਤੂੰ ਸੋਇਆ ਜਾਗ ਇਆਨਾ
ਤੈ ਜੀਵਨ ਜਗਿ ਸਚੁ ਕਰਿ ਜਾਨਾ।।

ਜੋ ਦਿਨ ਆ ਰਿਹਾ ਹੈ ਉਹ ਡੁੱਬਦਾ ਜਾ ਰਿਹਾ ਹੈ।ਜੀਵ ਦੀ ਵੀ ਦਿਨ- ਬ ਦਿਨ ਉਮਰ ਘਟਦੀ ਜਾ ਰਹੀ ਹੈ।ਸਭ ਨੇ ਸੰਸਾਰ ਨੂੰ ਛੱਡ ਜਾਣਾ ਹੈ।ਇਹ ਸੰਸਾਰ ਸਥਿਰ ਰਹਿਣ ਵਾਲਾ ਨਹੀਂ ਹੈ।ਸੰਗੀ ਸਾਥੀ ਸੰਸਾਰ ਤੋਂ ਜਾ ਰਹੇ ਹਨ ਅਸੀਂ ਵੀ ਇਕ ਦਿਨ ਸੰਸਾਰ ਤੋਂ ਜਾਣਾ ਹੈ।ਇਹ ਮੌਤ ਸਦਾ ਸਿਰ ਤੇ ਖੜ੍ਹੀ ਹੈ।ਇਹ ਸੰਸਾਰੀ ਜੀਵ ਅਗਿਆਨਤਾ ਰੂਪੀ ਨੀਂਦ ਵਿਚ ਸੁੱਤਾ ਪਿਆ ਸੰਸਾਰ ਨੂੰ ਸੱਚ ਸਮਝੀ ਬੈਠਾ ਹੈ ਜੋ ਅਸਲ ਵਿਚ ਨਾਸ਼ਵਾਨ ਹੈ।ਇਸੇ ਲਈ-

ਕਰਿ ਬੰਦਿਗੀ ਛਾਡਿ ਮੈ ਮੇਰਾ
ਹਿਰਦੈ ਨਾਮੁ ਸਮਾਰਿ ਸਵੇਰਾ।।

ਹੇ ਜੀਵ! ਇਸ ਨਾਸ਼ਵਾਨ ਸੰਸਾਰ ਨੂੰ ਛੱਡ ਦੇ, ਝੂਠੀ ਆਸ ਨਾ ਰੱਖ, ਮੈਂ ਮੇਰੀ ਦੇ ਹੰਕਾਰ ਨੂੰ ਛੱਡ ਦੇ, ਇਕ ਪ੍ਰਭੂ ਦੀ ਬੰਦਗੀ ਕਰ, ਅੰਮ੍ਰਿਤ ਵੇਲੇ ਉੱਠ ਕੇ ਹਿਰਦੇ ਵਿਚ ਹਰਿ ਦਾ ਸਿਮਰਨ ਕਰਿਆ ਕਰ ਕਿਉਂਕਿ

ਹਰਿ ਹਰਿ ਨਾਮ ਜਪਦਿਆ ਕਦੀ ਨਾ ਆਵੇ ਹਾਰ।।

ਹਰਿ ਹਰਿ ਦੇ ਨਾਮ ਤੋਂ ਬਿਨਾਂ ਇਸ ਸੰਸਾਰ ਦਾ ਜੀਵ ਹਾਰ ਜਾਂਦਾ ਹੈ।ਸਤਿਗੁਰੂ ਆਪਣੀ ਅੰਮ੍ਰਿਤਬਾਣੀ ਰਾਹੀਂ ਉਪਦੇਸ਼ ਦੇ ਰਹੇ ਹਨ ਕਿ ਇਸ ਸਮੇਂ ਨੂੰ ਗਵਾ ਨਾ ਇਹ ਸਮਾਂ ਬਹੁਤ ਕੀਮਤੀ ਹੈ।ਜੇ ਤੂੰ ਜੀਵਨ ਦੀ ਬਾਜੀ ਜਿੱਤਣੀ ਹੈ ਤਾਂ ਹਰਿ ਹਰਿ ਨਾਮ ਜੱਪ।ਜਿਸ ਦੇ ਸੱਚੇ ਨਾਮ ਕਰਕੇ ਤੈਨੂੰ ਕਦੇ ਵੀ ਹਾਰ ਨਹੀਂ ਮਿਲੇਗੀ।ਤਨ ਮਨ ਹਰਿ ਨੂੰ ਸਮਰਪਿਤ ਕਰਕੇ ਹਰਿ ਨਾਮ ਦੇ ਡੂੰਘੇ ਸਾਗਰਾਂ ਵਿਚ ਤੈਰਨਾ ਹੈ ਤਾਂ ਹਰਿ ਨੂੰ ਸਿਮਰ ਲੈ।

ਹਰਿ ਨੂੰ ਯਾਦ ਕਰਨਾ, ਹਰਿ ਦੀ ਅਰਾਧਨਾ ਕਰਨਾ, ਹਰਿ ਪ੍ਰਭੂ ਨੂੰ ਸਿਮਰਨਾ ਇਕੋ ਇਕ ਮਾਰਗ ਹੈ ਜੋ ਸਾਡੀ ਮੁਕਤੀ ਦਾ ਮਾਰਗ ਹੈ।ਇਸ ਮਾਰਗ ਤੇ ਚੱਲ ਕੇ ਅਸੀਂ ਮੁਕਤੀ ਪ੍ਰਾਪਤ ਕਰ ਸਕਦੇ ਹਾਂ।ਇਸ ਮਾਰਗ ਤੋਂ ਹੱਟ ਕੇ ਮੁਕਤੀ ਤਾਂ ਕੀ ਅਸੀਂ ਕੁਝ ਵੀ ਹਾਸਿਲ ਨਹੀਂ ਕਰ ਸਕਦੇ।ਪਾਰਬ੍ਰਹਮ ਪ੍ਰਭੂ ਪਰਮੇਸ਼ਵਰ ਜਿਸ ਨੂੰ ਜਗਤਗੁਰੂ ਰਵਿਦਾਸ ਜੀ ਮਹਾਰਾਜ ਨੇ ਆਪਣੀ ਅੰਮ੍ਰਿਤਬਾਣੀ ਵਿਚ 'ਹਰਿ' ਨਾਮ ਨਾਲ ਯਾਦ ਕੀਤਾ ਹੈ।ਸਵਾਸ ਸਵਾਸ ਸਿਮਰਿਆ ਹੈ।ਅੱਜ ਸਾਡਾ ਫਰਜ਼ ਬਣਦਾ ਹੈ ਕਿ ਆਪਣੇ ਪਿਤਾ ਸਤਿਗੁਰੂ ਰਵਿਦਾਸ ਜੀ ਦੀ ਸਿੱਖਿਆ ਨੂੰ ਆਪ ਮੰਨ ਕੇ ਦੁਨੀਆਂ ਸਾਹਮਣੇ ਰੱਖੀਏ।ਜਿੰਨਾ

ਚਿਰ ਅਸੀਂ ਅੰਮ੍ਰਿਤਬਾਣੀ ਨੂੰ ਅਮਲਾਂ ਵਿਚ ਨਹੀਂ ਉਤਾਰਦੇ ਉਨਾ ਚਿਰ ਸਾਡਾ ਜੀਵਨ ਬੇਅਰਥ ਹੈ। ਇਹ ਸੱਚ ਸਾਨੂੰ ਮੰਨ ਲੈਣਾ ਚਾਹੀਦਾ ਹੈ। ਸਾਡੀ ਮੁਕਤੀ ਦਾ ਆਧਾਰ ਹਰਿ ਨਾਮ ਹੈ। ਸੱਚੇ ਨਾਮ ਬਿਨਾਂ ਸਾਡੀ ਮੁਕਤੀ, ਸਾਡੇ ਸਮਾਜ ਦਾ ਕਲਿਆਣ ਨਹੀਂ ਹੈ।

*************

# "ਹਰਿ ਦੁੱਖਾ ਦਾ ਨਿਬਾਰਨ"

ਸਤਿਗੁਰੂ ਰਵਿਦਾਸ ਜੀ ਆਪਣੀ ਅੰਮ੍ਰਿਤ ਬਾਣੀ ਵਿੱਚ ਮਨੁੱਖ ਨੂੰ ਸੱਚੇ ਪ੍ਰਭੂ ਦੇ ਸੱਚੇ ਨਾਮ ਦੀ ਸ਼ਰਣ ਵਿੱਚ ਜਾਣ ਦਾ ਸੱਚਾ ਮਾਰਗ ਦਿਖਾ ਰਹੇ ਹਨ। ਸੰਸਾਰ ਵਿੱਚ ਵਿਚਰਦੇ ਜੀਵ ਆਪਣੀਆ ਇੱਛਾਵਾਂ, ਮਨੋਕਾਮਨਾਵਾਂ ਦੇ ਪ੍ਰਭਾਵ ਵਿੱਚ ਜਾ ਕੇ ਪ੍ਰਭੂ ਦੇ ਸੱਚੇ ਨਾਮ ਤੋਂ ਦੂਰੀ ਬਣਾ ਕੇ ਬੇਹੱਦ ਦੁੱਖ ਪੀੜਾ ਪਾ ਲੰਦੇ ਹਨ। ਜਦੋਂ ਅਸੀਂ ਨਜ਼ਰ ਉਠਾ ਕੇ ਦੇਖਦੇ ਹਾਂ ਕਿ ਇਸ ਸੰਸਾਰ ਵਿੱਚ ਅਣਗਿਣਤ ਲੋਕ ਹਨ। ਜੋ ਦੁੱਖਾਂ ਦੀ ਮਾਰ ਸਹਿ ਰਹੇ ਹਨ। ਗਰੀਬ ਹੋਣ ਜਾਂ ਅਮੀਰ, ਰਾਜਾ ਹੋਵੇ ਜਾ ਰੰਕ ਸਭ ਹੀ ਦੁੱਖ ਤੋਂ ਦੁਖੀ ਹਨ। ਹਰ ਕੋਈ ਚਾਹੁੰਦਾ ਹੈ ਕਿ ਮੇਰੇ ਘਰ ਸੁੱਖ ਵਸੇ। ਕੋਈ ਵੀ ਐਸਾ ਵਿਅਕਤੀ ਨਹੀਂ ਹੈ ਜੋ ਇਹ ਚਾਹੁੰਦਾ ਹੋਵੇ ਕਿ ਉਹ ਸੁਖੀ ਨਾ ਹੋਵੇ। ਭਗਵਾਨ ਬੁੱਧ ਜੀ ਨੇ ਕਿਹਾ ਹੈ ਕਿ ਦੁੱਖ ਹੈ, ਦੁੱਖਾਂ ਦਾ ਕਾਰਨ ਹੈ। ਦੁੱਖਾਂ ਦਾ ਕਾਰਨ ਤਲਾਸ਼ ਕਰਕੇ ਦੂਰ ਕਰੋ ਦੁੱਖ ਖ਼ਤਮ ਹੋ ਜਾਣਗੇ। ਆਦਿ ਤੋਂ ਲੈ ਕੇ ਅੱਜ ਤੱਕ ਵਿਅਕਤੀ ਦੁੱਖਾਂ ਤੋਂ ਨਿਜਾਤ ਨਹੀਂ ਪਾ ਸਕਿਆ। ਇਹ ਸਚਾਈ ਹੈ ਕਿ ਅੰਮ੍ਰਿਤ ਨਾਲ ਜ਼ਹਿਰ ਵੀ ਹੁੰਦਾ ਹੈ। ਸੁੱਖ ਦਾ ਆਨੰਦ ਮਾਨਣ ਵਾਲੇ ਵਿਅਕਤੀ ਨੂੰ ਦੁੱਖ ਦਾ ਰੰਗ ਦੇਖਣਾ ਪੈਂਦਾ ਹੈ। ਵਿਸ਼ਵ ਭਰ ਵਿੱਚ ਅੱਜ ਤੱਕ ਕੋਈ ਐਸਾ ਵਿਅਕਤੀ ਨਹੀਂ ਹੋਇਆ ਜਿਸ ਨੇ ਕੇਵਲ ਸੁੱਖ ਹੀ ਸੁੱਖ ਮਾਣਿਆ ਹੋਵੇ। ਦੁੱਖਾਂ ਤੋਂ ਮਕਤੀ ਹਰ ਵਿਆਕਤੀ ਚਾਹ ਰਿਹਾ ਹੈ ਪਰ ਦੁੱਖ ਤੋਂ ਮੁਕਤੀ ਕਿਵੇਂ ਹੋਵੇ ਇਹ ਕੋਈ ਨਹੀਂ ਸੋਚ ਰਿਹਾ। ਦੁੱਖ ਦੂਰ ਕਰਨ ਵਾਲੀ ਇੱਕ ਐਸੀ ਦਵਾਈ ਸਤਿਗੁਰੂ ਰਵਿਦਾਸ ਜੀ ਅੰਮ੍ਰਿਤ ਬਾਣੀ ਵਿੱਚ ਦੇ ਗਏ ਨੇ ਜਿਸ ਨਾਲ ਦੁੱਖ ਤੋਂ ਮੁਕਤੀ ਪਾਈ ਜਾ ਸਕਦੀ ਹੈ। ਦੁੱਖ ਸਾਡੀਆਂ ਇੱਛਾਵਾਂ ਵਿੱਚੋਂ ਮਿਲਦੇ ਨੇ, ਦੁੱਖ ਵਿਕਾਰਾਂ ਵਿੱਚੋਂ ਮਿਲਦੇ ਨੇ ਅਤੇ ਸੁੱਖ ਸਤਿਗੁਰੂ ਦੀ ਦਇਆ ਹੋਵੇ ਤਾਂ ਸਬਰ ਵਿੱਚੋਂ ਮਿਲਦੇ ਨੇ।

ਜੋਬ ਬਸ ਰਾਖੈ ਇੰਦ੍ਰੀਆ ਸੁੱਖ ਦੁੱਖ ਸਮਝਿ ਸਮਾਨ।।
ਸੋਊ ਅੰਮ੍ਰਿਤ ਪਦ ਪਾਈਗੋ ਕਹਿ ਰਵਿਦਾਸ ਬਖਾਨ।।

ਜਿਹੜੇ ਜੀਵ ਆਪਣੀਆਂ ਇੰਦਰੀਆਂ ਤੇ ਕਾਬੂ ਰੱਖਦੇ ਹਨ। ਆਪਣੀਆਂ ਇੱਛਾਵਾਂ ਨੂੰ ਕੰਟਰੋਲ ਵਿੱਚ ਰੱਖਦੇ ਹਨ। ਉਹ ਸੁਖੀ ਜੀਵਨ ਜਿਉਂਦੇ ਹਨ। ਜੋ ਇੰਦਰੀਆਂ ਤੇ ਕਾਬੂ ਪਾ ਕੇ ਸੰਜਮ ਦਾ ਜੀਵਨ ਬਤੀਤ ਕਰਕੇ ਸੁੱਖ ਦੁੱਖ ਨੂੰ ਇੱਕ ਸਮਾਨ ਸਮਝ ਕੇ ਚਲਦੇ ਹਨ। ਜੋ ਸੁੱਖ ਦੁੱਖ ਵਿੱਚ ਪ੍ਰਭੂ ਦਾ ਹਰਿ ਨਾਮ ਜਪਦੇ ਹਨ, ਉਹ ਪਰਮਪਦ ਪ੍ਰਾਪਤ ਕਰ ਲੈਂਦੇ ਹਨ।

ਕਾਮ ਕ੍ਰੋਧ ਮੇ ਜਨਮ ਗੰਵਾਯੋ
ਸਾਧ ਸੰਗਤਿ ਮਿਲਿ ਰਾਮ ਨਾ ਗਯੋ।।

ਸੁੱਖਾਂ ਦਾ ਸਾਗਰ ਹਰਿ ਦਾ ਨਾਮ ਹੈ। ਹਰਿ ਦੇ ਨਾਮ ਬਿਨ ਸਾਰੇ ਪਦਾਰਥ ਝੂਠੇ ਹਨ। ਹਰਿ ਦਾ ਨਾਮ ਬਿਸਾਰ ਕੇ ਕਦੇ ਵੀ ਸੁੱਖ ਨਹੀਂ ਮਿਲਦਾ। ਜੀਵ ਪ੍ਰਭੂ ਨੂੰ ਭੁਲਾ ਕੇ ਕਾਮ ਕ੍ਰੋਧ ਆਦਿ ਵਿਸ਼ੇ ਵਿਕਾਰਾਂ ਵਿੱਚ ਜਨਮ ਗਵਾ ਲੈਂਦਾ ਹੈ, ਸਾਰੀ ਉਮਰ ਰੋਂਦਾ ਹੈ ਦੁੱਖਾਂ ਦਾ



ਰੋਣਾ ਪਰ ਸੰਤਾਂ ਦੀ ਸੰਗਤ ਵਿੱਚ ਸੁੱਖਾਂ ਦੀ ਪ੍ਰਾਪਤੀ ਹੁੰਦੀ ਹੈ, ਹਰਿ ਨਾਮ ਦੀ ਮਹਿਮਾ ਨਹੀਂ ਗਾਈ ਜਿਸ ਵਿੱਚੋਂ ਸਦੀਵੀ ਆਨੰਦ ਮਿਲਦਾ ਹੈ। ਪ੍ਰਭੂ ਦੇ ਸੱਚੇ ਨਾਮ ਦੇ ਬਿਨਾਂ ਦੁੱਖ ਹੀ ਦੁੱਖ ਹੈ। ਸੁੱਖ ਤਾਂ ਸਾਰੇ ਪ੍ਰਭੂ ਦੀ ਸੱਚੀ ਸ਼ਰਨ ਵਿੱਚ ਹੈ। ਜੀਵ ਸੁੱਖ ਤਾਂ ਪ੍ਰਭੂ ਦੀ ਬੰਦਗੀ ਕਰਕੇ ਹੀ ਮਾਣਦਾ ਹੈ। ਹਰਿ ਦਾ ਨਾਮ ਜਪ। ਜੋ ਸਤਿਗੁਰੂ ਰਵਿਦਾਸ ਜੀ ਮਹਾਰਾਜ ਅੰਮ੍ਰਿਤ ਬਾਣੀ ਵਿੱਚ ਫ਼ਰਮਾ ਰਹੇ ਹਨ।

ਰਾਖਉ ਕੰਧ ਉਸਾਰਹੁ ਨੀਵਾਂ।।
ਸਾਢੇ ਤੀਨ ਹਾਥ ਤੇਰੀ ਸੀਵਾਂ।।

ਜਦੋਂ ਜੀਵ ਮਾਇਆ ਪਿੱਛੇ ਭੱਜਦਾ ਹੈ। ਚੰਗੇ ਮਾੜੇ ਦਾ ਫਰਕ ਨਹੀਂ ਰੱਖਦਾ ਹੈ। ਧੰਨ ਦੌਲਤ ਦੇ ਅੰਬਾਰ ਤੇ ਬੈਠਣਾ ਚਾਹੁੰਦਾ ਹੈ, ਕਦੇ-ਕਦੇ ਤਾਂ ਬੈਠ ਵੀ ਜਾਂਦਾ ਹੈ। ਪੂਰੀ ਧਰਤੀ ਦਾ ਰਾਜਾ ਬਨਣਾ ਲੋਚਦਾ ਹੈ। ਸਾਰੀ ਉਮਰ ਪ੍ਰਭੂ ਨੂੰ ਵਿਸਾਰ ਕੇ ਇੰਞ ਹੀ ਨੱਸਦਾ ਰਹਿੰਦਾ ਹੈ ਪਰ ਅੰਤ ਜਦੋਂ ਮੌਤ ਆਉਂਦੀ ਹੈ ਤਾਂ ਚਾਹੇ ਕੋਈ ਵੀ ਹੋਵੇ ਸਿਰਫ ਸਾਢੇ ਤਿੰਨ ਹੱਥ ਧਰਤੀ ਹੀ ਨਸੀਬ ਹੁੰਦੀ ਹੈ। ਸਤਿਗੁਰੂ ਜੀਵ ਨੂੰ ਸਮਝਾ ਰਹੇ ਹਨ ਕਿ ਹੇ ਜੀਵ! ਸਮਾਂ ਰਹਿੰਦਿਆਂ ਤੂੰ ਸਮੇਂ ਨੂੰ ਸੰਭਾਲ ਲੈ ਕਿਉਂਕਿ ਬਾਅਦ ਵਿੱਚ ਗੁਜਰਿਆ ਵੇਲਾ ਹੱਥ ਨਹੀਂ ਆਉਂਦਾ।

ਮਾਟੀ ਕੋ ਪੁਤਰਾ ਕੈਸੇ ਨਚਤੁ ਹੈ
ਦੇਖੈ ਦੇਖੈ ਸੁਨੈ ਬੋਲੈ ਦਉਰਿਉ ਫਿਰਤ ਹੈ।।
ਜਬ ਕੁਛ ਪਾਵੈ ਤਬ ਗਰਬੁ ਕਰਤ ਹੈ
ਮਾਇਆ ਗਈ ਤਬ ਰਵਨੁ ਲਗਤ ਹੈ।।

ਪੰਜ ਤੱਤਾਂ ਤੋਂ ਬਣਿਆ ਹੋਇਆ ਜੀਵ ਆਪਣੇ ਸੰਸਾਰ ਵਿੱਚ ਆਉਣ ਦੇ ਮੂਲ ਮਨੋਰਥ ਭੁੱਲ ਹਰਿ ਦਾ ਨਾਮ ਭੁੱਲ ਕੇ ਮਾਇਆ ਵਿੱਚ ਫਸਿਆ ਫਿਰਦਾ ਹੈ। ਮਾਇਆ ਦੇ ਪ੍ਰਭਾਵ ਵਿੱਚ ਰਹਿੰਦਾ ਹੈ। ਮਾਇਆ ਵੱਲ ਵੇਖ ਕੇ ਬੜਾ ਖੁਸ਼ ਹੁੰਦਾ ਹੈ। ਮਾਇਆ ਬਾਰੇ ਸੁਨਣਾ ਜਾਨਣਾ ਚੰਗਾ ਲੱਗਦਾ ਹੈ। ਜਦੋਂ ਜੀਵ ਮਾਇਆ ਪ੍ਰਾਪਤ ਕਰ ਲੈਂਦਾ ਹੈ ਤਾਂ ਮਾਇਆ ਦਾ ਹੰਕਾਰ ਕਰ ਲੈਂਦਾ ਹੈ। ਜਦੋਂ ਮਾਇਆ ਹੱਥੋਂ ਨਿਕਲ ਜਾਂਦੀ ਹੈ ਤਾਂ ਰੋਂਦਾ ਹੈ ਦੁਖੀ ਹੁੰਦਾ ਹੈ। ਦੁੱਖ ਸੁੱਖ ਇੱਕ ਸਮਾਨ ਹਨ ਸੁੱਖ ਵਿੱਚ ਵੀ ਪ੍ਰਭੂ ਨੂੰ ਯਾਦ ਕਰਨਾ ਹੈ ਅਤੇ ਦੁੱਖ ਵਿੱਚ ਉਸ ਅੱਗੇ ਫਰਿਆਦ ਕਰਨੀ ਹੈ ਕਿਉਂਕਿ ਉਹੀ ਕਸ਼ਟ ਨਿਵਾਰਕ ਹੈ ਉਸਦੀ ਮਿਹਰ ਦੀ ਨਜ਼ਰ ਸਭ ਦੁੱਖਾਂ ਨੂੰ ਖਤਮ ਕਰ ਦਿੰਦੀ ਹੈ। ਐਸੇ ਸੁੱਖ ਦਿੰਦੀ ਹੈ ਕਿ ਆਨੰਦ ਹੀ ਆਨੰਦ ਰਹਿੰਦਾ ਹੈ। ਸਦਾ ਯਾਦ ਰਹੇ ਕਿ ਅੰਮ੍ਰਿਤ ਬਾਣੀ ਕਹਿ ਰਹੀ ਹੈ।

ਇਹ ਜਗ ਦੁੱਖ ਕੀ ਖੇਤਰੀ, ਇਹ ਜਾਨਤ ਸਭ ਰੋਇ।।
ਗਿਆਨੀ ਕਾਟਹਿ ਹਰਿ ਨਾਮ ਸੇ, ਮੂਰਕ ਕਾਟਹਿ ਰੋਇ।।

ਇਹ ਸੰਸਾਰ ਦੁੱਖਾਂ ਦੀ ਖੇਤੀ ਹੈ। ਇਸ ਗੱਲ ਨੂੰ ਹਰ ਕੋਈ ਜਾਣਦਾ ਹੈ। ਗਿਆਨੀ ਪੁਰਖ ਪ੍ਰਭੂ ਦੇ ਨਾਮ ਦਾ ਸਹਾਰਾ ਲੈ ਕੇ ਹਰਿ ਨਾਮ ਨੂੰ ਜਪ ਕੇ ਆਪਣੇ ਦੁੱਖ ਕੱਟ ਲੈਂਦਾ ਹੈ ਅਤੇ ਮੂਰਖ ਇਨਸਾਨ ਦੁੱਖ ਨੂੰ ਵੇਖ ਕੇ ਰੋਂਦਾ ਹੈ। ਸੁੱਖ ਅਤੇ ਦੁੱਖ ਦੋਨੋਂ ਉਸ ਪ੍ਰਭੂ ਦੇ ਹਨ। ਜੇਕਰ ਅਸੀਂ ਸੁੱਖ ਮਾਨਣ ਦੇ ਇੱਛੁਕ ਹਾਂ ਤਾਂ ਦੁੱਖ ਨੂੰ ਬੀ ਸਮਝ ਕੇ ਉਸ ਤੋਂ ਮੁਕਤ ਹੋਣਾ ਪਵੇਗਾ। ਦੁੱਖ ਦਾ ਨਿਵਾਰਨ ਉਹ ਪ੍ਰਭੂ ਹਰਿ ਹੈ ਅਤੇ ਸੁੱਖ ਦਾ ਸਮੁੰਦਰ ਵੀ ਉਹ ਪ੍ਰਭੂ ਹਰਿ ਹੀ ਹੈ। ਹਰਿ ਦਾ ਸਿਮਰਨ ਕਰਦਿਆਂ ਸੁੱਖ- ਦੁੱਖ ਵਿੱਚ ਅੰਮ੍ਰਿਤ ਬਾਣੀ ਦੇ

ਜਾਪ ਕਰਨੇ ਹਨ। ਸਤਿਗੁਰੂ ਜੀ ਦੇ ਸੱਚੇ ਗਿਆਨ ਵਿੱਚ ਖ਼ੁਦ ਨੂੰ ਡੁਬੋ ਦੇਣਾ ਹੈ। ਸਤਿਗੁਰੂ ਰਵਿਦਾਸ ਜੀ ਦਾ ਸੱਚਾ ਗਿਆਨ ਹੀ ਸਾਡੀ ਮੁਕਤੀ ਦਾ ਦੁਆਰ ਹੈ।

***************

# "ਹਰਿ ਸਿਮਰਤ ਜਨ ਗਏ ਨਿਸਤਰਿ ਤਰੇ"

ਹਰਿ ਹਰਿ ਹਰਿ ਹਰਿ ਹਰਿ ਹਰਿ ਹਰੈ,
ਹਰਿ ਸਿਮਰਤ ਜਨ ਗਏ ਨਿਸਤਰਿ ਤਰੇ ।।
ਹਰਿ ਕੇ ਨਾਮ ਕਬੀਰ ਉਜਾਗਰ ,
ਜਨਮ ਜਨਮ ਕੇ ਕਾਟੇ ਕਾਗਰ।।
ਨਿਮਤ ਨਾਮਦੇਉ ਦੂਧ ਪੀਆਇਆ,
ਤਉ ਜਗ ਜਨਮ ਸੰਕਟ ਨਹੀਂ ਆਇਆ।।
ਜਨ ਰਵਿਦਾਸ ਰਾਮ ਰੰਗਿ ਰਾਤਾ,
ਇਉ ਗੁਰ ਪਰਸਾਦਿ ਨਰਕ ਨਹੀਂ ਜਾਤਾ।।

ਸਤਿਗੁਰੂ ਰਵਿਦਾਸ ਮਹਾਰਾਜ ਜੀ ਅੰਮ੍ਰਿਤ ਬਾਣੀ ਵਿੱਚ ਉਚਾਰਨ ਕਰਦੇ ਹਨ ਕਿ ਹਰਿ ਦਾ ਸੱਚਾ ਨਾਮ ਜਪਣ ਨਾਲ ਜੀਵ ਪੂਰਨ ਰੂਪ ਵਿੱਚ ਮੁਕਤ ਹੋ ਜਾਂਦਾ ਹੈ। ਸਤਿਗੁਰੂ ਰਵਿਦਾਸ ਜੀ ਮਹਾਰਾਜ ਸੰਸਾਰੀ ਜੀਵਾਂ ਨੂੰ ਸਮਝਾ ਰਹੇ ਹਨ ਕਿ ਹਰਿ ਦਾ ਨਾਮ ਜਪ। ਪ੍ਰਭੂ ਦਾ ਸੱਚਾ ਨਾਮ ਜਪਣ ਨਾਲ ਹੀ ਮੁਕਤ ਹੋਣਾ ਹੈ। ਹਰਿ ਦਾ ਨਾਮ ਜਪ ਕੇ ਪਹਿਲਾਂ ਵੀ ਸੰਸਾਰੀ ਜੀਵ ਮੁਕਤ ਹੋਏ ਹਨ ਅਤੇ ਅੱਗੋਂ ਵੀ ਮੁਕਤ ਹੋਣਗੇ। ਭਾਵ ਅਦਿ ਤੋਂ ਅੰਤ ਤੱਕ ਇੱਕ ਸੱਚਾ ਨਾਮ ਹੈ। ਜਿਸ ਨੂੰ ਜਪ ਕੇ ਭਵਸਾਗਰ ਤੋਂ ਪਾਰ ਹੋਇਆ ਜਾ ਸਕਦਾ ਹੈ। ਇਹ ਸੱਚਾ ਨਾਮ ਐਸਾ ਨਾਮ ਹੈ ਜਿਸ ਹਿਰਦੇ ਵਿੱਚ ਜਾਪ ਹੁੰਦਾ ਹੈ ਉਹ ਹਿਰਦਾ ਉਜਵਲ ਹੋ ਜਾਂਦਾ ਹੈ। ਪ੍ਰਭੂ ਦਾ ਸਵਾਸ-ਸਵਾਸ ਸਿਮਰਨ ਕਰਕੇ ਸੰਸਾਰੀ ਭਵਸਾਗਰ ਜੋ ਕਦੇ ਤਰਿਆ ਨਹੀਂ ਜਾ ਸਕਦਾ ਉਸ ਤੋਂ ਪਾਰ ਹੋਇਆ ਜਾ ਸਕਦਾ ਹੈ। ਪ੍ਰਮਾਤਮਾ ਦਾ ਸੱਚਾ ਨਾਮ ਜਪਣ ਵਾਲਿਆਂ ਨੂੰ ਵਿਸ਼ਵ ਵਿੱਚ ਪ੍ਰਸਿੱਧੀ ਪ੍ਰਾਪਤ ਹੋਈ ਹੈ। ਸਤਿਗੁਰੂ ਰਵਿਦਾਸ ਜੀ ਮਹਾਨ ਪਰਮ ਸੰਤ ਸਤਿਗੁਰੂ ਕਬੀਰ ਜੀ ਦੀ ਉਦਾਹਰਨ ਦਿੰਦੇ ਹੋਏ ਕਹਿ ਰਹੇ ਹਨ ਕਿ ਵੇਖ ਹਰਿ ਨਾਮ ਜਪ ਕੇ ਕਬੀਰ ਜੀ ਇਸ ਸੰਸਾਰ ਵਿੱਚ ਪ੍ਰਸਿੱਧ ਹੋਏ ਹਨ। ਜਿਹਨਾਂ ਮਹਾਨ ਸੰਤਾਂ ਨੇ ਆਪਣੇ ਤਾਂ ਜਨਮ ਜਨਮਾਂਤਰਾਂ ਦੇ ਹਿਸਾਬ ਕਿਤਾਬ ਕੱਟ ਹੀ ਦਿੱਤੇ ਸਗੋਂ ਸੰਸਾਰੀ ਲੋਕਾਂ ਨੂੰ ਏਕਤਾਂ, ਸਮਾਨਤਾ, ਭਾਈਚਾਰੇ ਦੀ ਲੜੀ ਵਿੱਚ ਪਰੋ ਕੇ ਹਰਿ ਦਾ ਸੱਚਾ ਨਾਮ ਜਪਾ ਕੇ ਭਵਸਾਗਰ ਤੋਂ ਮੁਕਤ ਕਰਾ ਦਿੱਤਾ ਹੈ। ਅੱਗੇ ਸਤਿਗੁਰੂ ਰਵਿਦਾਸ ਜੀ ਸੰਸਾਰੀ ਜੀਵਾ ਨੂੰ ਸਤਿਗੁਰੂ ਨਾਮਦੇਵ ਜੀ ਦੀ ਉਦਾਹਰਨ ਦੇ ਕੇ ਸਮਝਾ ਰਹੇ ਕਿ ਵੇਖ ਜਦੋਂ ਨਾਮਦੇਵ ਜੀ ਨੇ ਸਿਮਰਨ, ਏਕਤਾ, ਪ੍ਰੇਮ ਪਿਆਰ ਨਾਲ ਪ੍ਰਮਾਤਮਾ ਨੂੰ ਯਾਦ ਕੀਤਾ ਤਾਂ ਨਾਮਦੇਵ ਜੀ ਦੇ ਜਨਮ ਮਰਨ ਦੇ ਬੰਧਨ ਕੱਟੇ ਗਏ। ਪ੍ਰਮਾਤਮਾ ਨੂੰ ਪ੍ਰੇਮ ਵੱਸ ਹੋ ਕੇ ਆਪਣੇ ਸੇਵਕਾਂ ਦੇ ਕਾਰਜ ਸੰਵਾਰਨੇ ਪੈਂਦੇ ਹਨ। ਸਦਾ ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਜਿੱਥੇ ਪਿਆਰ ਹੈ ਉੱਥੇ ਪ੍ਰੇਮ ਹੈ, ਜਿੱਥੇ ਭਗਤੀ ਹੈ, ਜਿੱਥੇ ਅਦਬ ਹੈ ਸਤਿਕਾਰ ਹੈ ਉੱਥੇ ਪ੍ਰਭੂ ਆਪਣੇ ਪਿਆਰਿਆਂ ਦੀ ਬਾਂਹ ਫੜ੍ਹ ਕੇ ਪਾਰ ਕਰਾਉਂਦਾ ਹੈ। ਆਪਣੇ ਸੇਵਕਾਂ ਦੀ ਹਰ ਬੇਨਤੀ ਸਵਿਕਾਰ ਕਰਦਾ ਹੈ। ਬੇਨਤੀ ਪ੍ਰੇਮ ਪ੍ਰੀਤ ਅਤੇ ਦਿਲ ਦੀਆਂ ਭਾਵਨਾਵਾਂ ਭਰਪੂਰ ਹੋਵੇ। ਇਸ ਤਰ੍ਹਾਂ ਜਦੋਂ ਇਹ ਜੀਵ ਪ੍ਰਮਾਤਮਾ ਦੇ ਰੰਗ ਵਿੱਚ ਰੰਗਿਆ ਜਾਂਦਾ ਹੈ ਤਾਂ ਜੀਵ ਤੇ ਪ੍ਰਭੂ ਦੀ ਅਪਾਰ ਬਖਸ਼ਿਸ਼ ਹੋ



ਜਾਂਦੀ ਹੈ। ਜੀਵ ਗੁਰੂ ਦੀ ਕਿਰਪਾ ਸਦਕਾ ਨਰਕ ਵਿੱਚ ਨਹੀਂ ਜਾਂਦਾ। ਉਹ ਮੁਕਤ ਹੋ ਜਾਂਦਾ ਹੈ ਇਸ ਜਨਮ ਮਰਨ ਦੇ ਚੱਕਰਾਂ ਤੋਂ ਕਿਉਂਕਿ ਹਰਿ ਪੂਰਨ ਪ੍ਰਭੂ ਹੈ ਉਹ ਜੀਵ ਦੇ ਜਨਮ ਮਰਨ ਦੇ ਚੱਕਰ ਖਤਮ ਕਰਕੇ ਆਪਣੇ ਵਿੱਚ ਅਭੇਦ ਕਰ ਲੈਂਦਾ ਹੈ। ਸਾਨੂੰ ਸਤਿਗੁਰੂ ਰਵਿਦਾਸ ਜੀ ਦੀ ਅੰਮ੍ਰਿਤ ਬਾਣੀ ਯਾਦ ਦਿਲਾ ਰਹੀ ਹੈ ਸਮਝਾ ਰਹੀ ਹੈ ਕਿ ਸਤਿਗੁਰੂ ਕਬੀਰ ਜੀ, ਸਤਿਗੁਰੂ ਨਾਮਦੇਵ ਜੀ ਪ੍ਰਮਾਤਮਾ ਦਾ ਸੱਚਾ ਨਾਮ ਸਿਮਰ ਕੇ ਮੁਕਤ ਹੋ ਗਏ ਹਨ ਤੇ ਬੇਹਿਸਾਬੇ ਸੰਸਾਰੀ ਜੀਵਾਂ ਨੂੰ ਮੁਕਤ ਕਰ ਗਏ ਹਨ। ਜਿਹਨਾਂ ਨੇ ਉਹਨਾਂ ਮਹਾਪੁਰਸ਼ਾਂ ਦੇ ਬਚਨਾਂ ਤੇ ਅਮਲ ਕਰਕੇ ਉਹਨਾਂ ਦੇ ਦਰਸਾਏ ਮਾਰਗ ਤੇ ਚੱਲ ਕੇ ਸੱਚੇ ਪ੍ਰਭੂ ਪ੍ਰਮਾਤਮਾ ਦਾ ਸੱਚਾ ਨਾਮ ਜਪਿਆ ਹਰਿ ਦੀ ਅਪਾਰ ਬਖਸ਼ਿਸ਼ ਸਦਕਾ ਉਹ ਵੀ ਮੁਕਤੀ ਪਾ ਗਏ।

***********

# "ਹਰਿ ਸਿਮਰੈ ਸੋਈ ਸੰਤ ਬਿਚਾਰੋ"

ਸਤਿਗੁਰੂ ਰਵਿਦਾਸ ਜੀ ਅੰਮ੍ਰਿਤਬਾਣੀ ਵਿਚ ਫ਼ਰਮਾਉਦੇ ਹਨ 'ਹਰਿ ਨਾਮ' ਦੀ ਮਹਿਮਾ ਬੇਅੰਤ ਹੈ। ਹਰਿ ਦੀ ਬਣਾਈ ਸ੍ਰਿਸ਼ਟੀ ਵਿਚ ਹਰ ਜੀਵ ਨੂੰ ਇਹ ਹੱਕ ਅਧਿਕਾਰ ਹੈ ਹਰਿ ਹਰਿ ਨਾਮ ਜੱਪਣਾ। ਇਸ ਸੰਸਾਰ ਵਿਚ ਭੁੱਲੇ ਭਟਕੇ ਜੀਵ ਨੂੰ ਉਸ ਸੱਚ ਦੇ ਮਾਰਗ ਤੋਰਨ ਤੇ ਹਰਿ ਦੀ ਸੱਚੀ ਪੂਜਾ, ਵਿਸ਼ਿਆ ਵਿਕਾਰਾਂ ਤੋਂ ਮੋੜ ਕੇ ਸਤਿ ਮਾਰਗ ਤੇ ਲੈ ਕੇ ਆਉਣ ਦਾ ਕੰਮ ਰੱਬ ਦੇ ਮਹਾਨ ਸੰਤ ਕਰਦੇ ਹਨ। ਸਤਿਗੁਰੂ ਰਵਿਦਾਸ ਜੀ ਜੀਵ ਨੂੰ ਸੰਤ ਸਾਧੂ ਦੀ ਸੰਗਤ ਕਰਨ ਦਾ ਸੱਚਾ ਮਹਾਨ ਉਪਦੇਸ਼ ਦੇ ਰਹੇ ਹਨ।

ਹਰਿ ਸਿਮਰੈ ਸੋਈ ਸੰਤ ਬਿਚਾਰੋ
ਅਵਰ ਜਨਮ ਬੇਕਾਮ ਰਾਮ ਬਿਨ
ਕੋਟਿ ਜਨਮ ਸੋ ਉਪਰਿ ਬਾਰੋ। ।ਟੇਕ।।

ਸਤਿਗੁਰੂ ਰਵਿਦਾਸ ਜੀ ਨੇ ਸੰਤਾਂ ਦੀ ਸੰਗਤ ਕਰਨ ਦਾ ਸੱਚ ਉਪਦੇਸ਼ ਦਿੱਤਾ ਹੈ। ਜੋ ਸੰਤ ਪ੍ਰਭੂ ਦਾ ਹਰਿ ਸਿਮਰਨ ਕਰਦੇ ਹਨ ਉਹਨਾਂ ਸੰਤਾਂ ਦੇ ਚਰਨਾਂ ਕੰਵਲਾਂ ਤੋਂ ਜੀਵ ਨੂੰ ਸੌ ਜਨਮ ਵਾਰ ਦੇਣੇ ਚਾਹੀਦੇ ਹਨ। ਮਨੁੱਖਾ ਜਨਮ ਸੰਤਾਂ ਦੀ ਸੰਗਤ ਵਿਚ ਗੁਜ਼ਾਰ ਦੇਣਾ ਚਾਹੀਦਾ ਹੈ। ਸੰਤਾਂ ਦੀ ਸੱਚੀ ਸੰਗਤ ਕਰਕੇ ਜੀਵ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ (ਵਿਸ਼ੇ ਵਿਕਾਰਾਂ) ਤੋਂ, ਫੋਕੇ ਝੂਠੇ ਅਡੰਬਰਾਂ ਤੋਂ ਮੁਕਤ ਹੋ ਜਾਂਦਾ ਹੈ। ਸੰਤਾਂ ਦੀ ਸੰਗਤ ਕਰਕੇ ਜੀਵ ਪਾਪਾਂ ਤੋਂ ਛੁਟਕਾਰਾਂ ਪਾ ਲੈਂਦਾ ਹੈ।

ਕਹੈ ਰਵਿਦਾਸ ਰਾਮ ਜਪਿ ਭਾਈ,
ਸੰਤ ਸਾਖਿ ਦੇ ਬਹੁਰਿ ਨ ਆਊ।।

ਸੰਤ ਇਸ ਗੱਲ ਦੀ ਗਵਾਹੀ ਦਿੰਦੇ ਹਨ ਕਿ ਜੋ ਜੀ ਸੱਚੇ ਮਨੋ ਪ੍ਰਭੂ ਨੂੰ ਸਿਮਰਦਾ ਹੈ, ਹਰਿ ਨੂੰ ਧਿਆਉਂਦਾ ਹੈ ਉਹ ਭਵ-ਸਾਗਰ ਭਾਵ ਸੰਸਾਰ ਤੋਂ ਮੁਕਤ ਹੋ ਜਾਂਦਾ ਹੈ। ਉਹ ਕਦੇ ਦੁਬਾਰਾ ਜਨਮ-ਮਰਨ ਦੇ ਚੱਕਰ ਵਿਚ ਨਹੀਂ ਆਉਂਦਾ।

ਸੰਤ ਤੁਝੀ ਤਨੁ ਸੰਗਤਿ ਪ੍ਰਾਨ

ਸਤਿਗੁਰੂ ਗਿਆਨ ਜਾਨੈ ਸੰਤ ਦੇਵਾ ਦੇਵ।।
ਸੰਤ ਚੀ ਸੰਗਤਿ ਸੰਤ ਕਥਾ ਰਸੁ।।
ਸੰਤ ਪ੍ਰੇਮ ਮਾਝੈ ਦੀਜੈ ਦੇਵਾ ਦੇਵ।।ਰਹਾਉ।।
ਸੰਤ ਆਚਰਣ ਸੰਤ'ਚੋ ਮਾਰਗ ਸੰਤ ਓਲ੍ਗ ਓਲ੍ਗਣੀ।।
ਅਉਰ ਇਕ ਮਾਗਹੁ ਭਗਤਿ ਚਿਤਾਮਣਿ।।
ਜਾਣਿ ਲਖਾਵਹ ਅਸੰਤ ਪਾਪੀ ਸਣਿ।।
ਰਵਿਦਾਸ ਭਣੈ ਜੋ ਜਾਣੈ ਸੋ ਜਾਣੁ
ਸੰਤ ਅਨੰਤਹਿ ਅੰਤਰੁ ਨਾਹੀ।।

ਸਤਿਗੁਰੂ ਰਵਿਦਾਸ ਜੀ ਅੰਮ੍ਰਿਤਬਾਣੀ ਵਿਚ ਫ਼ਰਮਾਉਂਦੇ ਹਨ ਕਿ ਹੇ ਪ੍ਰਮਾਤਮਾ! ਸੰਤ ਆਪ ਦੇ ਸਰੀਰ ਹਨ ਸੰਤਾਂ ਦੀ ਜੋ ਸੰਗਤ ਹੈ ਆਪ ਜੀ ਦੇ ਪ੍ਰਾਣ ਹਨ। ਸਤਿਗੁਰੂ ਗਿਆਨ ਕਾਲ ਤੋਂ ਹੀ ਜਾਣਿਆ ਜਾਂਦਾ ਹੈ। ਸੰਤ ਦੇਵਾਂ ਦੇ ਪੂਜਨੀਕ ਹਨ, ਪ੍ਰਮਾਤਮਾ ਸਰੂਪ ਹਨ। ਹੇ ਦੇਵਾਂ ਦੇ ਦੇਵ ਹਰਿ ਜੀ ਮੈਨੂੰ ਸੰਤਾਂ ਦੀ ਸੰਗਤ, ਸੰਤਾਂ ਦੀ ਕਥਾ ਦਾ ਆਨੰਦ, ਸੰਤਾਂ ਨਾਲ ਪ੍ਰੇਮ ਦੇਣਾ ਕਰੋ ਜੀ। ਸੰਤਾਂ ਵਾਲਾ ਆਚਰਨ ਤੇ ਸੰਤਾਂ ਵਾਲਾ ਸ਼੍ਰੇਸ਼ਟ ਮਾਰਗ ਦਿਓ ਕਿਉਂਕਿ ਸੰਤਾਂ ਦਾ ਮਾਰਗ ਹੀ ਸ਼੍ਰੇਸ਼ਟ ਮਾਰਗ ਹੈ। ਮੈਨੂੰ ਮਨ ਇਛੱਤ ਫਲ ਦੇਣ ਵਾਲੀ ਨਾਮ ਰੂਪੀ ਭਗਤੀ ਦਿਓ ਪਰ ਕਦੇ ਵੀ ਐਸੇ ਜੀਵਾਂ ਦਾ ਜੋ ਸੰਤਾਂ ਦੇ ਉਲਟ ਹਨ ਦਾ ਦਰਸ਼ਨ ਨਾ ਕਰਾਉ ਜੀ। ਇਹ ਸੰਸਾਰੀ ਲੋਕ ਸੰਤਾਂ ਨੂੰ ਜੋ ਮਰਜ਼ੀ ਸਮਝਣ ਪਰ ਸਚਾਈ ਇਹ ਹੈ ਕਿ ਸੰਤ ਅਤੇ ਪਾਰਬ੍ਰਹਮ ਵਿਚ ਕੋਈ ਭੇਦ ਨਹੀਂ ਹੈ। ਸੰਤ ਇਸ ਸੰਸਾਰ ਵਿਚ ਪ੍ਰਮਾਤਮਾ ਦਾ ਹੀ ਸੱਚਾ ਰੂਪ ਹਨ।

ਸਾਧਸੰਗਤਿ ਬਿਨਾ ਭਾਉ ਨਹੀ ਉਪਜੈ
ਭਾਵ ਬਿਨ ਭਗਤਿ ਨਹੀ ਹੋਇ ਤੇਰੀ।।

ਸੱਚੇ ਪਾਰਬ੍ਰਹਮ ਪ੍ਰਭੂ ਜੀ ਸੰਗਤਾਂ ਦੀ ਸੰਗਤ ਦੀ ਏਨੀ ਮਹਾਨਤਾ ਹੈ ਕਿ ਸੰਤਾਂ ਦੀ ਸੰਗਤ ਤੋਂ ਬਿਨਾਂ ਆਪ ਜੀ ਪ੍ਰਤੀ ਪ੍ਰੇਮ ਭਾਵਨਾ ਉਤਪੰਨ ਨਹੀਂ ਹੁੰਦੀ ਤੇ ਪ੍ਰੇਮ ਤੋਂ ਬਿਨਾਂ ਆਪ ਜੀ ਦੇ ਨਾਮ ਦੀ ਭਗਤੀ ਨਹੀਂ ਹੁੰਦੀ।

ਮਿਲਤ ਪਿਆਰੋ ਪ੍ਰਾਨ ਨਾਥੁ ਕਵਨ ਭਗਤਿ ਤੇ,
ਸਾਧ ਸੰਗਤਿ ਪਾਈ ਪਰਮ ਗਤੇ।।ਰਹਾਉ।।

ਸਾਹਾਂ ਤੋਂ ਪਿਆਰਾ ਪ੍ਰਮਾਤਮਾ ਕਿਹੜੀ ਭਗਤੀ ਕਾਰਨ ਪ੍ਰਾਪਤ ਹੁੰਦਾ ਹੈ ? ਕਿਸ ਤਰ੍ਹਾਂ ਮਿਲਦਾ ਹੈ। ਸੰਤਾਂ ਦੀ ਸੰਗਤ ਕਰਕੇ ਜੀਵ ਸਭ ਤੋਂ ਸ਼੍ਰੇਸ਼ਟ ਅਵਸਥਾ ਪ੍ਰਭੂ ਮਿਲਾਪ ਰੂਪੀ ਪਰਮ ਪਦ ਮੁਕਤੀ ਪ੍ਰਾਪਤ ਕਰ ਲੈਂਦਾ ਹੈ।

ਸੰਤਾਂ ਸੰਗ ਨਿਵਾਸ ਕਰ, ਸਾਂਤ ਭਯੋ ਤਿਨ ਚੀਤ।।
ਉਤਪਤ ਕਰੇ ਆਪ ਸਭਿ ਕਰੇ ਪਾਲਣਾ ਨੀਤ।।

ਸਤਿਗੁਰੂ ਰਵਿਦਾਸ ਜੀ ਜੀਵ ਨੂੰ ਸੰਤਾਂ ਦੀ ਸੰਗਤ ਕਰਨ ਦਾ ਸੱਚਾ ਉਪਦੇਸ਼ ਸੁਣਾ ਰਹੇ ਹਨ ਕਿਉਂਕਿ ਸੰਤਾਂ ਦੀ ਸੰਗਤ ਕਰਕੇ ਹੀ ਜੀਵ ਨੂੰ ਮੁਕਤੀ ਮਿਲ ਸਕਦੀ ਹੈ। ਸੰਤ ਮਹਾਂਪੁਰਸ਼ ਪ੍ਰਮਾਤਮਾ ਦਾ ਸੱਚਾ ਨਾਮ ਜਪਾਉਦੇ ਹਨ, ਹਰਿ ਦੀ ਕਥਾ



ਸੁਣਾਉਂਦੇ ਹਨ।

ਕਥਾ ਕਹੈ ਅਰੁ ਅਰਥ ਬਿਚਾਰੈ
ਆਪ ਤਰੈ ਔਰਨ ਕੋ ਤਾਰੈ।।

ਸੰਤਾਂ ਮਹਾਂਪੁਰਸ਼ਾ ਦੀ ਸੰਗਤ ਕਰਕੇ ਜੀਵ ਮੁਕਤ ਹੁੰਦਾ ਹੈ ਕਿਉਂਕਿ ਉਹ ਪ੍ਰਭੂ ਦੇ ਸੱਚੇ ਨਾਮ ਦੀ ਕਥਾ ਕਰਦੇ ਹਨ, ਅਰਥ ਵਿਚਾਰਦੇ ਹਨ। ਪ੍ਰਭੂ ਦਾ ਨਾਮ ਸਿਮਰ ਕੇ ਆਪ ਤਾਂ ਤਰੈ ਹੁੰਦੇ ਹਨ ਤੇ ਸੰਗਤ ਨੂੰ ਵੀ ਤਾਰ ਦਿੰਦੇ ਹਨ। ਸੰਗਤ ਨੂੰ ਵੀ ਹਰਿ ਨਾਲ ਜੋੜ ਕੇ ਭਵ-ਸਾਗਰ ਪਾਰ ਕਰਾ ਦਿੰਦੇ ਹਨ।

"ਬਹੁਤ ਜਨਮ ਬਿਛੁਰੇ ਥੇ ਮਾਧਉ"

ਜਨਮਾਂ ਜਨਮਾਂ ਦਿਆ ਵਿਛੜਿਆਂ ਨੂੰ ਸੰਤ ਮਹਾਤਮਾ ਪ੍ਰਭੂ ਨਾਲ ਮਿਲਾ ਦਿੰਦੇ ਹਨ। ਸੰਤਾਂ ਦੀ ਸੰਗਤ ਕਰਕੇ ਜੀਵ ਹਰਿ ਨਾਮ ਦੇ ਭੰਡਾਰ ਨੂੰ ਪਾ ਲੈਦਾ ਹੈ। ਜਨਮਾਂ ਜਨਮਾਂ ਦੀ ਭਟਕਣਾ ਸੰਤਾਂ ਦੀ ਸ਼ਰਨ ਵਿਚ ਆ ਕੇ ਖਤਮ ਹੋ ਜਾਂਦੀ ਹੈ।

ਸਾਧੂ ਕੀ ਜਉ ਲੇਹਿ ਓਟ
ਤੇਰੇ ਮਿਟਹਿ ਪਾਪ ਸਭ ਕੋਟਿ ਕੋਟਿ
ਕਹਿ ਰਵਿਦਾਸ ਜੋ ਜਪੈ ਨਾਮੁ
ਤਿਸੁ ਜਾਤਿ ਨ ਜਨਮ ਨ ਜੋਨਿ ਕਾਮੁ।।

ਸਤਿਗੁਰੂ ਰਵਿਦਾਸ ਜੀ ਜੀਵ ਨੂੰ ਸਮਝਾਉਂਦੇ ਹੋਏ ਅੰਮ੍ਰਿਤਬਾਣੀ ਵਿਚ ਫ਼ਰਮਾਉਂਦੇ ਹਨ ਕਿ ਜੋ ਜੀਵ ਸੰਤਾਂ ਦਾ ਓਟ ਆਸਰਾ ਲੈਂਦਾ ਹੈ, ਸੰਤਾਂ ਦੇ ਕਹੇ ਬਚਨਾਂ ਤੇ ਅਮਲ ਕਰਦਾ ਹੈ ਉਸ ਦੇ ਕਰੋੜਾਂ-ਕਰੋੜਾਂ ਪਾਪਾਂ ਦਾ ਨਾਸ਼ ਹੋ ਜਾਂਦਾ ਹੈ। ਜੋ ਇਸ ਸੰਸਾਰ ਵਿਚ ਪ੍ਰਭੂ ਦਾ ਸੱਚਾ ਨਾਮ ਜੱਪਦਾ ਹੈ ਉਹ ਜਾਤ, ਜਨਮ, ਜੂਨ ਦੇ ਚੱਕਰਾਂ ਤੋਂ ਮੁਕਤ ਹੋ ਜਾਂਦਾ ਹੈ ਭਾਵ ਕਿ ਜਨਮ ਮਰਨ ਦੇ ਚੱਕਰ ਤੋਂ ਛੁੱਟ ਜਾਂਦਾ ਹੈ। ਸਤਿਗੁਰੂ ਜੀ ਸੰਤਾਂ ਦੀ ਸੰਗਤ ਦਾ ਸੱਚਾ ਉਪਦੇਸ਼ ਦਿੰਦੇ ਹਨ। ਸਤਿਗੁਰੂ ਰਵਿਦਾਸ ਜੀ ਜੀਵ ਨੂੰ ਸੰਤਾਂ ਦੀ ਸੰਗਤ ਕਰਨ ਦੀ ਪ੍ਰੇਰਨਾ ਦੇ ਰਹੇ ਹਨ। ਸੱਚਾ ਮਾਰਗ ਦਿਖਾ ਰਹੇ ਹਨ। ਸੰਤਾਂ ਤੋਂ ਉਲਟ ਮਾਰਗ ਤੇ ਜਾਣ ਨੂੰ ਰੋਕ ਰਹੇ ਹਨ। ਸੰਤਾਂ ਮਹਾਂਪੁਰਸ਼ਾਂ ਦੀ ਨਿੰਦਿਆਂ ਕਰਨ ਤੋਂ ਮਨ੍ਹਾ ਕਰ ਰਹੇ ਹਨ। ਸੰਤਾਂ ਦੇ ਉਪਦੇਸ਼ ਜੇਕਰ ਮੰਨ ਕੇ ਚੱਲਾਂਗੇ ਤਾਂ ਜਿਉਂਦੇ ਜੀਅ ਮੁਕਤ ਹੋ ਜਾਣਾ ਹੈ। ਕਿਉਂਕਿ ਸੰਤ ਸੱਚ ਦੇ ਅੰਤ ਤੱਕ ਪੁੱਜੀ ਅਵਸਥਾ ਦਾ ਨਾਮ ਹੈ। ਜੀਵ ਇਸ ਅਵਸਥਾ ਦੀ ਨਿੰਦਾ ਕਰਦਾ ਹੈ ਜਿਸਤੋਂ ਸਤਿਗੁਰੂ ਅੰਮ੍ਰਿਤਬਾਣੀ ਰਾਹੀਂ ਰੋਕ ਰਹੇ ਹਨ।

ਸਾਧ ਕਾ ਨਿੰਦਕ ਕੈਸੇ ਤਰੈ।।
ਸਰਪਰ ਜਾਨਹੁ ਨਰਕ ਹੀ ਪਰੈ।।ਰਹਾਉ।।

ਸੰਤਾਂ ਦੀ ਨਿੰਦਿਆਂ ਕਰਨ ਵਾਲਾ ਜੀਵ ਕਦੇ ਵੀ ਨਹੀਂ ਤਰ ਸਕਦਾ। ਭਵ-ਸਾਗਰ ਕਦੇ ਵੀ ਨਹੀਂ ਪਾਰ ਕਰ ਸਕਦਾ। ਸੰਤਾਂ ਦੇ ਨਿੰਦਕ ਨਿਰਸੰਦੇਹ ਨਰਕਾਂ ਵਿਚ ਪੈਣਗੇ ਕਿਉਂਕਿ ਸੰਤਾਂ ਦੀ ਨਿੰਦਿਆਂ ਪ੍ਰਭੂ ਦੀ ਨਿੰਦਿਆ ਹੈ। ਸੰਤ ਹਰਿ ਦਾ ਰੂਪ ਹਨ। ਸੰਤ ਮਹਾਤਮਾ ਪ੍ਰਭੂ ਦਾ ਅਵਤਾਰ ਹੁੰਦੇ ਹਨ। ਸੰਤਾਂ ਦੀ ਨਿੰਦਿਆ ਕਰਨ ਵਾਲਾ

ਇਨਸਾਨ ਕਈ ਜਨਮਾਂ ਵਿਚ ਘੁੰਮਦਾ ਰਹਿੰਦਾ ਹੈ। ਇਹ ਸੱਚ ਉਪਦੇਸ਼ ਸੁਣ ਸਮਝ ਕੇ ਵੀ ਕੁਝ ਨਿੰਦਕ ਸੰਤਾਂ ਦੀ ਨਿੰਦਿਆ ਕਰਦੇ ਹਨ। ਸੰਤਾਂ ਤੇ ਹਮਲੇ ਕਰਦੇ ਹਨ। ਜਿਵੇਂ ਸੰਤ ਨਿਰੰਜਨ ਦਾਸ ਜੀ ਤੇ ਸੰਤ ਰਾਮਾ ਨੰਦ ਜੀ ਤੇ ਹਮਲਾ ਕੀਤਾ ਗਿਆ। ਜਿਸ ਵਿਚ ਸੰਤ ਨਿਰੰਜਨ ਦਾਸ ਜੀ ਜ਼ਖ਼ਮੀ ਤੇ ਸੰਤ ਰਾਮਾ ਨੰਦ ਜੀ ਸ਼ਹੀਦ ਹੋ ਗਏ। ਸੰਤ ਰਾਮਾਨੰਦ ਜੀ ਸਤਿਗੁਰੂ ਰਵਿਦਾਸ ਜੀ ਦੀ ਅੰਮ੍ਰਿਤਬਾਣੀ ਦਾ ਪ੍ਰਚਾਰ ਕਰ ਰਹੇ ਸਨ। ਸੱਚ ਦਾ ਪ੍ਰਚਾਰ ਕਰ ਰਹੇ ਸਨ। ਪਰ ਕੁਝ ਸੰਤ ਦੋਖੀ ਮਾਨਵ ਵਿਰੋਧੀ ਵਿਚਾਰਾਂ ਵਾਲੇ ਲੋਕਾਂ ਨੇ ਸੰਤਾਂ ਤੇ ਕਾਇਰਤਾ ਪੂਰਨ ਹਮਲਾ ਕੀਤਾ। ਜੋ ਸਮੁੱਚੇ ਵਿਸ਼ਵ ਵਿਚ ਨਿੰਦਿਆ ਗਿਆ। ਸੰਤ ਰਾਮਾ ਨੰਦ ਜੀ ਡੇਰਾ ਸੱਚਖੰਡ ਬੱਲਾਂ ਦੇ ਮਹਾਨ ਸੰਤ ਬਾਬਾ ਪਿੱਪਲ ਦਾਸ ਜੀ, ਮਹਾਨ ਸੰਤ ਸਰਵਣ ਦਾਸ ਜੀ, ਮਹਾਨ ਸੰਤ ਹਰੀ ਦਾਸ ਜੀ, ਮਹਾਨ ਸੰਤ ਗਰੀਬ ਦਾਸ ਜੀ, ਮੌਜੂਦਾ ਗੱਦੀ ਨਸ਼ੀਨ ਸੰਤ ਨਿਰੰਜਨ ਦਾਸ ਜੀ ਦੇ ਦਰਸਾਏ ਮਾਰਗ ਤੇ ਚੱਲ ਕੇ ਸਤਿਗੁਰੂ ਰਵਿਦਾਸ ਜੀ ਦੀ ਵਿਸ਼ਵ ਵਿਆਪੀ ਵਿਚਾਰਧਾਰਾ ਦਾ ਪ੍ਰਸਾਰ ਤੇ ਪ੍ਰਚਾਰ ਕਰ ਰਹੇ ਸਨ। ਸਾਰੀ ਵਿਖਰੀ ਪਈ ਕੌਮ ਨੂੰ ਇਕ ਮਾਲਾ ਵਿਚ ਪਰੋਣ ਦਾ ਕੰਮ ਕਰ ਰਹੇ ਸਨ। ਦੁਖੀ ਨਿਮਾਣੀ ਕੌਮ ਨੂੰ, ਅਗਿਆਨ ਕੌਮ ਦਿਆ ਲੋਕਾਂ ਨੂੰ ਗਿਆਨ ਦਾ ਚਾਨਣ ਦੇ ਰਹੇ ਸਨ। ਸਮਾਜ ਵਿਚ ਆਤਮ ਸਨਮਾਨ ਜਗਾਉਣ ਵਾਸਤੇ ਸਤਿਗੁਰੂ ਰਵਿਦਾਸ ਜੀ ਦੇ ਜਨਮ ਅਸਥਾਨ ਨੂੰ ਸੋਨੇ ਵਿਚ ਮੜ੍ਹਨ ਦਾ ਕਾਰਜ ਆਰੰਭ ਕਰ ਰਹੇ ਸਨ। ਪਰ ਮਾਨਵ ਵਿਰੋਧੀਆਂ ਨੂੰ ਇਹ ਨਹੀਂ ਭਾਇਆ ਉਹਨਾਂ ਨੇ ਪਰਉਪਕਾਰੀ ਸੰਤਾਂ ਤੇ ਹਮਲਾ ਕੀਤਾ। ਜੋ ਸੰਤ ਵਿਸ਼ਵ ਨੂੰ ਪਿਆਰ ਦੀ ਬੋਲੀ ਫੁੱਲਾਂ ਜਿਹੀ ਕੋਮਲਤਾ ਦਿੰਦੇ ਸਨ ਉਹਨਾਂ ਤੇ ਗੋਲੀਆਂ ਛੁਰੀਆਂ ਨਾਲ ਹਮਲਾ ਕੀਤਾ। ਸਤਿਗੁਰੂ ਰਵਿਦਾਸ ਜੀ ਦਾ ਮਿਸ਼ਨ ਰੋਕਣ ਦਾ ਯਤਨ ਕੀਤਾ। ਐਸੇ ਨਿੰਦਕਾਂ ਲਈ ਨਿਰਸੰਦੇਹ ਇਹ ਜਹਾਨ ਨਰਕਾਂ ਤੋਂ ਵੀ ਭੈੜਾ ਹੋਵੇਗਾ ਤੇ ਅਗਲੇ ਜਹਾਨ ਵੀ ਨਰਕ ਮਿਲਣਗੇ। ਅੱਜ ਸਾਡੇ ਸਮੁੱਚੇ ਸਮਾਜ ਨੇ ਸਤਿਗੁਰੂ ਰਵਿਦਾਸ ਜੀ ਦੀ ਅੰਮ੍ਰਿਤਬਾਣੀ ਤੇ ਅਮਲ ਕਰਕੇ ਆਪਣਾ ਜੀਵਨ ਸਫ਼ਲ ਕਰਨਾ ਹੈ। ਸੰਤਾਂ ਦੀ ਸੰਗਤ ਕਰਦਿਆਂ ਮੁਕਤ ਹੋਣਾ, ਹਰਿ ਦੇ ਸੱਚੇ ਸੰਤਾਂ ਦੇ ਬਚਨਾਂ ਤੇ ਅਮਲ ਕਰਕੇ ਮੁਕਤੀ ਪ੍ਰਾਪਤ ਕਰਨੀ ਹੈ।

ਜਬ ਲਗ ਨਦੀ ਨ ਸਮੁੰਦ ਸਮਾਵੈ ਤਬ ਲਗ ਬਢੈ ਹੰਕਾਰ।।
ਜਬ ਮਨ ਮਿਲਿਓ ਰਾਮ ਸਾਗਰ ਸੋ ਤਬ ਯਹ ਮਿਟੀ ਪੁਕਾਰ।।

ਜਦ ਤੱਕ ਨਦੀ ਆਪਣੇ ਹੰਕਾਰ ਵਿਚ ਰਹਿੰਦੀ ਹੈ ਉਹ ਸਮੁੰਦਰ ਵਿਚ ਨਹੀਂ ਮਿਲ ਪਾਉਂਦੀ ਉਦੋਂ ਤੱਕ ਖੂਬ ਵੇਗ ਨਾਲ ਚਲਦੀ ਹੈ। ਬੜਾ ਸ਼ੋਰ ਮਚਾਉਂਦੀ ਹੈ। ਹੜ੍ਹ ਲਿਆਉਦੀ ਹੈ। ਮਿੱਟੀ ਕੱਢਦੀ ਹੈ। ਪਰ ਜਦੋਂ ਸਮੁੰਦਰ ਵਿਚ ਸਮਾਉਂਦੀ ਹੈ ਤਾਂ ਸਮੁੰਦਰ ਦਾ ਰੂਪ ਹੋ ਜਾਂਦੀ ਹੈ। ਜਦੋਂ ਜੀਵ ਮਨ ਦਾ ਹੰਕਾਰ ਤਿਆਗ ਪ੍ਰਮਾਤਮਾ ਦੇ ਦਰ ਤੇ ਜਾਂਦਾ ਹੈ ਉਦੋਂ ਉਹ ਪ੍ਰਮਾਤਮਾ ਦਾ ਹੀ ਰੂਪ ਹੋ ਜਾਂਦਾ ਹੈ। ਸਾਰੀ ਪੁਕਾਰ ਸਮਾਪਤ ਹੋ ਜਾਂਦੀ ਹੈ।

ਹਰਿ ਗੁਰ ਸਾਧ ਸਮਾਨ ਚਿਤ ਨਿਤ ਆਗਾਮ ਤੱਤ ਮੂਲ।।



ਇਨ ਬਿਚ ਅੰਤਰ ਜਿਨ ਪਰੌ ਕਰਵਤ ਸਹਨ ਕਬੂਲ।।

ਅੱਜ ਪ੍ਰਮਾਤਮਾ ਨਾਲ ਜੋੜਨ ਲਈ ਸੰਤ ਮਹਾਂਪੁਰਸ਼ ਆਪਣੇ ਪ੍ਰਵਚਨਾਂ ਦੀ ਵਰਖਾ ਕਰ ਰਹੇ ਹਨ। ਅੱਜ ਸੰਤ ਜੋ ਸੱਚ ਦੇ ਅੰਤ ਨੂੰ ਜਾਣ ਗਏ, ਸਚਾਈ ਦੇ ਲੜ ਲਾ ਰਹੇ ਹਨ। ਅੱਜ ਸੰਤ ਜੋ ਹਰਿ ਹਰਿ ਨਾਮ ਜਪਾ ਰਹੇ ਹਨ। ਸਤਿਗੁਰੂ ਰਵਿਦਾਸ ਜੀ ਦੀ ਵਿਸ਼ਵ ਵਿਆਪੀ ਵਿਚਾਰਧਾਰਾ ਨੂੰ ਫੈਲਾਉਣ ਲਈ ਰਵਿਦਾਸੀਆ ਧਰਮ ਦਾ ਪ੍ਰਚਾਰ ਕਰ ਰਹੇ ਹਨ ਤੇ ਹਰਿ ਦੇ ਝੰਡੇ ਝੁਲਾ ਰਹੇ ਹਨ। ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ ਦੇ ਜਾਪ ਕਰਵਾ ਰਹੇ ਹਨ। ਅੱਜ ਸਮੁੱਚੇ ਸਮਾਜ ਨੂੰ ਰਵਿਦਾਸੀਆ ਧਰਮ ਦਾ ਪ੍ਰਚਾਰ ਕਰਦਿਆ ਸਤਿਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਨੂੰ ਸਮਝ ਕੇ ਸੂਝ ਬੂਝ ਨਾਲ ਸੰਤ ਤੇ ਅਸੰਤ ਵਿਚਲਾ ਫਰਕ ਸਮਝਣਾ ਪਵੇਗਾ। ਸਤਿਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਦਾ ਵਿਕਾਸ ਕਰ ਰਹੇ ਸੰਤ ਮਹਾਂਪੁਰਸ਼ ਤੇ ਸਤਿਗੁਰੂ ਰਵਿਦਾਸ ਮਿਸ਼ਨ ਵਿਚ ਰੁਕਾਵਟ ਨੂੰ ਸਮਝ ਕੇ ਅੰਤਰ ਜਾਣ ਅਸੀਂ ਕਿਸੇ ਮੰਜਿਲ ਤੇ ਜਾ ਸਕਦੇ ਹਾਂ ਜਾਂ ਇਕ ਰਾਹ ਤੇ। ਜੋ ਸੰਤ ਦੇ ਰਹੇ ਹਨ 'ਬੇਗਮਪੁਰੇ ਦੀ ਮੰਜ਼ਿਲ', ਦੂਸਰਾ ਉਹੀ ਸਦੀਆਂ ਪੁਰਾਣੀ ਗੁਲਾਮੀ - ਫੈਸਲਾ ਸਮਾਜ ਨੇ ਕਰਨਾ ਹੈ। ਵੇਖਿਓ ਕਿਤੇ ਫੈਸਲੇ ਵਿੱਚ ਦੇਰ ਨਾ ਕਰ ਦਿਓ, ਆਉ ਡੇਰਾ ਸੱਚਖੰਡ ਬੱਲਾਂ ਦੇ ਮਹਾਂਪੁਰਸ਼ਾਂ ਦੇ ਚਰਨਾਂ ਨਾਲ ਜੁੜ ਕੇ ਰਵਿਦਾਸੀਆ ਧਰਮ ਦਾ ਪ੍ਰਚਾਰ ਕਰੀਏ। *************

# ਡੇਰਾ ਸੱਚਖੰਡ ਬੱਲਾਂ ਵਲੋਂ ਪ੍ਰਕਾਸ਼ਿਤ ਪੁਸਤਕਾਂ

1. ਜਗਤਗੁਰੂ ਰਵਿਦਾਸ ਅੰਮ੍ਰਿਤਬਾਣੀ (ਗੁਟਕਾ) ਪੰਜਾਬੀ
2. जगतगुरु रविदास अमृतवाणी ( गुटका )
3. ਜਗਤਗੁਰੂ ਰਵਿਦਾਸ ਅੰਮ੍ਰਿਤ ਬਾਣੀ (ਗੁਟਕਾ) (ਨਿਤਨੇਮ)
4. जगतगुरु रविदास अमृतवाणी ( गुटका ) ( नितनेम )
5. ਸੁਖਸਾਗਰ (ਪੰਜਾਬੀ)
6. सुखसागर ( हिन्दी )
7. श्री गुरु रविदास अमृत वाणी —संत रामा नंद जी
8. श्री गुरु रविदास दर्शन एवं मीरा पदावली —संत रामा नंद जी
9. ਜਗਤਗੁਰੂ ਰਵਿਦਾਸ ਅੰਮ੍ਰਿਤ ਬਾਣੀ (ਸਟੀਕ ਤੇ ਸੰਖੇਪ ਜੀਵਨ) -ਸੰਤ ਸੁਰਿੰਦਰ ਦਾਸ ਬਾਵਾ ਜੀ
10. जगत्गुरु रविदास अमृत वाणी ( स्टीक एवं संक्षिप्त जीवन ) हिन्दी -संत सुरिन्दर दास बावा जी
11. नितनेमअमृत वाणी जगतगुरु रविदास जी ( स्टीक )हिन्दी -संत सुरिन्दर दास बावा जी
12. ਨਿਤਨੇਮ ਅੰਮ੍ਰਿਤ ਬਾਣੀ ਜਗਤਗੁਰੂ ਰਵਿਦਾਸ ਜੀ (ਸਟੀਕ) ਪੰਜਾਬੀ -ਸੰਤ ਸੁਰਿੰਦਰ ਦਾਸ ਬਾਵਾ ਜੀ
13. जगत्गुरु रविदास महाराज जी की पावन जीवन कथाएँ -संत सुरिन्दर दास बावा जी
14. अमृतवाणी सतगुरु रविदास महाराज जी सटीक -संत सुरिन्दर दास बावा जी
15. ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ—ਸੰਤ ਸੁਰਿੰਦਰ ਦਾਸ ਬਾਵਾ ਜੀ
16. ਜਗਤਗੁਰੂ ਰਵਿਦਾਸ ਮਹਾਰਾਜ ਜੀ ਦਾ ਸੰਖੇਪ ਜੀਵਨ -ਸੰਤ ਸੁਰਿੰਦਰ ਦਾਸ ਬਾਵਾ ਜੀ
17. ਗੁਰੂ ਉਪਦੇਸ਼ —ਕਵੀ ਤੋਤਾ ਰਾਮ ਪੰਛੀ (ਮੁਕੇਰੀਆਂ)
18. ਜਨਮ ਸਾਖੀ 'ਸ਼੍ਰੀ ਗੁਰੂ ਰਵਿਦਾਸ ਜੀ' ਅਰਥਾਤ ਤਵਾਰੀਖ਼ ,,
19. ਸੰਤ ਉਸਤਤ —ਕਵੀ ਕਰਮ ਚੰਦ ਪ੍ਰੇਮੀ (ਆਬਾਦੀ)
20. ਮਹਿਮਾ ਦਰਬਾਰ ਸੱਚਖੰਡ ਬੱਲਾਂ ,,
21. ਡੇਰਾ ਸੱਚਖੰਡ ਬੱਲਾਂ — ਗਿਆਨੀ ਬਿਸ਼ਨਾ ਰਾਮ ਵਿਰਦੀ
22. ਡੇਰਾ ਸੱਚਖੰਡ ਬੱਲਾਂ ਦੀ ਇਤਿਹਾਸਕ ਗਾਥਾ —ਸ਼੍ਰੀ ਕਾਂਸ਼ੀ ਰਾਮ ਕਲੇਰ (ਜੰਡੂ ਸਿੰਘਾ)
23. ਗੁਰੂ ਰਵਿਦਾਸ ਚਮਤਕਾਰ —ਸ਼੍ਰੀ ਚਰਨ ਸਿੰਘ ਸਫ਼ਰੀ
24. ਅੰਮ੍ਰਿਤ ਸਰੋਤ ਸ਼੍ਰੀ ਗੁਰੂ ਰਵਿਦਾਸ ਬਾਣੀ —ਸ਼੍ਰੀ ਅਮਰ ਨਾਥ ਕੌਸਤਵ
25. ਪਾਵਨ ਗਾਥਾ ਸ੍ਰੀ ਗੁਰੂ ਰਵਿਦਾਸ ਜੀ —ਡਾ. ਜਸਬੀਰ ਸਿੰਘ ਸਾਬਰ
26. ਸਗਲ ਭਵਨ ਕੇ ਨਾਇਕਾ —ਡਾ. ਕ੍ਰਿਸ਼ਨਾ ਕਲਸੀਆ
27. ਅਮਰ ਜੋਤਾਂ —ਕਵੀ ਭਗਤ ਰਾਮ ਦੀਵਾਨਾ
28. ਵਿਦੇਸ਼ ਯਾਤਰਾ (ਭਾਗ-1) —ਸ਼੍ਰੀ ਅਜੀਤ ਕੁਮਾਰ ਕੰਵਲ (ਯੂ. ਕੇ.)
29. ਵਿਦੇਸ਼ ਯਾਤਰਾ (ਭਾਗ-2) —ਸ਼੍ਰੀ ਅਜੀਤ ਕੁਮਾਰ ਕੰਵਲ (ਯੂ. ਕੇ.)



30. **The Holy Hymns and Miracles of Guru Ravidass Ji** -Mr. Satpal Jassi & Mr. Chain Ram Suman
31. **Miracles of Jagatguru Ravidass Ji** -Mr. Chain Ram Suman
32. ਇਹੁ ਜਨਮ ਤੁਮ੍ਹਾਰੇ ਲੇਖੇ —ਡਾ. ਕੁਲਵੰਤ ਕੌਰ
33. ਸਤਿ ਭਾਖੈ ਰਵਿਦਾਸ — ਸ਼੍ਰੀ ਗੁਰਦੇਵ ਸਿੰਘ
34. सटीक-श्री गुरू रविदास जी -संत वीर सिंह हितकारी, संत सुंदर दास शास्त्री
35. ਜਗਤਗੁਰੂ ਰਵਿਦਾਸ ਸੰਪ੍ਰਦਾਇ ਸੰਤ ਤੇ ਸਾਧਨਾ ਸਥੱਲ —ਸ਼੍ਰੀ ਸੋਮਨਾਥ ਭਾਰਤੀ
36. रविदासिया धर्म एवं डेरा सच्चखण्ड बल्लां -सिरी राम अर्श
37. **Amritbani Satguru Ravidass Maharaj English Translation by** Siri Ram Arsh
38. रविदासिया धर्म एवं हरि का निशान -राजेश भबियाणवी
39. ਰਵਿਦਾਸੀਆ ਧਰਮ ਤੇ ਹਰਿ ਦਾ ਨਿਸ਼ਾਨ —ਰਾਜੇਸ਼ ਭਬਿਆਣਵੀ